# ਫ਼. ਏਂਗਲਜ਼

# ਰਿਹਾਇਸ਼ੀ ਘਰਾਂ ਦਾ ਸਵਾਲ



ਸਾਰੇ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!

ਫ਼ਰੈਡਰਿਕ ਏਂਗਲਜ਼

# ਰਿਹਾਇਸ਼ੀ ਘਰਾਂ ਦਾ ਸਵਾਲ

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ ਰਾਹੁਲ ਫਾਉਂਡੇਸ਼ਨ-ਲਖਨਊ)

ਰਿਹਾਇਸ਼ੀ ਘਰਾਂ ਦਾ ਸਵਾਲ ( ਫ਼ਰੈਡਰਿਕ ਏਂਗਲਜ਼)
On Housing Question (Frederick Engels)

ਪਹਿਲੀ ਵਾਰ — ਜਨਵਰੀ 2010

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ-ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ-226006

**ਕੀਮਤ : 35 ਰੁਪਏ**

# ਤਤਕਰਾ

ਦੂਜੇ ਐਡੀਸ਼ਨ ਦਾ ਮੁਖਬੰਧ ........................................................ 4

**ਘਰਾਂ ਦਾ ਸਵਾਲ**

**ਭਾਗ ਪਹਿਲਾ**

ਪਰੂਧੋਂ ਘਰਾਂ ਦਾ ਸਵਾਲ ਕਿਵੇਂ ਹੱਲ ਕਰਦਾ ਹੈ .................................. 15

**ਭਾਗ ਦੂਜਾ**

ਬੁਰਜੂਆਜ਼ੀ ਘਰਾਂ ਦਾ ਸਵਾਲ ਕਿਵੇਂ ਹੱਲ ਕਰਦੀ ਹੈ ............................ 38

**ਭਾਗ ਤੀਜਾ**

ਪਰੂਧੋਂ ਅਤੇ ਘਰਾਂ ਦੇ ਸਵਾਲ ਬਾਰੇ ਜ਼ਮੀਮਾ ...................................... 77

# ਦੂਜੇ ਐਡੀਸ਼ਨ ਦਾ ਮੁਖਬੰਧ

ਹੇਠਾਂ ਦਿੱਤੀ ਜਾ ਰਹੀ ਰਚਨਾ ਤਿੰਨ ਲੇਖਾਂ ਦੀ ਮੁੜ ਕੇ ਕੀਤੀ ਗਈ ਛਾਪ ਹੈ ਜਿਹੜੇ ਮੈਂ 1872 ਲੀਪਜ਼ਿਗ ਵੋਲਕਸਤਾਤ ਲਈ ਲਿਖੇ ਸਨ। ਐਨ ਉਸੇ ਸਮੇਂ ਕਰੋੜਾਂ ਦਾ ਫ਼ਰਾਂਸੀਸੀ ਧਨ ਧੜਾ ਧੜ ਜਰਮਨੀ ਵਿੱਚ ਆਉਣਾ ਸ਼ੁਰੂ ਹੋ ਗਿਆ ਸੀ। ਜਨਤਕ ਕਰਜ਼ੇ ਮੋੜੇ ਗਏ, ਕਿਲ੍ਹਿਆਂ ਤੇ ਬਾਰਕਾਂ ਦੀ ਉਸਾਰੀ ਕੀਤੀ ਗਈ, ਹਥਿਆਰਾਂ ਤੇ ਜੰਗੀ ਸਾਮਾਨ ਦੇ ਸਟਾਕ ਮੁੜ ਨਵੇਂ ਕੀਤੇ ਗਏ; ਅਤੇ ਪ੍ਰਾਪਤ ਪੂੰਜੀ ਤੇ ਉਸੇ ਤਰ੍ਹਾਂ ਗੇੜ ਵਿਚਲੇ ਧਨ ਦੀ ਮਿਕਦਾਰ ਵਿੱਚ ਇੱਕਦਮ ਤੇਜ਼ ਵਾਧਾ ਹੋਇਆ ਅਤੇ ਇਹ ਸਾਰਾ ਕੁੱਝ ਅਜਿਹੇ ਸਮੇਂ ਹੋਇਆ ਜਦੋਂ ਜਰਮਨੀ ਸੰਸਾਰ ਪਿੜ ਵਿੱਚ ਕੇਵਲ ਇੱਕ "ਜਥੇਬੰਦ ਸਲਤਨਤ" ਵਜੋਂ ਹੀ ਨਹੀਂ ਸਗੋਂ ਇੱਕ ਮਹਾਨ ਸਨਅਤੀ ਦੇਸ਼ ਵਜੋਂ ਵੀ ਪ੍ਰਵੇਸ਼ ਕਰ ਰਿਹਾ ਸੀ। ਇਹਨਾਂ ਕਰੋੜਾਂ ਨੇ ਉਹਦੀ ਨਵ ਉਮਰ ਵੱਡ-ਪੱਧਰੀ ਸਨਅਤ ਨੂੰ ਸ਼ਕਤੀਸਾਲੀ ਉਤਸ਼ਾਹ ਦਿੱਤਾ ਅਤੇ ਇਹ ਸਭ ਤੋਂ ਵੱਧ ਉਹੀ ਸਨ ਜਿਹੜੇ ਥੋੜ੍ਹ ਚਿਰੀ ਖੁਸ਼ਹਾਲੀ ਲਈ ਜਿਹੜੀ ਖੁਸ਼ਹਾਲੀ ਭੁਲੇਖਿਆਂ ਭਰੀ ਸੀ, ਜੋ ਜੰਗ ਤੋਂ ਮਗਰੋਂ ਆਈ ਅਤੇ ਉਸ ਵੱਡੀ ਆਫ਼ਤ ਲਈ ਜ਼ਿੰਮੇਵਾਰ ਸੀ ਜੋ 1873-74 ਵਿੱਚ ਤੁਰੰਤ ਹੀ ਮਗਰੋਂ ਵਾਪਰੀ, ਜਿਸ ਕਾਰਨ ਜਰਮਨੀ ਨੇ ਆਪਣੇ ਆਪ ਨੂੰ ਅਜਿਹੇ ਸਨਅਤੀ ਦੇਸ਼ ਵਜੋਂ ਸਿੱਧ ਕੀਤਾ ਜਿਹੜਾ ਸੰਸਾਰ ਮੰਡੀ ਵਿੱਚ ਆਪਣੇ ਪੈਰਾਂ ਉੱਤੇ ਆਪ ਖਲੋਣ ਦੇ ਸਮਰੱਥ ਹੈ।

ਉਹ ਦੌਰ ਜਿਸ ਵਿੱਚ ਪੁਰਾਣੇ ਸੱਭਿਆਚਾਰ ਵਾਲ਼ਾ ਇੱਕ ਦੇਸ਼ ਮਾਲ਼ ਦੀ ਤਿਆਰੀ ਤੇ ਛੋਟੇ ਪੱਧਰ ਦੀ ਪੈਦਾਵਾਰ ਤੋਂ ਵੱਡ ਪੱਧਰੀ ਸਨਅਤ ਵੱਲ ਤਬਦੀਲੀ ਕਰਦਾ ਹੈ, ਤਬਦੀਲੀ ਜੋ ਅਜਿਹੇ ਸੁਖਾਵੇਂ ਹਾਲਾਤ ਵਿੱਚ ਤੇਜ਼ੀ ਫੜਦੀ ਹੈ, ਜਿਸ ਦੇ ਨਾਲ਼ ਹੀ ਮੁੱਖ ਰੂਪ ਵਿੱਚ "ਰਿਹਾਇਸ਼ੀ ਘਰਾਂ ਦੀ ਘਾਟ" ਵਾਲ਼ਾ ਦੌਰ ਸ਼ੁਰੂ ਹੁੰਦਾ ਹੈ। ਇੱਕ ਪਾਸੇ ਤਾਂ ਪੇਂਡੂ ਮਜ਼ਦੂਰਾਂ ਦੇ ਜਨਸਮੂਹ ਅਚਾਨਕ ਹੀ ਵੱਡੇ ਸ਼ਹਿਰਾਂ ਵਿੱਚ, ਜਿਹੜੇ ਸਨਅਤੀ ਕੇਂਦਰਾਂ ਵਿੱਚ ਵਿਕਾਸ ਕਰ ਜਾਂਦੇ ਹਨ, ਖਿੱਚੇ ਜਾਂਦੇ ਹਨ ਅਤੇ ਦੂਜੇ ਪਾਸੇ, ਇਹਨਾਂ ਪੁਰਾਣੇ ਸ਼ਹਿਰਾਂ ਦਾ ਉਸਾਰੀ ਪ੍ਰਬੰਧ ਨਵੀਂ ਵੱਡ ਪੱਧਰੀ ਸਨਅਤ ਨਾਲ਼ ਅਤੇ ਉਸ ਨਾਲ਼ ਸਬੰਧਤ ਟਰੈਫਿਕ ਨਾਲ਼ ਮੇਲ ਨਹੀਂ ਖਾਂਦਾ; ਸੜਕਾਂ ਚੌੜੀਆਂ ਕੀਤੀਆਂ ਜਾਂਦੀਆਂ ਹਨ, ਨਵੀਆਂ ਸੜਕਾਂ ਬਣਾਈਆਂ ਜਾਂਦੀਆਂ ਹਨ ਅਤੇ ਉਹਨਾਂ ਵਿੱਚੋਂ ਦੀ ਰੇਲ ਗੱਡੀਆਂ ਇੱਕ ਤੋਂ ਦੂਜੇ ਸਿਰੇ ਤੱਕ ਚੱਲਦੀਆਂ ਹਨ। ਉਸੇ ਸਮੇਂ ਜਦੋਂ ਮਜ਼ਦੂਰਾਂ ਦੇ ਠੱਠ ਦੇ ਠੱਠ ਸ਼ਹਿਰਾਂ ਵੱਲ ਧਾਈ ਕਰਦੇ ਹਨ, ਮਜ਼ਦੂਰਾਂ ਦੇ ਰਿਹਾਇਸ਼ੀ ਘਰ ਵੱਡੇ ਪੈਮਾਨੇ ਉੱਤੇ ਢਾਹੇ ਜਾਂਦੇ ਹਨ। ਇਸੇ ਲਈ ਮਜ਼ਦੂਰਾਂ ਲਈ, ਉਹਨਾਂ ਛੋਟੇ ਵਪਾਰੀਆਂ ਤੇ ਛੋਟੇ ਕਾਰਖਾਨੇਦਾਰਾਂ ਲਈ ਜੋ ਮਜ਼ਦੂਰ ਦੀ ਗਾਹਕੀ ਉੱਤੇ ਨਿਰਭਰ ਕਰਦੇ ਹਨ, ਰਿਹਾਇਸ਼ੀ ਘਰਾਂ ਦੀ ਘਾਟ ਇੱਕਦਮ ਪੈਦਾ ਹੋ ਜਾਂਦੀ ਹੈ। ਉਨਾਂ ਸ਼ਹਿਰਾਂ ਵਿੱਚ ਜਿਹੜੇ ਮੁੱਢ ਤੋਂ ਹੀ

ਸਨਅਤੀ ਕੇਂਦਰਾਂ ਵਜੋਂ ਵਿਕਸਿਤ ਹੋਏ ਹੁੰਦੇ ਹਨ, ਘਰਾਂ ਦੀ ਇਹ ਘਾਟ ਪੈਦਾ ਨਹੀਂ ਹੁੰਦੀ; ਮਿਸਾਲ ਵਜੋਂ ਮਾਨਚੈਸਟਰ, ਲੀਡਜ਼, ਬਰੈਡਫ਼ੋਰਡ, ਬਾਰਮੇਨ-ਐਲਬਰਫੈਲਡ ਦੂਜੇ ਪਾਸੇ ਲੰਡਨ, ਪੈਰਿਸ, ਬਰਲਿਨ ਤੇ ਵੀਆਨਾ ਵਿੱਚ ਇਹ ਘਾਟ ਉਸ ਸਮੇਂ ਬੜਾ ਗੰਭੀਰ ਰੂਪ ਧਾਰਨ ਕਰ ਗਈ ਸੀ ਅਤੇ ਬਹੁਤਾ ਕਰਕੇ ਇਹ ਹੁਣ ਵੀ ਗੰਭੀਰ ਰੂਪ ਵਿੱਚ ਮੌਜੂਦ ਹੈ।

ਇਸ ਵਾਸਤੇ ਉਹ ਘਰਾਂ ਦੀ ਗੰਭੀਰ ਘਾਟ, ਜਰਮਨੀ ਵਿੱਚ ਵਾਪਰ ਰਹੇ ਸਨਅਤੀ ਇਨਕਲਾਬ ਦਾ ਇੱਕ ਚਿੰਨ੍ਹ ਹੀ ਸੀ ਜਿਸ ਨਾਲ਼ "ਰਿਹਾਇਸ਼ੀ ਘਰਾਂ ਦੇ ਸਵਾਲ" ਬਾਰੇ ਕਿਤਾਬਚਿਆਂ ਨਾਲ਼ ਉਸ ਸਮੇਂ ਦਾ ਪੈਰਿਸ ਭਰਿਆ ਪਿਆ ਸੀ ਅਤੇ ਇਹਨੇ ਸਭਨਾਂ ਕਿਸਮਾਂ ਦੀ ਸਮਾਜਿਕ ਨੀਮ ਹਕੀਮੀ ਨੂੰ ਜਨਮ ਦਿੱਤਾ। ਅਜਿਹੇ ਲੇਖਾਂ ਦੀ ਇੱਕ ਲੜੀ **ਵੋਲਕਸਤਾਤ** ਵਿੱਚ ਪ੍ਰਕਾਸ਼ਤ ਹੋਈ ਸੀ। ਗੁਮਨਾਮ ਲੇਖਕ ਨੇ ਜਿਸ ਨੇ ਮਗਰੋਂ ਜਾ ਕੇ ਆਪਣਾ ਨਾਂ ਏ. ਮੂਲਬਰਗਰ ਐਮ. ਵੀ ਜੋ ਕਿ ਵੂਰਟੇਮ-ਬਰਗ ਦਾ ਵਾਸੀ ਸੀ, ਪ੍ਰਗਟ ਕੀਤਾ, ਜਰਮਨ ਮਜ਼ਦੂਰਾਂ ਨੂੰ ਰੋਸ਼ਨੀ ਦੇਣ ਅਤੇ ਇਸ ਸਵਾਲ ਰਾਹੀਂ ਪਰੂਧੋਂ ਦੀ ਸਮਾਜਿਕ ਅਕਸੀਰ ਦਵਾਈ ਦੇ ਜਾਦੂ ਭਰੇ ਅਸਰਾਂ ਬਾਰੇ ਦੱਸਣ ਲਈ ਸੁਖਾਵਾਂ ਮੌਕਾ ਸਮਝਿਆ। ਜਦੋਂ ਇਹਨਾਂ ਅਜੀਬ ਲੇਖਾਂ ਨੂੰ ਪ੍ਰਵਾਨ ਕਰ ਲੈਣ ਬਾਰੇ ਮੈਂ ਸੰਪਾਦਕਾਂ ਕੋਲ਼ ਆਪਣੀ ਹੈਰਾਨੀ ਪ੍ਰਗਟ ਕੀਤੀ ਤਾਂ ਮੈਨੂੰ ਇਹਨਾਂ ਦਾ ਜਵਾਬ ਦੇਣ ਲਈ ਚੈਲੰਜ ਕੀਤਾ ਗਿਆ ਅਤੇ ਮੈਂ ਇਹ ਚੈਲੰਜ ਪ੍ਰਵਾਨ ਕੀਤਾ (ਵੇਖੋ ਭਾਗ ਇੱਕ : "ਪਰੂਧੋਂ ਰਿਹਾਇਸ਼ੀ ਘਰਾਂ ਦੀ ਸਮੱਸਿਆ ਕਿਵੇਂ ਹੱਲ ਕਰਦਾ ਹੈ")। ਲੇਖਾਂ ਦੀ ਇਸ ਲੜੀ ਤੋਂ ਛੇਤੀ ਹੀ ਮਗਰੋਂ ਦੂਜੀ ਲੜੀ ਆਈ ਜਿਸ ਵਿੱਚ ਮੈਂ ਡਾ. ਐਮਿਲ ਸਾਕਸ ਦੀ ਕਿਰਤ ਦੇ ਅਧਾਰ ਉੱਤੇ ਸਵਾਲ ਦੇ ਪਰਉਪਕਾਰੀ ਬੁਰਜੂਆ ਦ੍ਰਿਸ਼ਟੀਕੋਣ ਦੀ ਘੋਖ ਕੀਤੀ (ਵੇਖੋ ਭਾਗ ਦੂਜਾ: "ਬੁਰਜੂਆਜ਼ੀ ਰਿਹਾਇਸ਼ੀ ਘਰਾਂ ਦਾ ਸਵਾਲ ਕਿਵੇਂ ਹੱਲ ਕਰਦੀ ਹੈ")। ਲੰਮੇਂ ਵਕਫ਼ੇ ਮਗਰੋਂ ਡਾ. ਮੂਲਬਰਗਰ ਨੇ ਮੇਰੇ ਲੇਖਾਂ ਦੇ ਜਵਾਬ ਨਾਲ਼ ਮੈਨੂੰ ਨਿਵਾਜਿਆ ਅਤੇ ਇਹਨੇ ਮੈਨੂੰ ਮੋੜਵਾਂ-ਜਵਾਬ ਦੇਣ ਲਈ ਮਜ਼ਬੂਰ ਕੀਤਾ (ਵੇਖੋ ਭਾਗ ਤੀਜਾ "ਪਰੂਧੋਂ ਅਤੇ ਘਰਾਂ ਦੇ ਸਵਾਲ ਬਾਰੇ ਜ਼ਿਮਨੀ ਲੇਖ"), ਜਿਸ ਰਾਹੀਂ ਵਾਦ-ਵਿਵਾਦ ਅਤੇ ਇਸ ਸਵਾਲ ਬਾਰੇ ਮੇਰਾ ਵਿਸ਼ੇਸ਼ ਰੁਝੇਵਾਂ ਦੋਵੇਂ ਖ਼ਤਮ ਹੋ ਗਏ ਹਨ। ਲੇਖਾਂ ਦੀਆਂ ਇਹਨਾਂ ਤਿੰਨਾਂ ਲੜੀਆਂ ਦੇ ਮੂਲ਼ ਦਾ ਇਹੋ ਇਤਿਹਾਸ ਹੈ ਜਿਹੜੇ ਪੈਂਫਲਟ ਦੇ ਰੂਪ ਵਿੱਚ ਵੱਖਰੇ ਵੀ ਛਾਪੇ ਗਏ ਹਨ। ਇਸ ਤੱਥ ਲਈ ਕਿ ਹੁਣ ਇੱਕ ਨਵੀਂ ਛਾਪ ਜ਼ਰੂਰੀ ਹੋ ਗਈ ਹੈ, ਨਿਰਸੰਦੇਹ, ਮੈਂ ਜਰਮਨ ਹਕੂਮਤ ਦੀ ਦਇਆ ਦਾ ਪਾਤਰ ਹਾਂ ਜਿਸਨੇ ਇਸ ਕਿਰਤ ਉੱਤੇ ਪਾਬੰਦੀ ਲਾ ਕੇ, ਆਮ ਵਾਂਗ ਇਹਦੀ ਵਟਤ ਵਿੱਚ ਭਾਰੀ ਵਾਧਾ ਕੀਤਾ ਅਤੇ ਮੈਂ ਇੱਥੇ ਇਸ ਗੱਲ ਲਈ ਉਹਦਾ ਦਿਲੀ ਧੰਨਵਾਦ ਕਰਦਾ ਹਾਂ।

ਮੈਂ ਇਸ ਨਵੇਂ ਐਡੀਸ਼ਨ ਦੇ ਪਾਠ ਵਿੱਚ ਸੋਧ ਕੀਤੀ ਹੈ, ਕੁੱਝ ਹੋਰ ਗੱਲਾਂ ਤੇ ਨੋਟ ਇਸ ਵਿੱਚ ਸ਼ਾਮਲ ਕੀਤੇ ਹਨ ਅਤੇ ਪਹਿਲੇ ਭਾਗ ਵਿੱਚ ਨਿੱਕੀ ਜਿਹੀ ਆਰਥਿਕ ਗ਼ਲਤੀ, ਜੋ ਕਿ ਮੰਦੇ ਭਾਗਾਂ ਨੂੰ ਮੇਰਾ ਵਿਰੋਧੀ ਡਾ. ਮੂਲਬਰਗਰ ਨਹੀਂ ਲੱਭ ਸਕਿਆ, ਦਰੁੱਸਤ ਕੀਤੀ ਹੈ। ਇਹਦੀ ਸੋਧ ਕਰਨ ਦੌਰਾਨ ਮੈਨੂੰ ਇਸ ਗੱਲ ਦਾ ਅਹਿਸਾਸ ਰਿਹਾ ਹੈ ਕਿ ਬੀਤੇ 14 ਸਾਲਾਂ ਦੌਰਾਨ ਕੌਮਾਂਤਰੀ ਮਜ਼ਦੂਰ ਜਮਾਤ ਲਹਿਰ ਨੇ ਕਿੰਨੀ ਭਾਰੀ ਤਰੱਕੀ ਕੀਤੀ ਹੈ। ਉਸ ਸਮੇਂ ਅਜੇ

ਇਹ ਤੱਥ ਮੌਜੂਦ ਸੀ ਕਿ "20 ਸਾਲਾਂ ਲਈ ਲਾਤੀਨੀ ਵਿੱਚੋਂ ਨਿਕਲੀਆਂ ਭਾਸ਼ਾਵਾਂ ਬੋਲਣ ਵਾਲ਼ੇ ਮਜ਼ਦੂਰਾਂ ਕੋਲ਼ ਪਰੂਧੋਂ ਦੀਆਂ ਕਿਰਤਾਂ ਤੋਂ ਬਿਨਾਂ ਕੋਈ ਹੋਰ ਦਿਮਾਗੀ ਖੁਰਾਕ ਨਹੀਂ ਸੀ" ਅਤੇ ਸੰਖੇਪ ਵਿੱਚ ਪਰੂਧੋਂਵਾਦ ਦੀ ਹੋਰ ਵੀ ਵਧੇਰੇ ਇੱਕ ਤਰਫਾ ਵਿਆਖਿਆ ਸੀ ਜੋ "ਅਰਾਜਕਤਾਵਾਦ" ਦੇ ਮੋਢੀ ਬਾਕੂਨਿਨ ਵੱਲੋਂ ਪੇਸ਼ ਕੀਤੀ ਗਈ ਸੀ ਜੋ ਪਰੂਧੋਂ ਨੂੰ "ਸਾਡਾ ਸਭਨਾਂ ਦਾ ਸਕੂਲ ਮਾਸਟਰ" ਵਜੋਂ ਸਮਝਦਾ ਸੀ। ਭਾਵੇਂ ਫ਼ਰਾਂਸ ਵਿਚਲੇ ਪਰੂਧੋਂਵਾਦੀਏ ਮਜ਼ਦੂਰਾਂ ਦਾ ਕੇਵਲ ਇੱਕ ਨਿੱਕਾ ਜਿਹਾ ਭਾਗ ਹੀ ਸਨ, ਪਰ ਉਹ ਅਜੇ ਵੀ ਇੱਕੋ ਇੱਕ ਅਜਿਹਾ ਭਾਗ ਸਨ ਜਿਨ੍ਹਾਂ ਕੋਲ ਪੱਕੀ ਤਰ੍ਹਾਂ ਨਾਲ਼ ਤਿਆਰ ਕੀਤਾ ਗਿਆ ਪ੍ਰੋਗਰਾਮ ਸੀ ਅਤੇ ਜੋ ਕਮਿਊਨ ਵਿੱਚ ਆਰਥਿਕ ਖੇਤਰ ਅੰਦਰ ਅਗਵਾਈ ਸੰਭਾਲਣ ਦੇ ਸਮਰੱਥ ਸਨ। ਬੈਲਜੀਅਮ ਵਿੱਚ ਵਾਲੂਨ ਮਜ਼ਦੂਰਾਂ ਵਿੱਚ ਪਰੂਧੋਂਵਾਦ ਦਾ ਪੂਰਾ ਬੋਲਬਾਲਾ ਸੀ ਅਤੇ ਸਪੇਨ ਤੇ ਇਟਲੀ ਵਿੱਚ, ਕੁੱਝ ਇੱਕਾ ਦੁਕਾ ਛੋਟਾਂ ਤੋਂ ਬਿਨਾਂ, ਮਜ਼ਦੂਰ ਜਮਾਤ ਲਹਿਰ ਅੰਦਰ ਹਰ ਉਹ ਚੀਜ਼ ਜੋ ਅਰਾਜਕਤਾਵਾਦੀ ਨਹੀਂ ਸੀ ਜ਼ਰੂਰੀ ਤੌਰ 'ਤੇ ਪਰੂਧੋਂਵਾਦੀ ਸੀ ਅਤੇ ਅੱਜ ਕੀ ਹਾਲਤ ਹੈ? ਫ਼ਰਾਂਸ ਵਿੱਚ ਮਜ਼ਦੂਰਾਂ ਅੰਦਰ ਪਰੂਧੋਂ ਦਾ ਮੁਕੰਮਲ ਸਫ਼ਾਇਆ ਕੀਤਾ ਜਾ ਚੁੱਕਿਆ ਹੈ ਅਤੇ ਉਹਦੇ ਸਮਰੱਥਕ ਕੇਵਲ ਤੇਜ਼ ਖ਼ਿਆਲੀ ਬੁਰਜੂਆ ਤੇ ਨਿੱਕ-ਬੁਰਜੂਆ ਲੋਕਾਂ ਵਿੱਚ ਹੀ ਰਹਿ ਗਏ ਹਨ ਜੋ ਪਰੂਧੋਂਵਾਦੀਆਂ ਵਜੋਂ ਆਪਣੇ ਆਪ ਨੂੰ "ਸੋਸ਼ਲਿਸਟ" ਵੀ ਅਖਵਾਉਂਦੇ ਹਨ, ਪਰ ਇਹਨਾਂ ਵਿਰੁੱਧ ਸਮਾਜਵਾਦੀ ਮਜ਼ਦੂਰਾਂ ਵੱਲੋਂ ਬਹੁਤ ਹੀ ਜ਼ੋਰਦਾਰ ਸੰਗਰਾਮ ਲੜਿਆ ਜਾ ਰਿਹਾ ਹੈ। ਬੈਲਜੀਅਮ ਵਿੱਚ ਫ਼ਲੇਮਿੰਗਜ਼ ਨੇ ਵਾਲੂਨਜ਼ ਤੋਂ ਲਹਿਰ ਦੀ ਅਗਵਾਈ ਖੋਹ ਲਈ ਹੈ, ਪਰੂਧੋਂਵਾਦ ਨੂੰ ਗੱਦੀਓਂ ਲਾਹ ਦਿੱਤਾ ਹੈ ਅਤੇ ਲਹਿਰ ਦੇ ਪੱਧਰ ਨੂੰ ਬਹੁਤ ਉੱਚਾ ਕਰ ਦਿੱਤਾ ਹੈ। ਇਟਲੀ ਵਾਂਗ ਸਪੇਨ ਵਿੱਚ ਵੀ 70ਵਿਆਂ ਦੀ ਅਰਾਜਕਤਾਵਾਦ ਦੀ ਉੱਚੀ ਕਾਂਗ ਘੱਟ ਗਈ ਹੈ ਅਤੇ ਉਹ ਆਪਣੇ ਨਾਲ਼ ਪਰੂਧੋਂਵਾਦ ਦੀ ਰਹਿੰਦ-ਖੂੰਹਦ ਨੂੰ ਵੀ ਹੂੰਝਾ ਫੇਰ ਗਈ ਹੈ। ਜਦੋਂ ਕਿ ਇਟਲੀ ਵਿੱਚ ਪਾਰਟੀ ਅਜੇ ਸਪੱਸ਼ਟਤਾ ਤੇ ਸਥਾਪਨਾ ਦੇ ਅਮਲ ਵਿੱਚ ਹੀ ਹੈ, ਸਪੇਨ ਵਿਚਲੀ ਨਿੱਕੀ ਜਿਹੀ ਗਿਰੀ, ਜੋ **ਨੂੰਵਾ ਫ਼ੈਡੇਰੇਸੀਅਨ ਮੈਡਰੀਲੇਨਾ** ਵਜੋਂ ਕੌਮਾਂਤਰੀ ਦੀ ਆਮ ਕੌਂਸਲ ਦੀ ਵਫ਼ਾਦਾਰ ਰਹੀ, ਇੱਕ ਮਜ਼ਬੂਤ ਪਾਰਟੀ ਵਿੱਚ ਵਿਕਾਸ ਕਰ ਗਈ ਹੈ ਜੋ — ਜਿਵੇਂ ਕਿ ਖੁਦ ਰੀਪਬਲੀਕਨ ਪੈਰਿਸ ਤੋਂ ਵੇਖਿਆ ਜਾ ਸਕਦਾ ਹੈ — ਮਜ਼ਦੂਰਾਂ ਉੱਤੇ ਬੁਰਜੂਆ ਰੀਪਬਲੀਕਨਾਂ ਦੇ ਅਸਰ ਨੂੰ ਉਸ ਨਾਲ਼ੋਂ ਵਧੇਰੇ ਕਾਰਗਰ ਢੰਗ ਨਾਲ਼ ਤਬਾਹ ਕਰ ਰਹੀ ਹੈ ਜਿੰਨਾ ਉਹਦੇ ਸ਼ੋਰੀਲੇ ਅਰਾਜਕਤਾਵਾਦੀ ਪੂਰਵ-ਅਧਿਕਾਰੀ ਵੀ ਕਰਨ ਦੇ ਸਮਰੱਥ ਹੋਏ ਸਨ। ਲਾਤੀਨੀ ਮਜ਼ਦੂਰਾਂ ਵਿੱਚ ਪਰੂਧੋਂ ਦੀਆਂ ਭੁਲਾਈਆਂ ਜਾ ਚੁੱਕੀਆਂ ਕਿਰਤਾਂ ਦੀ ਥਾਂ "ਪੂੰਜੀ", "ਕਮਿਊਨਿਸਟ ਮੈਨੀਫ਼ੈਸਟੋ" ਅਤੇ ਮਾਰਕਸਵਾਦੀ ਸਕੂਲ ਦੀਆਂ ਬਹੁਤ ਸਾਰੀਆਂ ਹੋਰਨਾਂ ਕਿਰਤਾਂ ਨੇ ਮੱਲ ਲਈ ਹੈ ਅਤੇ ਮਾਰਕਸ ਦੀ ਮੁੱਖ ਮੰਗ — ਰਾਜਨੀਤਕ ਸੱਤ੍ਹਾ ਨੂੰ ਪੁੱਜੇ ਹੋਏ ਇਕੱਲੇ ਪ੍ਰੋਲੇਤਾਰੀ ਵੱਲੋਂ ਸਮਾਜ ਦੇ ਨਾਂ ਵਿੱਚ ਸਾਰੇ ਪੈਦਾਵਾਰੀ ਸਾਧਨਾਂ ਨੂੰ ਆਪਣੇ ਹੱਥ ਵਿੱਚ ਲੈਣਾ — ਹੁਣ ਲਾਤੀਨੀ ਦੇਸ਼ਾਂ ਵਿਚਲੀ ਸਮੁੱਚੀ ਇਨਕਲਾਬੀ ਮਜ਼ਦੂਰ ਜਮਾਤ ਦੀ ਵੀ ਮੰਗ ਬਣ ਗਈ ਹੈ।

ਇਸ ਲਈ ਜੇਕਰ ਪਰੂਧੋਂਵਾਦ ਲਾਤੀਨੀ ਦੇਸ਼ਾਂ ਦੇ ਮਜ਼ਦੂਰਾਂ ਵਿੱਚੋਂ ਵੀ ਅੰਤਮ ਰੂਪ ਵਿੱਚ ਉਖੇੜਿਆ ਜਾ ਚੁੱਕਿਆ ਹੈ, ਜੇਕਰ ਇਹ — ਉਹਦੀ ਅਸਲੀ ਮੰਜ਼ਿਲ ਅਨੁਸਾਰ —

ਫ਼ਰਾਂਸੀਸੀ, ਸਪੇਨੀ, ਇਤਾਲਵੀ ਅਤੇ ਬੈਲਜੀਅਮ ਬੁਰਜੂਆ ਤੇਜ਼ ਖ਼ਿਆਲੀਆਂ ਦੀ ਉਹਨਾਂ ਦੀਆਂ ਬੁਰਜੂਆ ਤੇ ਨਿੱਕ-ਬੁਰਜੂਆ ਖਾਹਿਸ਼ਾਂ ਦੇ ਪ੍ਰਗਟਾਅ ਵਜੋਂ ਸੇਵਾ ਕਰਦਾ ਹੈ, ਤਾਂ ਅੱਜ ਇਸ ਵੱਲ ਮੂੰਹ ਕਿਉਂ ਕੀਤਾ ਜਾਵੇ ? ਇਹਨਾਂ ਲੇਖਾਂ ਨੂੰ ਮੁੜ ਪ੍ਰਕਾਸ਼ਤ ਕਰਕੇ ਇੱਕ ਮਰ ਚੁੱਕੇ ਵਿਰੋਧੀ ਦਾ ਨਵੇਂ ਸਿਰਿਓਂ ਕਿਉਂ ਟਾਕਰਾ ਕੀਤਾ ਜਾਵੇ ?

ਸਭ ਤੋਂ ਪਹਿਲੀ ਗੱਲ, ਕਿਉਂਕਿ ਇਹ ਲੇਖ ਕੇਵਲ ਪਰੂਧੋਂ ਤੇ ਉਹਦੇ ਜਰਮਨ ਪ੍ਰਤੀਨਿਧ ਵਿਰੁੱਧ ਕੇਵਲ ਵਾਦ-ਵਿਵਾਦ ਤੱਕ ਹੀ ਸੀਮਤ ਨਹੀਂ ਹਨ, ਕਿਰਤੀ ਦੀ ਵੰਡ ਅਨੁਸਾਰ ਜੋ ਮੇਰੇ ਅਤੇ ਮਾਰਕਸ ਵਿਚਕਾਰ ਕਾਇਮ ਸੀ, ਅਖ਼ਬਾਰਾਂ ਰਸਾਲਿਆਂ ਵਿੱਚ ਅਤੇ ਇਸ ਤਰ੍ਹਾਂ ਖ਼ਾਸ ਤੌਰ 'ਤੇ ਵਿਰੋਧੀ ਵਿਚਾਰਾਂ ਵਿਰੁੱਧ ਸੰਗਰਾਮ ਵਿੱਚ ਸਾਡੇ ਵਿਚਾਰ ਪੇਸ਼ ਕਰਨ ਦਾ ਕੰਮ ਮੇਰੇ ਹਿੱਸੇ ਆਇਆ ਸੀ ਤਾਂ ਜੋ ਮਾਰਕਸ ਕੋਲ਼ ਉਹਦੇ ਮਹਾਨ ਬੁਨਿਆਦੀ ਕੰਮ ਦੀ ਵਿਆਖਿਆ ਕਰਨ ਲਈ ਸਮਾਂ ਬਚ ਸਕੇ। ਇਸ ਗੱਲ ਨੇ ਮੇਰੇ ਲਈ ਸਾਡੇ ਵਿਚਾਰ ਬਹੁਤਾ ਕਰਕੇ ਵਾਦ-ਵਿਵਾਦੀ ਰੂਪ ਵਿੱਚ ਦੂਜੀਆਂ ਕਿਸਮਾਂ ਦੇ ਵਿਚਾਰਾਂ ਦੇ ਵਿਰੋਧ ਵਿੱਚ ਪੇਸ਼ ਕਰਨਾ ਜ਼ਰੂਰੀ ਬਣਾ ਦਿੱਤਾ। ਇਹੋ ਗੱਲ ਇੱਥੇ ਵਾਪਰੀ। ਪਹਿਲੇ ਤੇ ਤੀਜੇ ਭਾਗਾਂ ਵਿੱਚ ਕੇਵਲ ਸਵਾਲ ਦੇ ਪਰੂਧੋਂਵਾਦੀ ਸੰਕਲਪ ਦੀ ਨੁਕਤਾਚੀਨੀ ਹੀ ਸ਼ਾਮਿਲ ਨਹੀਂ ਸਗੋਂ ਸਾਡਾ ਆਪਣਾ ਸੰਕਲਪ ਵੀ ਪੇਸ਼ ਕੀਤਾ ਗਿਆ ਹੈ।

ਦੂਜੀ ਗੱਲ, ਪਰੂਧੋਂ ਨੇ ਯੂਰਪੀ ਮਜ਼ਦੂਰ ਜਮਾਤ ਲਹਿਰ ਦੇ ਇਤਿਹਾਸ ਵਿੱਚ ਇੰਨਾ ਅਹਿਮ ਰੋਲ਼ ਅਦਾ ਕੀਤਾ ਹੈ ਕਿ ਉਹ ਛੇਤੀ ਛੇਤੀ ਖ਼ਤਮ ਹੋਣ ਵਾਲ਼ਾ ਨਹੀਂ। ਉਸ ਆਦਮੀ ਨੂੰ ਜਿਹੜਾ ਆਧੁਨਿਕ ਸਮਾਜਵਾਦ ਨਾਲ਼ ਥੋੜ੍ਹਾ ਬਹੁਤ ਵੀ ਸਬੰਧਤ ਹੈ, ਲਹਿਰ ਦੇ "ਤੈਅ ਕੀਤੇ ਪੜਾਵਾਂ" ਨਾਲ਼ ਵੀ ਜਾਣਕਾਰੀ ਹੋਣੀ ਚਾਹੀਦੀ ਹੈ। ਮਾਰਕਸ ਦੀ ਰਚਨਾ 'ਫ਼ਲਸਫ਼ੇ ਦੀ ਗ਼ਰੀਬੀ' ਪਰੂਧੋਂ ਵੱਲੋਂ ਸਮਾਜਿਕ ਸੁਧਾਰ ਲਈ ਉਹਦੇ ਅਮਲੀ ਸੁਝਾਵਾਂ ਦੇ ਪੇਸ਼ ਕੀਤੇ ਜਾਣ ਤੋਂ ਕਈ ਸਾਲ ਪਹਿਲਾਂ ਪ੍ਰਕਾਸ਼ਤ ਹੋ ਚੁੱਕੀ ਸੀ। ਇੱਥੇ ਮਾਰਕਸ ਪਰੂਧੋਂ ਦੇ ਵਟਾਂਦਰਾ ਬੈਂਕ ਨੂੰ ਮੁੱਢਲੀ ਹਾਲਤ ਵਿੱਚ ਹੀ ਜਾਣ ਸਕਦਾ ਸੀ ਤੇ ਉਹਦੀ ਨੁਕਤਾਚੀਨੀ ਕਰ ਸਕਦਾ ਸੀ। ਇਸ ਲਈ ਇਸ ਦ੍ਰਿਸ਼ਟੀ ਤੋਂ ਮੇਰੀ ਇਹ ਰਚਨਾ ਮਾਰਕਸ ਦੀ ਰਚਨਾ ਵਿੱਚ ਵਾਧਾ ਕਰਦੀ ਹੈ ਭਾਵੇਂ ਮੰਦੇ ਭਾਗਾਂ ਨੂੰ ਇਹ ਬੜਾ ਨਾਮੁਕੰਮਲ ਰੂਪ ਵਿੱਚ ਕੀਤਾ ਹੈ। ਮਾਰਕਸ ਨੇ ਇਹ ਸਾਰਾ ਕੁੱਝ ਕਿਤੇ ਚੰਗੇਰੀ ਤਰ੍ਹਾਂ ਤੇ ਵਧੇਰੇ ਕਾਇਲ ਕਰਨ ਵਾਲ਼ੇ ਢੰਗ ਨਾਲ਼ ਕੀਤਾ ਹੁੰਦਾ।

ਅਤੇ ਅੰਤਮ ਗੱਲ, ਜਰਮਨੀ ਵਿੱਚ ਅੱਜ ਤੱਕ ਬੁਰਜੂਆ ਤੇ ਨਿੱਕ-ਬੁਰਜੂਆ ਸਮਾਜਵਾਦ ਦੀ ਤਕੜੀ ਪ੍ਰਤੀਨਿਧਤਾ ਰਹੀ ਹੈ। ਇੱਕ ਪਾਸੇ ਤਾਂ ਕਾਥੇਡੇਰ-ਸੋਸ਼ਲਿਸ਼ਟ ਅਤੇ ਸਭਨਾਂ ਕਿਸਮਾਂ ਦੇ ਪਰਉਪਕਾਰੀ ਹਨ, ਜਿਨ੍ਹਾਂ ਦੀ ਇਹ ਖਾਹਿਸ਼ ਕਿ ਮਜ਼ਦੂਰਾਂ ਨੂੰ ਉਹਨਾਂ ਦੇ ਰਿਹਾਇਸ਼ੀ ਘਰਾਂ ਦਾ ਮਾਲ਼ਕ ਬਣਾਇਆ ਜਾਵੇ, ਅਜੇ ਤੱਕ ਵੱਡਾ ਰੋਲ਼ ਅਦਾ ਕਰ ਰਹੀ ਹੈ ਅਤੇ ਜਿਨ੍ਹਾਂ ਦੇ ਵਿਰੁੱਧ, ਇਸ ਲਈ ਮੇਰੀ ਰਚਨਾ ਅਜੇ ਵੀ ਢੁਕਵੀਂ ਹੈ। ਦੂਜੇ ਪਾਸੇ, ਇੱਕ ਖਾਸ ਨਿੱਕ-ਬੁਰਜੂਆ ਸਮਾਜਵਾਦ ਦੀ ਖੁਦ ਸੋਸ਼ਲ-ਡੈਮੋਕਰੈਟਿਕ ਪਾਰਟੀ ਵਿੱਚ ਅਤੇ ਇੱਥੋਂ ਤੱਕ ਕਿ ਰ੍ਹੀਖਤਾਂਗ ਗਰੁੱਪ ਦੀਆਂ ਸਫ਼ਾਂ ਵਿੱਚ ਪ੍ਰਤੀਨਿਧਤਾ ਹੈ। ਇਹ ਗੱਲ ਹੇਠਾਂ ਦੱਸੇ ਢੰਗ ਨਾਲ਼

ਕੀਤੀ ਜਾਂਦੀ ਹੈ: ਜਦੋਂ ਕਿ ਆਧੁਨਿਕ ਸਮਾਜਵਾਦ ਦੇ ਬੁਨਿਆਦੀ ਵਿਚਾਰਾਂ ਨੂੰ ਅਤੇ ਪੈਦਾਵਾਰ ਦੇ ਸਮੁੱਚੇ ਸਾਧਨਾਂ ਦੀ ਸਮਾਜਿਕ ਜਾਇਦਾਦ ਵਿੱਚ ਬਦਲੀ ਦੀ ਮੰਗ ਨੂੰ ਹੱਕੀ ਹੋਣ ਵਜੋਂ ਮਾਣਤਾ ਦਿੱਤੀ ਜਾਂਦੀ ਹੈ ਅਤੇ ਇਹਦੀ ਪੂਰਤੀ ਕੇਵਲ ਦੂਰ ਭਵਿੱਖ ਵਿੱਚ ਹੀ ਸੰਭਵ ਹੋਣ ਬਾਰੇ ਐਲਾਨ ਕੀਤਾ ਜਾਂਦਾ ਹੈ, ਭਵਿੱਖ ਜਿਹੜਾ ਸਾਰੇ ਅਮਲੀ ਮੰਤਵਾਂ ਲਈ ਦ੍ਰਿਸ਼ਟੀ ਤੋਂ ਓਝਲ ਹੁੰਦਾ ਹੈ। ਇਸ ਲਈ ਵਰਤਮਾਨ ਸਮੇਂ ਲਈ ਤਾਂ ਕੇਵਲ ਗੰਢ-ਤੁਪ ਨਾਲ਼ ਹੀ ਬੁੱਤਾ ਸਾਰਨਾ ਪਵੇਗਾ ਅਤੇ ਹਾਲਾਤ ਅਨੁਸਾਰ ਕਥਿਤ ਰੂਪ ਵਿੱਚ "ਕਿਰਤੀ ਜਮਾਤ ਨੂੰ ਉੱਚਾ ਚੁੱਕਣ" ਲਈ ਸਭ ਤੋਂ ਪਿਛਾਖੜੀ ਯਤਨਾਂ ਨਾਲ਼ ਵੀ ਹਮਦਰਦੀ ਵਿਖਾਈ ਜਾ ਸਕਦੀ ਹੈ। ਅਜਿਹੇ ਰੁਝਾਨ ਦੀ ਹੋਂਦ ਜਰਮਨੀ ਵਿੱਚ ਐਨ ਅਟੱਲ ਹੈ ਜੋ ਕਿ ਸਿਰੇ ਦੀ ਦਕਿਆਨੂਸਤਾ ਦੀ ਧਰਤੀ ਹੈ, ਖਾਸ ਕਰ ਕੇ ਅਜਿਹੇ ਸਮੇਂ ਜਦੋਂ ਕਿ ਸਨਅਤੀ ਵਿਕਾਸ ਜ਼ੋਰਦਾਰ ਢੰਗ ਨਾਲ਼ ਤੇ ਸਮੂਹਕ ਪੈਮਾਨੇ ਉੱਤੇ ਇਸ ਪੁਰਾਣੀ ਤੇ ਡੂੰਘੀਆਂ ਜੜ੍ਹਾਂ ਫੜ ਚੁੱਕੀ ਦਕਿਆਨੂਸਤਾ ਦੀਆਂ ਜੜ੍ਹਾਂ ਉਖੇੜ ਰਿਹਾ ਹੈ। ਸਾਡੇ ਮਜ਼ਦੂਰਾਂ ਦੀ ਅਚੰਭੇ ਭਰੀ ਆਮ ਸੂਝ ਦੇ ਸਾਹਮਣੇ ਜੋ ਕਿ ਸਮਾਜਵਾਦ-ਵਿਰੋਧੀ ਕਾਨੂੰਨ, ਪੁਲਿਸ ਤੇ ਅਦਾਲਤਾਂ ਵਿਰੁੱਧ ਸੰਗਰਾਮ ਦੇ ਬੀਤੇ ਐਨ ਅੱਠ ਸਾਲਾਂ ਦੌਰਾਨ ਇੰਨੇ ਸਾਨਦਾਰ ਢੰਗ ਨਾਲ਼ ਦਰਸਾਈ ਗਈ ਹੈ, ਇਹ ਰੁਝਾਨ ਬਿਲਕੁੱਲ ਹਾਨੀ ਰਹਿਤ ਹੈ। ਪਰ ਇਸ ਗੱਲ ਨੂੰ ਸਪੱਸ਼ਟ ਰੂਪ ਵਿੱਚ ਸਮਝਣਾ ਵੀ ਜ਼ਰੂਰੀ ਹੈ ਕਿ ਅਜਿਹਾ ਰੁਝਾਨ ਮੌਜੂਦ ਹੈ ਅਤੇ ਜੇਕਰ ਮਗਰੋਂ ਜਾ ਕੇ ਇਹ ਰੁਝਾਨ ਵਧੇਰੇ ਪੱਕੀ ਸ਼ਕਲ ਤੇ ਵਧੇਰੇ ਸਪੱਸ਼ਟ ਰੂਪ ਵਿਚ ਨਿਸ਼ਚਿਤ ਰੂਪ ਰੇਖਾ ਗ੍ਰਹਿਣ ਕਰ ਜਾਂਦਾ ਹੈ ਜਿਵੇਂ ਕਿ ਜ਼ਰੂਰੀ ਹੈ ਤੇ ਇੱਥੋਂ ਤੱਕ ਕਿ ਉਚਿੱਤ ਵੀ ਹੈ, ਤਾਂ ਇਹ ਨੂੰ ਪ੍ਰੋਗਰਾਮ ਤਿਆਰ ਕਰਨ ਲਈ ਆਪਣੇ ਪੂਰਵ-ਅਧਿਕਾਰੀਆਂ ਕੋਲ਼ ਮੁੜ ਕੇ ਜਾਣਾ ਪਵੇਗਾ ਅਤੇ ਇਉਂ ਕਰਦਿਆਂ ਉਹ ਪਰੂਧੋਂ ਨੂੰ ਲਾਂਭੇ ਨਹੀਂ ਕਰ ਸਕੇਗਾ।

ਘਰਾਂ ਦੀ ਸਮੱਸਿਆ ਦੇ ਵੱਡ-ਬੁਰਜੂਆ ਤੇ ਨਿੱਕ-ਬੁਰਜੂਆ ਹੱਲਾਂ ਦਾ ਤੱਤ ਇਹ ਹੈ ਕਿ ਮਜ਼ਦੂਰ ਕੋਲ਼ ਰਹਿਣ ਲਈ ਆਪਣਾ ਘਰ ਹੋਣਾ ਚਾਹੀਦਾ ਹੈ। ਪਰ ਇਹ ਅਜਿਹਾ ਨੁਕਤਾ ਹੈ ਜੋ ਬੀਤੇ ਵੀਹ੍ਹ ਸਾਲਾਂ ਦੌਰਾਨ ਜਰਮਨੀ ਦੇ ਸਨਅਤੀ ਵਿਕਾਸ ਨੇ ਬਹੁਤ ਹੀ ਅਜੀਬ ਰੰਗ ਵਿੱਚ ਪੇਸ਼ ਕੀਤਾ ਹੈ। ਕਿਸੇ ਵੀ ਹੋਰ ਦੇਸ਼ ਵਿੱਚ ਇੰਨੇ ਉਜਰਤੀ ਮਜ਼ਦੂਰ ਨਹੀਂ ਸਨ, ਜਿਨ੍ਹਾਂ ਕੋਲ ਕੇਵਲ ਰਹਿਣ ਲਈ ਆਪਣਾ ਘਰ ਹੀ ਨਹੀਂ ਸਗੋਂ ਇੱਕ ਬਾਗ਼ ਜਾਂ ਖੇਤ ਵੀ ਹੈ। ਇਹਨਾਂ ਮਜ਼ਦੂਰਾਂ ਤੋਂ ਇਲਾਵਾ ਅਣਗਿਣਤ ਹੋਰ ਲੋਕ ਵੀ ਹਨ ਜਿਨ੍ਹਾਂ ਕੋਲ਼ ਕਿਰਾਏਦਾਰਾਂ ਵਜੋਂ ਘਰ, ਬਾਗ਼ ਤੇ ਖੇਤ ਵੀ ਹਨ ਜਿਨ੍ਹਾਂ ਦੀ ਅਸਲ ਵਿੱਚ ਮਾਲ਼ਕੀ ਕਾਫ਼ੀ ਸੁਰੱਖਿਅਤ ਹੈ। ਕਿਚਨ-ਬਾਗ਼ਬਾਨੀ ਜਾਂ ਛੋਟੇ ਪੱਧਰ ਦੀ ਜ਼ਰਾਇਤ ਨਾਲ਼ ਮਿਲਾ ਕੇ ਚਲਾਈ ਜਾ ਰਹੀ ਪੇਂਡੂ ਘਰੇਲੂ ਸਨਅਤ ਜਰਮਨੀ ਦੀ ਨਵੀਂ ਵੱਡ ਪੱਧਰੀ ਸਨਅਤ ਦਾ ਵਿਸ਼ਾਲ ਅਧਾਰ ਬਣਦੀ ਹੈ। ਪੱਛਮ ਵਿੱਚ ਮਜ਼ਦੂਰ ਬਹੁਤਾ ਕਰ ਕੇ ਆਪਣੇ ਘਰਾਂ ਦੇ ਆਮ ਮਾਲਕ ਹਨ ਅਤੇ ਪੂਰਬ ਵਿੱਚ ਮੁੱਖ ਰੂਪ ਵਿੱਚ ਉਹ ਕਿਰਾਏਦਾਰ ਹਨ। ਸਾਨੂੰ ਘਰੇਲੂ ਬਗ਼ੀਚੇ ਤੇ ਜ਼ਰਾਇਤ ਨਾਲ਼ ਤੇ ਇਸ ਲਈ ਸੁਰੱਖਿਅਤ ਰਿਹਾਇਸ਼ ਨਾਲ਼ ਘਰੇਲੂ ਸਨਅਤ ਦਾ ਮੇਲ਼ ਕੇਵਲ ਉੱਥੇ ਹੀ ਨਹੀਂ ਜਿੱਥੇ ਕਿ ਹੱਥ-ਬੁਣਤੀ ਅਜੇ ਤੱਕ ਮਕੈਨੀਕਲ ਖੱਡੀ ਵਿਰੁੱਧ ਸੰਗਰਾਮ ਕਰ ਰਹੀ ਹੈ ਜਿਵੇਂ ਕਿ ਲੋਅਰ ਰ੍ਹਾਈਨ ਲੈਂਡ ਤੇ ਵੈਸਟਫੇਲੀਆ ਵਿੱਚ ਅਤੇ ਸੈਕਸੋਨ

ਇਰਜ਼ਗੀਬਿਰਜ ਅਤੇ ਸਿਲੇਸ਼ੀਆ ਵਿੱਚ, ਸਗੋਂ ਉਸ ਥਾਂ ’ਤੇ ਵੀ ਮਿਲਦਾ ਹੈ, ਜਿੱਥੇ ਕਿਤੇ ਕਿਸੇ ਵੀ ਕਿਸਮ ਦੀ ਘਰੇਲੂ ਸਨਅਤ ਨੇ ਪੇਂਡੂ ਪੇਸ਼ੇ ਵਜੋਂ ਆਪਣੇ ਆਪ ਨੂੰ ਕਾਇਮ ਕਰ ਲਿਆ ਹੈ ਜਿਵੇਂ ਕਿ ਥੁਰਿੰਗੀਅਨ ਫ਼ੌਰੈਸਟ ਵਿੱਚ ਤੇ ਰੋਨ ਖੇਤਰ ਵਿੱਚ। ਤੰਬਾਕੂ ਦੀ ਅਜਾਰੇਦਾਰੀ ਬਾਰੇ ਬਹਿਸ ਸਮੇਂ ਇਹ ਗੱਲ ਸਾਹਮਣੇ ਆਈ ਸੀ ਕਿ ਸਿਗਾਰ ਬਣਾਉਣ ਦਾ ਕੰਮ ਕਿਸ ਵੱਡੀ ਹੱਦ ਤੱਕ ਪੇਂਡੂ ਘਰੇਲੂ ਸਨਅਤ ਵਜੋਂ ਕੀਤਾ ਜਾ ਰਿਹਾ ਸੀ। ਜਿੱਥੇ ਕਿਤੇ ਵੀ ਛੋਟੇ ਕਿਸਾਨਾਂ ਉੱਤੇ ਮੁਸੀਬਤ ਪੈਂਦੀ ਹੈ, ਜਿਵੇਂ ਕਿ ਮਿਸਾਲ ਵਜੋਂ ਕੁੱਝ ਸਾਲ ਪਹਿਲਾਂ ਈਫਲ ਖੇਤਰ ਵਿੱਚ ਹੋਇਆ, ਬੁਰਜੂਆ ਪ੍ਰੈੱਸ ਤੁਰੰਤ ਹੀ ਇੱਕੋ ਇੱਕ ਉਪਾਅ ਵਜੋਂ ਢੁਕਵੀਂ ਘਰੇਲੂ ਸਨਅਤ ਸ਼ੁਰੂ ਕਰਨ ਦੀ ਹਾਲਦੁਹਾਈ ਪਾਉਂਦਾ ਹੈ ਅਤੇ ਅਸਲ ਵਿੱਚ ਜਰਮਨੀ ਦੇ ਛੋਟੇ ਕਿਸਾਨਾਂ ਦੀ ਕੰਗਾਲੀ ਦੀ ਵੱਧਦੀ ਹਾਲਤ ਅਤੇ ਜਰਮਨੀ ਦੀ ਸਨਅਤ ਦੀ ਆਮ ਸਥਿਤੀ, ਦੋਵੇਂ ਹੀ ਪੇਂਡੂ ਘਰੇਲੂ ਸਨਅਤ ਦੇ ਨਿਰੰਤਰ ਪਸਾਰ ਲਈ ਪ੍ਰੇਰਨਾ ਦਿੰਦੇ ਹਨ। ਇਹ ਵਰਤਾਰਾ ਕੇਵਲ ਜਰਮਨੀ ਦੀ ਹੀ ਖਾਸੀਅਤ ਹੈ। ਬਹੁਤ ਹੀ ਘੱਟ ਰੂਪ ਵਿੱਚ ਇਸ ਨਾਲ਼ ਮਿਲਦੀ ਜੁਲਦੀ ਗੱਲ ਸਾਨੂੰ ਫ਼ਰਾਂਸ ਵਿੱਚ ਮਿਲਦੀ ਹੈ; ਮਿਸਾਲ ਵਜੋਂ ਰੇਸ਼ਮ ਪੈਦਾ ਕਰਨ ਵਾਲ਼ੇ ਖੇਤਰਾਂ ਵਿੱਚ। ਇੰਗਲੈਂਡ ਵਿੱਚ ਜਿੱਥੇ ਕੋਈ ਛੋਟੇ ਕਿਸਾਨ ਨਹੀਂ ਹਨ, ਪੇਂਡੂ ਘਰੇਲੂ ਸਨਅਤ ਜ਼ਰਾਇਤੀ ਦਿਹਾੜੀਦਾਰਾਂ ਦੀਆਂ ਪਤਨੀਆਂ ਤੇ ਬੱਚਿਆਂ ਦੇ ਕੰਮ ਉੱਤੇ ਨਿਰਭਰ ਕਰਦੀ ਹੈ। ਕੇਵਲ ਆਇਰਲੈਂਡ ਵਿੱਚ ਹੀ ਸਾਨੂੰ ਪੁਸ਼ਾਕਾਂ ਤਿਆਰ ਕਰਨ ਦੀ ਚਲਾਈ ਜਾ ਰਹੀ ਪੇਂਡੂ ਘਰੇਲੂ ਸਨਅਤ ਦਿਖਾਈ ਦਿੰਦੀ ਹੈ ਜਿਵੇਂ ਕਿ ਜਰਮਨੀ ਵਿੱਚ ਅਸਲੀ ਕਿਸਾਨ ਟੱਬਰ ਕਰਦੇ ਹਨ। ਕੁਦਰਤੀ ਤੌਰ ’ਤੇ ਅਸੀਂ ਇੱਥੇ ਰੂਸ ਦੀ ਅਤੇ ਦੂਜੇ ਦੇਸ਼ਾਂ ਦੀ ਗੱਲ ਨਹੀਂ ਕਰ ਰਹੇ ਜਿਨ੍ਹਾਂ ਦੀ ਸਨਅਤੀ ਸੰਸਾਰ ਮੰਡੀ ਵਿੱਚ ਕੋਈ ਪ੍ਰਤੀਨਿਧਤਾ ਨਹੀਂ ਹੈ।

ਇਸ ਤਰ੍ਹਾਂ ਸਨਅਤ ਦੇ ਸਬੰਧ ਵਿੱਚ ਜਰਮਨੀ ਦੇ ਵਿਸ਼ਾਲ ਇਲਾਕਿਆਂ ਵਿੱਚ ਅਜੇ ਅਜਿਹੀ ਹਾਲਤ ਮੌਜੂਦ ਹੈ ਜੋ ਪਹਿਲੀ ਨਜ਼ਰੇ ਉਸ ਸਥਿਤੀ ਵਰਗੀ ਜਾਪਦੀ ਹੈ ਜੋ ਮਸ਼ੀਨਰੀ ਚਾਲੂ ਕਰਨ ਤੋਂ ਪਹਿਲਾਂ ਆਮ ਤੌਰ ’ਤੇ ਪ੍ਰਚੱਲਤ ਸੀ। ਪਰ ਇਹ ਗੱਲ ਕੇਵਲ ਪਹਿਲੀ ਨਜ਼ਰੇ ਹੀ ਦਿਖਾਈ ਦਿੰਦੀ ਹੈ। ਪਹਿਲੇ ਸਮਿਆਂ ਦੀ ਪੇਂਡੂ ਘਰੇਲੂ ਸਨਅਤ ਜੋ ਘਰੇਲੂ ਬਗੀਚੇ ਤੇ ਜ਼ਰਾਇਤ ਨਾਲ਼ ਮਿਲਵੀਂ ਸੀ, ਘੱਟੋ ਘੱਟ ਅਜਿਹੇ ਦੇਸ਼ਾਂ ਵਿੱਚ ਮੌਜੂਦ ਸੀ, ਜਿਨ੍ਹਾਂ ਵਿੱਚ ਸਨਅਤ ਮਜ਼ਦੂਰ ਜਮਾਤ ਲਈ ਚੰਗੀ-ਖਾਸੀ ਤੇ ਕਿਤੇ ਕਿਤੇ ਸੁਖਦਾਈ ਪਦਾਰਥਕ ਸਥਿਤੀ ਦਾ ਅਧਾਰ ਵੀ ਸੀ, ਪਰ ਇਹਦੇ ਨਾਲ਼ ਹੀ ਉਹਦੇ ਬੌਧਕ ਤੇ ਰਾਜਨੀਤਕ ਖਾਤਮੇ ਦਾ ਅਧਾਰ ਵੀ ਵਿਕਸਿਤ ਕਰ ਰਹੀ ਸੀ। ਹੱਥ ਦੀ ਬਣੀ ਚੀਜ਼ ਤੇ ਉਹਦਾ ਖਰਚਾ ਮੰਡੀ ਦੀ ਕੀਮਤ ਮਿੱਥਦੇ ਸਨ ਅਤੇ ਅੱਜ ਦੇ ਟਾਕਰੇ ਵਿੱਚ ਕਿਰਤ ਦੀ ਨਿਗੂਣੀ ਜਿਹੀ ਉਪਜਾਇਕਤਾ ਕਰ ਕੇ ਆਮ ਤੌਰ ’ਤੇ ਮੰਡੀ ਸਪਲਾਈ ਨਾਲ਼ੋਂ ਤੇਜ਼ੀ ਨਾਲ਼ ਵੱਧਦੀ ਸੀ। ਇਹ ਗੱਲ ਪਿਛਲੀ ਸਦੀ ਵਿੱਚ ਇੰਗਲੈਂਡ ਉੱਤੇ ਅਤੇ ਅੰਸ਼ਕ ਰੂਪ ਵਿੱਚ ਫ਼ਰਾਂਸ ਉੱਤੇ, ਖਾਸ ਕਰ ਕੇ ਕੱਪੜਾ ਸਨਅਤ ਵਿੱਚ ਲਾਗੂ ਹੁੰਦੀ ਸੀ। ਪਰ ਜਰਮਨੀ ਵਿੱਚ ਜੋ ਉਸ ਸਮੇਂ ਕੇਵਲ ਅਜੇ 30 ਸਾਲਾ ਜੰਗ ਦੀ ਬਰਬਾਦੀ ਤੋਂ ਸੰਭਲ ਹੀ ਰਿਹਾ ਸੀ ਅਤੇ ਬਹੁਤ ਹੀ ਅਸੁਖਾਵੀਆਂ ਹਾਲਤਾਂ ਵਿੱਚ ਅੱਗੇ ਵੱਧ ਰਿਹਾ ਸੀ, ਸਥਿਤੀ ਬੇਸ਼ੱਕ ਐਨ ਵੱਖਰੀ ਸੀ। ਸੰਸਾਰ ਮੰਡੀ ਲਈ ਜਰਮਨੀ ਵਿੱਚ

ਮਾਲ਼ ਤਿਆਰ ਕਰਨ ਵਾਲ਼ੀ ਇੱਕੋ ਇੱਕ ਘਰੇਲੂ ਸਨਅਤ, ਲਿਲਨ ਬੁਣਾਈ ਦੀ ਸਨਅਤ ਟੈਕਸਾਂ ਤੇ ਜਾਗੀਰੂ ਛੱਟਾਂ ਦੀ ਇੰਨੀ ਦਬਾਈ ਹੋਈ ਸੀ ਕਿ ਇਹਨੇ ਕਿਸਾਨ ਬੁਣਕਰਾਂ ਨੂੰ ਬਾਕੀ ਦੀ ਕਿਸਾਨੀ ਦੇ ਬਹੁਤ ਹੀ ਨੀਵੇਂ ਪੱਧਰ ਨਾਲ਼ੋਂ ਉੱਚਾ ਨਾ ਚੁੱਕਿਆ। ਫਿਰ ਵੀ ਉਸ ਸਮੇਂ ਪੇਂਡੂ ਸਨਅਤੀ ਮਜ਼ਦੂਰ ਨੂੰ ਜੀਵਨ ਦੀ ਕੁੱਝ ਸੁਰੱਖਿਆ ਹਾਸਲ ਸੀ।

ਮਸ਼ੀਨਰੀ ਦੇ ਚਾਲੂ ਹੋ ਜਾਣ ਨਾਲ਼ ਇਹ ਸਾਰਾ ਕੁੱਝ ਬਦਲ ਗਿਆ। ਕੀਮਤਾਂ ਹੁਣ ਮਸ਼ੀਨ ਨਾਲ਼ ਤਿਆਰ ਕੀਤੀਆਂ ਚੀਜ਼ਾਂ ਵੱਲੋਂ ਮਿੱਥੀਆਂ ਜਾਣ ਲੱਗੀਆਂ ਅਤੇ ਘਰੇਲੂ ਸਨਅਤੀ ਮਜ਼ਦੂਰ ਦੀ ਉਜਰਤ ਇਸ ਕੀਮਤ ਨਾਲ਼ੋਂ ਘੱਟ ਹੋ ਗਈ। ਪਰ ਮਜ਼ਦੂਰ ਨੂੰ ਇਹ ਜਾਂ ਤਾਂ ਪ੍ਰਵਾਨ ਕਰਨੀ ਪੈਂਦੀ ਸੀ ਜਾਂ ਕੋਈ ਹੋਰ ਕੰਮ ਲੱਭਣਾ ਪੈਂਦਾ ਸੀ ਅਤੇ ਇਹ ਗੱਲ ਉਹ ਪ੍ਰੋਲੇਤਾਰੀ ਬਣੇ ਬਿਨਾਂ ਭਾਵ ਆਪਣਾ ਨਿੱਕਾ ਜਿਹਾ ਘਰ, ਬਗੀਚਾ ਤੇ ਖੇਤ ਛੱਡੇ ਬਿਨਾਂ ਨਹੀਂ ਸੀ ਕਰ ਸਕਦਾ ਭਾਵੇਂ ਉਹ ਉਹਦਾ ਮਾਲਕ ਸੀ ਜਾਂ ਕਿਰਾਏਦਾਰ। ਕੇਵਲ ਬਹੁਤ ਹੀ ਘੱਟ ਮਾਮਲਿਆਂ ਵਿੱਚ ਉਹ ਇਹ ਗੱਲ ਕਰਨ ਨੂੰ ਤਿਆਰ ਸੀ ਅਤੇ ਇਸ ਤਰ੍ਹਾਂ ਪੁਰਾਣੇ ਪੇਂਡੂ ਹੱਥ-ਬੁਣਕਰਾਂ ਦਾ ਬਗੀਚਾ ਤੇ ਖੇਤੀ ਉਹ ਕਾਰਨ ਬਣ ਗਏ ਜਿਸ ਕਰਕੇ ਹੱਥ-ਖੱਡੀ ਦਾ ਮਸ਼ੀਨੀ ਖੱਡੀ ਵਿਰੁੱਧ ਸੰਗਰਾਮ ਹਰ ਥਾਂ ਉੱਤੇ ਇੰਨਾ ਲਮਕ ਗਿਆ ਅਤੇ ਇਹ ਜਰਮਨੀ ਵਿੱਚ ਨਿਰਣਈ ਰੂਪ ਵਿੱਚ ਅਜੇ ਤੱਕ ਨਹੀਂ ਲੜਿਆ ਗਿਆ। ਇਸ ਸੰਗਰਾਮ ਵਿੱਚ, ਖਾਸ ਕਰ ਕੇ ਇੰਗਲੈਂਡ ਅੰਦਰ ਇਹ ਗੱਲ ਜਾਪੀ ਕਿ ਉਹ ਉਹੀ ਸਾਂਝੇ ਹਾਲਾਤ ਜੋ ਪਹਿਲਾਂ ਮਜ਼ਦੂਰ ਦੀ ਮੁਕਾਬਲਤਨ ਖੁਸ਼ਹਾਲੀ ਦੇ ਅਧਾਰ ਦਾ ਕੰਮ ਦਿੰਦੇ ਸਨ — ਇਹ ਤੱਥ ਕਿ ਉਹ ਆਪਣੇ ਪੈਦਾਵਾਰ ਦੇ ਸਾਧਨਾਂ ਦਾ ਮਾਲ਼ਕ ਸੀ — ਹੁਣ ਉਸ ਲਈ ਇੱਕ ਰੁਕਾਵਟ ਤੇ ਮੁਸੀਬਤ ਬਣ ਗਏ ਸਨ। ਸਨਅਤ ਵਿੱਚ ਮਸ਼ੀਨੀ ਖੱਡੀ ਨੇ ਉਹਦੀ ਹੱਥ-ਖੱਡੀ ਨੂੰ ਹਰਾ ਦਿੱਤਾ ਅਤੇ ਜ਼ਰਾਇਤ ਵਿੱਚ ਵੱਡ-ਪੱਧਰੀ ਖੇਤੀ ਨੇ ਉਹਦੀ ਨਿੱਕੇ ਪੱਧਰ ਦੀ ਖੇਤੀ ਨੂੰ ਸੂਚੀਆਂ ਵਿੱਚੋਂ ਹੀ ਕੱਢ ਦਿੱਤਾ। ਪਰ ਜਦੋਂ ਕਿ ਬਹੁਤ ਸਾਰੇ ਲੋਕਾਂ ਦੀ ਸਮੂਹਕ ਕਿਰਤ ਅਤੇ ਮਸ਼ੀਨਰੀ ਤੇ ਵਿਗਿਆਨ ਦੀ ਵਰਤੋਂ ਪੈਦਾਵਾਰ ਦੇ ਦੋਵਾਂ ਖੇਤਰਾਂ ਵਿੱਚ ਹੀ ਸਮਾਜਕ ਨੇਮ ਬਣ ਗਈ, ਮਜ਼ਦੂਰ ਆਪਣੇ ਨਿੱਕੇ ਜਿਹੇ ਘਰ, ਬਗੀਚੇ, ਖੇਤ ਤੇ ਹੱਥ-ਖੱਡੀ ਕਾਰਨ ਵਿਅਕਤੀਗਤ ਪੈਦਾਵਾਰ ਤੇ ਹੱਥ ਦੀ ਮਿਹਨਤ ਦੇ ਪੁਰਾਣੇ ਢੰਗ ਨਾਲ਼ ਬੰਨ੍ਹਿਆ ਗਿਆ। ਘਰ ਤੇ ਬਾਗ਼ ਦਾ ਮਾਲਕ ਹੋਣਾ ਇੱਕ ਥਾਂ ਤੋਂ ਦੂਜੀ ਥਾਂ ਜਾਣ ਦੀ ਪੂਰੀ ਅਜ਼ਾਦੀ ਦਾ ਮਾਲਕ ਹੋਣ ਨਾਲ਼ੋਂ ਘੱਟ ਲਾਹੇਵੰਦਾ ਰਹਿ ਗਿਆ। ਕੋਈ ਵੀ ਫ਼ੈਕਟਰੀ ਮਜ਼ਦੂਰ ਹੌਲ਼ੀ ਹੌਲ਼ੀ ਪਰ ਯਕੀਨੀ ਤੌਰ 'ਤੇ ਭੁੱਖੇ ਮਰ ਰਹੇ ਪੇਂਡੂ ਹੱਥ ਬੁਣਕਰ ਨਾਲ਼ ਥਾਂ ਬਦਲਣ ਲਈ ਰਾਜ਼ੀ ਨਹੀਂ ਸੀ।

ਸੰਸਾਰ ਮੰਡੀ ਵਿੱਚ ਜਰਮਨੀ ਬਹੁਤ ਪੱਛੜ ਕੇ ਆਇਆ। ਸਾਡੀ ਵੱਡ-ਪੱਧਰੀ ਸਨਅਤ ਦਾ ਆਰੰਭ 40ਵਿਆਂ ਤੋਂ ਹੋਇਆ; ਇਹਨੂੰ ਪਹਿਲਾ ਉਤਸ਼ਾਹ 1848 ਦੇ ਇਨਕਲਾਬ ਨੇ ਦਿੱਤਾ ਅਤੇ ਇਹ ਕੇਵਲ 1866 ਤੇ 1870 ਦੇ ਇਨਕਲਾਬਾਂ ਤੋਂ ਮਗਰੋਂ ਹੀ ਪੂਰੀ ਤਰ੍ਹਾਂ ਵਿਕਾਸ ਕਰਨ ਦੇ ਸਮਰੱਥ ਹੋਇਆ ਜਦੋਂ ਉਹਨਾਂ ਨੇ ਉਹਦੇ ਰਾਹ ਵਿੱਚੋਂ ਘੱਟੋ ਘੱਟ ਸਭ ਤੋਂ ਮਾੜੀਆਂ ਰਾਜਨੀਤਕ ਰੁਕਾਵਟਾਂ ਦੂਰ ਕਰ ਦਿੱਤੀਆਂ। ਪਰ ਵੱਡੀ ਹੱਦ ਤੱਕ ਸੰਸਾਰ ਮੰਡੀ ਉੱਤੇ ਪਹਿਲੋਂ ਕਬਜ਼ਾ ਹੋ ਚੁੱਕਿਆ ਸੀ। ਆਮ ਖਪਤ ਦੀਆਂ ਚੀਜ਼ਾਂ ਇੰਗਲੈਂਡ ਸਪਲਾਈ

ਕਰਦਾ ਸੀ ਅਤੇ ਸੋਹਣੀਆਂ ਐਸ਼ ਦੀਆਂ ਚੀਜ਼ਾਂ ਫ਼ਰਾਂਸ ਵੱਲੋਂ ਸਪਲਾਈ ਕੀਤੀਆਂ ਜਾਂਦੀਆਂ ਸਨ। ਜਰਮਨੀ ਕੀਮਤ ਵਿੱਚ ਇੰਗਲੈਂਡ ਨੂੰ ਅਤੇ ਕੁਆਲਟੀ ਵਿੱਚ ਫ਼ਰਾਂਸ ਨੂੰ ਮਾਤ ਨਹੀਂ ਸੀ ਦੇ ਸਕਦਾ। ਇਸ ਲਈ ਉਸ ਸਮੇਂ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ ਕਿ ਉਸ ਸਮੇਂ ਤੱਕ ਜਰਮਨ ਪੈਦਾਵਾਰ ਵੱਲੋਂ ਜੋ ਕੁੱਝ ਕੀਤਾ ਗਿਆ ਸੀ ਉਹੀ ਕੀਤਾ ਜਾਵੇ, ਸੰਸਾਰ ਮੰਡੀ ਵਿੱਚ ਅਜਿਹੀਆਂ ਚੀਜ਼ਾਂ ਲੈ ਕੇ ਘੁਸ ਜਾਣਾ ਜੋ ਅੰਗਰੇਜ਼ਾਂ ਲਈ ਬਹੁਤ ਨਿਗੂਣੀਆਂ ਅਤੇ ਫ਼ਰਾਂਸੀਸੀਆਂ ਲਈ ਭੱਦੀਆਂ ਸਨ। ਨਿਰਸੰਦੇਹ, ਪਹਿਲਾਂ ਚੰਗੇ ਨਮੂਨੇ ਭੇਜ ਕੇ ਮਗਰੋਂ ਘਟੀਆਂ ਚੀਜ਼ਾਂ ਭੇਜ ਕੇ ਧੋਖਾ ਦੇਣ ਦੇ ਆਮ ਰਿਵਾਜ ਨੂੰ ਛੇਤੀ ਹੀ ਸੰਸਾਰ ਮੰਡੀ ਵਿੱਚ ਚੰਗੀ ਸਖ਼ਤ ਸਜ਼ਾ ਮਿਲੀ ਅਤੇ ਇਹਨੂੰ ਛੱਡ ਦਿੱਤਾ ਗਿਆ। ਦੂਜੇ ਪਾਸੇ ਲੋੜੋਂ ਵੱਧ ਪੈਦਾਵਾਰ ਦੇ ਮੁਕਾਬਲੇ ਨੇ ਸਹਿਜੇ ਸਹਿਜੇ ਸਤਿਕਾਰਯੋਗ ਅੰਗਰੇਜ਼ਾਂ ਨੂੰ ਵੀ ਕੁਆਲਟੀ ਘਟਾਉਣ ਦੇ ਨਿਵਾਣ ਵੱਲ ਜਾਂਦੇ ਮਾਰਗ ਉੱਤੇ ਧੱਕ ਦਿੱਤਾ ਅਤੇ ਇਸ ਤਰ੍ਹਾਂ ਜਰਮਨਾਂ ਨੂੰ ਲਾਭ ਪੁਜਿਆਂ ਜਿਨ੍ਹਾਂ ਨੂੰ ਇਸ ਖੇਤਰ ਵਿੱਚ ਕੋਈ ਮਾਤ ਨਹੀਂ ਦੇ ਸਕਦਾ ਅਤੇ ਇਸ ਤਰ੍ਹਾਂ ਅਸੀਂ ਅਖੀਰ ਵੱਡੇ ਪੱਧਰ ਦੀ ਸਨਅਤ ਦੇ ਮਾਲਕ ਬਣ ਗਏ ਅਤੇ ਸੰਸਾਰ ਮੰਡੀ ਵਿੱਚ ਰੋਲ਼ ਅਦਾ ਕਰਨ ਲੱਗੇ। ਪਰ ਸਾਡੀ ਵੱਡੇ ਪੈਮਾਨੇ ਦੀ ਸਨਅਤ ਲਗਭਗ ਨਿਰੋਲ ਰੂਪ ਵਿੱਚ ਘਰੇਲੂ ਮੰਡੀ ਲਈ ਕੰਮ ਕਰਦੀ ਹੈ (ਇਸ ਵਿੱਚ ਲੋਹਾ ਸਨਅਤ ਹੀ ਛੋਟ ਹੈ, ਜੋ ਘਰੇਲੂ ਮੰਗ ਦੀਆਂ ਹੱਦਾਂ ਤੋਂ ਕਿਤੇ ਪਰ੍ਹੇ ਤੱਕ ਲਈ ਪੈਦਾਵਾਰ ਕਰਦੀ ਹੈ) ਅਤੇ ਸਾਡੀ ਸਮੂਹ ਬਰਾਮਦ ਛੋਟੀਆਂ ਚੀਜ਼ਾਂ ਦੀ ਬਹੁਤ ਭਾਰੀ ਗਿਣਤੀ ਉੱਤੇ ਸਮਿਲਤ ਹੈ ਜਿਸ ਲਈ ਵੱਡੇ ਪੈਮਾਨੇ ਦੀ ਸਨਅਤ ਵੱਧ ਤੋਂ ਵੱਧ ਅੱਧ-ਤਿਆਰ ਚੀਜ਼ਾਂ ਮੁੱਖ ਰੂਪ ਵਿੱਚ ਪੇਂਡੂ ਘਰੇਲੂ ਸਨਅਤ ਵੱਲੋਂ ਸਪਲਾਈ ਕੀਤੀਆਂ ਜਾਂਦੀਆਂ ਹਨ।

ਅਤੇ ਇਸ ਵਿੱਚ ਆਧੁਨਿਕ ਮਜ਼ਦੂਰ ਲਈ ਰਿਹਾਇਸ਼ੀ "ਘਰ" ਅਤੇ ਜ਼ਮੀਨ ਮਾਲਕੀ ਦੀ "ਨਿਆਮਤ" ਆਪਣੀ ਪੂਰੀ ਸ਼ਾਨ ਵਿੱਚ ਵੇਖੀ ਜਾ ਸਕਦੀ ਹੈ। ਮੁਸ਼ਕਿਲ ਨਾਲ਼ ਆਇਰਸ਼ ਘਰੇਲੂ ਸਨਅਤਾਂ ਤੋਂ ਇਲਾਵਾ ਕਿਸੇ ਵੀ ਹੋਰ ਥਾਂ ਅਜਿਹੀਆਂ ਮਾੜੀਆਂ, ਘੱਟ ਉਜਰਤਾਂ ਅਦਾ ਨਹੀਂ ਕੀਤੀਆਂ ਜਾਂਦੀਆਂ ਜਿੰਨੀਆਂ ਜਰਮਨ ਘਰੇਲੂ ਸਨਅਤਾਂ ਵਿੱਚ ਅਦਾ ਕੀਤੀਆਂ ਜਾਂਦੀਆਂ ਹਨ। ਮੁਕਾਬਲਾ ਸਰਮਾਏਦਾਰ ਨੂੰ ਕਿਰਤ ਸ਼ਕਤੀ ਦੀ ਕੀਮਤ ਵਿੱਚੋਂ ਉਸ ਵਿੱਚੋਂ ਜੋ ਟੱਬਰ ਆਪਣੇ ਨਿੱਕੇ ਬਗੀਚੇ ਜਾਂ ਖੇਤ ਤੋਂ ਕਮਾਉਂਦਾ ਹੈ, ਕਟੌਤੀ ਕਰਨ ਦੀ ਆਗਿਆ ਦਿੰਦਾ ਹੈ। ਮਜ਼ਦੂਰਾਂ ਨੂੰ ਕੰਮ ਦੀ ਮਿਕਦਾਰ ਅਨੁਸਾਰ ਪੇਸ਼ ਕੀਤੀਆਂ ਗਈਆਂ ਉਜਰਤਾਂ ਪ੍ਰਵਾਨ ਕਰਨ ਉੱਤੇ ਮਜਬੂਰ ਕੀਤਾ ਜਾਂਦਾ ਹੈ ਕਿਉਂਕਿ ਨਹੀਂ ਤਾਂ ਉਹਨਾਂ ਉੱਕਾ ਹੀ ਕੁੱਝ ਨਹੀਂ ਮਿਲੇਗਾ ਅਤੇ ਉਹ ਕੇਵਲ ਆਪਣੀ ਖੇਤੀ ਦੀਆਂ ਚੀਜ਼ਾਂ ਉੱਤੇ ਗੁਜ਼ਾਰਾ ਨਹੀਂ ਕਰ ਸਕਦੇ ਅਤੇ ਕਿਉਂਕਿ ਦੂਜੇ ਪਾਸੇ ਇਹ ਜ਼ਰਾਇਤ ਅਤੇ ਜ਼ਮੀਨ ਦੀ ਮਾਲਕੀ ਹੀ ਹੈ ਜੋ ਉਹਨਾਂ ਨੂੰ ਉਸ ਥਾਂ ਉੱਤੇ ਬੰਨ੍ਹ ਕੇ ਰੱਖਦੀ ਹੈ ਅਤੇ ਉਹਨਾਂ ਨੂੰ ਦੂਜੀਆਂ ਥਾਂਵਾਂ ਉੱਤੇ ਰੁਜ਼ਗਾਰ ਦੀ ਤਲਾਸ਼ ਕਰਨੋਂ ਰੋਕਦੀ ਹੈ। ਇਹ ਉਹ ਅਧਾਰ ਹੈ ਜਿਹੜਾ ਨਿੱਕੀਆਂ ਚੀਜ਼ਾਂ ਦੀ ਸਮੁੱਚੀ ਲੜੀ ਵਿੱਚ ਸੰਸਾਰ ਮੰਡੀ ਅੰਦਰ ਮੁਕਾਬਲਾ ਕਰਨ ਦੀ ਜਰਮਨੀ ਦੀ ਸਮਰੱਥਾ ਨੂੰ ਕਾਇਮ ਰੱਖਦਾ ਹੈ। ਸਮੁੱਚਾ ਮੁਨਾਫਾ ਸਾਧਾਰਨ ਉਜਰਤਾਂ ਵਿੱਚੋਂ ਕੀਤੀ ਕਟੌਤੀ ਤੋਂ ਹਾਸਲ ਕੀਤਾ ਜਾਂਦਾ ਹੈ ਅਤੇ ਸਮੁੱਚੀ ਵਾਫ਼ਰ ਕਦਰ ਖ਼ਰੀਦਦਾਰ ਨੂੰ ਪੇਸ਼ ਕੀਤੀ ਜਾ ਸਕਦੀ ਹੈ। ਇਹ ਹੈ

ਜਰਮਨੀ ਦੀਆਂ ਬਰਾਮਦ ਦੀਆਂ ਬਹੁਤੀਆਂ ਚੀਜ਼ਾਂ ਦੇ ਅਸਾਧਾਰਨ ਸਸਤੇਪਣ ਦਾ ਭੇਦ।

ਕਿਸੇ ਹੋਰ ਨਾਲ਼ੋਂ ਇਹ ਗੱਲ ਵਧੇਰੇ ਹੀ ਹੈ ਜੋ ਦੂਜੇ ਸਨਅਤੀ ਖੇਤਰਾਂ ਵਿੱਚ ਵੀ ਜਰਮਨ ਮਜ਼ਦੂਰਾਂ ਦੀਆਂ ਉਜਰਤਾਂ ਨੂੰ ਅਤੇ ਜੀਵਨ ਹਾਲਤਾਂ ਨੂੰ ਪੱਛਮੀ ਯੂਰਪੀ ਦੇਸ਼ਾਂ ਦੇ ਪੱਧਰ ਨਾਲ਼ੋਂ ਨੀਵਾਂ ਰੱਖਦੀ ਹੈ। ਕਿਰਤ ਦੀਆਂ ਅਜਿਹੀਆਂ ਕੀਮਤਾਂ ਦਾ ਮਾਰੂ ਬੋਝ ਜੋ ਰਵਾਇਤੀ ਤੌਰ ’ਤੇ ਕਿਰਤ ਸ਼ਕਤੀ ਦੀ ਕਦਰ ਨਾਲ਼ੋਂ ਕਿਤੇ ਨੀਵੀਆਂ ਰੱਖੀਆਂ ਜਾਂਦੀਆਂ ਹਨ, ਸ਼ਹਿਰੀ ਮਜ਼ਦੂਰਾਂ ਦੀਆਂ ਤੇ ਇੱਥੋਂ ਤੱਕ ਕਿ ਵੱਡੇ ਸ਼ਹਿਰਾਂ ਦੇ ਮਜ਼ਦੂਰਾਂ ਦੀਆਂ ਉਜਰਤਾਂ ਵੀ ਕਿਰਤ ਸ਼ਕਤੀ ਦੀ ਕਦਰ ਨਾਲ਼ੋਂ ਘੱਟ ਕਰਦਾ ਹੈ; ਅਤੇ ਇਹ ਗੱਲ ਹੋਰ ਵੀ ਵਧੇਰੇ ਇਸ ਕਰਕੇ ਹੈ ਕਿ ਬਹੁਤ ਘੱਟ ਅਦਾਇਗੀ ਵਾਲ਼ੀ ਘਰੇਲੂ ਸਨਅਤ ਨੇ ਸ਼ਹਿਰਾਂ ਵਿੱਚ ਵੀ ਪੁਰਾਣੀਆਂ ਦਸਤਕਾਰੀਆਂ ਦੀ ਥਾਂ ਲੈ ਲਈ ਹੈ ਅਤੇ ਇੱਥੇ ਵੀ ਉਜਰਤਾਂ ਦਾ ਆਮ ਪੱਧਰ ਬਹੁਤ ਨੀਵਾਂ ਹੋ ਗਿਆ ਹੈ।

ਇੱਥੇ ਅਸੀਂ ਸਪੱਸ਼ਟ ਰੂਪ ਵਿੱਚ ਵੇਖ ਰਹੇ ਹਾਂ ਕਿ ਪਹਿਲੇ ਇਤਿਹਾਸਕ ਪੜਾਅ ਵਿੱਚ ਜਿਹੜੀ ਗੱਲ ਮਜ਼ਦੂਰਾਂ ਲਈ ਮੁਕਾਬਲਤਨ ਖੁਸ਼ਹਾਲੀ ਦਾ ਅਧਾਰ ਸੀ, ਭਾਵ ਜ਼ਰਾਇਤ ਤੇ ਸਨਅਤ ਦਾ ਮੇਲ, ਘਰ, ਬਗੀਚਾ ਤੇ ਖੇਤ ਦੀ ਮਾਲਕੀ ਅਤੇ ਰਿਹਾਇਸ਼ ਵਾਲ਼ੀ ਥਾਂ ਦਾ ਯਕੀਨੀ ਹੋਣਾ, ਅੱਜ ਵੱਡੇ ਪੈਮਾਨੇ ਦੀ ਸਨਅਤ ਦੇ ਨੇਮ ਅਧੀਨ ਮਜ਼ਦੂਰ ਦੇ ਰਾਹ ਵਿੱਚ ਸਭ ਤੋਂ ਭੈੜੀ ਰੁਕਾਵਟ ਹੀ ਨਹੀਂ ਸਗੋਂ ਸਮੁੱਚੀ ਮਜ਼ਦੂਰ ਜਮਾਤ ਲਈ ਮੁਸੀਬਤ ਦਾ ਅਤੇ ਉਜਰਤਾਂ ਦਾ ਸਾਧਾਰਨ ਪੱਧਰ ਨਾਲ਼ੋ ਬੇਮਿਸਾਲ ਰੂਪ ਵਿੱਚ ਨੀਵੇਂ ਡਿੱਗ ਜਾਣ ਦਾ ਅਧਾਰ ਵੀ ਬਣ ਗਈ ਹੈ ਅਤੇ ਇਹ ਗੱਲ ਕੇਵਲ ਵੱਖਰੇ ਇਲਾਕਿਆਂ ਅਤੇ ਅਦਾਰਿਆਂ ਦੀਆਂ ਸ਼ਾਖਾਂ ਬਾਰੇ ਨਹੀਂ ਸਗੋਂ ਸਮੁੱਚੇ ਦੇਸ਼ ਬਾਰੇ ਸੱਚ ਹੈ। ਇਸ ਲਈ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਵੱਡੀ ਤੇ ਛੋਟੀ ਬੁਰਜੂਆਜ਼ੀ ਜੋ ਉਜਰਤਾਂ ਵਿੱਚੋਂ ਇਹਨਾਂ ਅਸਾਧਾਰਨ ਕਟੌਤੀਆਂ ਕਾਰਨ ਅਮੀਰ ਹੋ ਰਹੀਆਂ ਹਨ ਪੇਂਡੂ ਸਨਅਤ ਬਾਰੇ ਇੰਨੇ ਉਤਸਾਹਤ ਹਨ ਅਤੇ ਸਾਰੀ ਪੇਂਡੂ ਮੁਸੀਬਤ ਦੇ ਇੱਕੋ ਇੱਕ ਇਲਾਜ ਵਜੋਂ ਨਵੀਆਂ ਘਰੇਲੂ ਸਨਅਤਾਂ ਦਾ ਚਾਲੂ ਕੀਤੇ ਜਾਣਾ ਸਮਝਦੇ ਹਨ।

ਇਹ ਤਸਵੀਰ ਦਾ ਇੱਕ ਪਾਸਾ ਹੈ, ਪਰ ਇਹਦਾ ਦੂਜਾ ਰੁਖ ਵੀ ਹੈ। ਘਰੇਲੂ ਸਨਅਤ ਜਰਮਨੀ ਦੇ ਬਰਾਮਦੀ ਵਪਾਰ ਦਾ, ਇਸ ਲਈ, ਵੱਡੇ ਪੈਮਾਨੇ ਦੀ ਸਮੁੱਚੀ ਸਨਅਤ ਦਾ ਅਧਾਰ ਬਣ ਗਈ ਹੈ। ਇਸੇ ਕਰਕੇ ਇਹ ਜਰਮਨੀ ਦੇ ਵਿਸ਼ਾਲ ਇਲਾਕਿਆਂ ਵਿੱਚ ਫੈਲ ਗਈ ਹੈ ਅਤੇ ਹਰ ਰੋਜ਼ ਹੋਰ ਵੀ ਜ਼ਿਆਦਾ ਫੈਲਦੀ ਜਾ ਰਹੀ ਹੈ। ਛੋਟੇ ਕਿਸਾਨ ਦੀ ਤਬਾਹੀ, ਜੋ ਕਿ ਉਹਦੀ ਆਪਣੀ ਵਰਤੋਂ ਵਾਲ਼ੀ ਸਨਅਤੀ ਘਰੇਲੂ ਪੈਦਾਵਾਰ ਦੀ, ਸਸਤੀਆਂ ਨਿੱਤ ਵਰਤੋਂ ਦੀਆਂ ਤੇ ਮਸ਼ੀਨੀ ਪੈਦਾਵਾਰਾਂ ਹੱਥੋਂ ਤਬਾਹੀ ਨੇ ਅਟੱਲ ਬਣਾ ਦਿੱਤੀ ਸੀ, ਜਿਵੇਂ ਕਿ ਉਹਦੇ ਪਸ਼ੂ ਪਾਲਣ ਨਾਲ਼, ਵਾਪਰਿਆ ਅਤੇ ਇਸ ਲਈ ਉਹਦੀ ਖਾਦ ਦੀ ਪੈਦਾਵਾਰ ਮਾਰਕ ਪ੍ਰਣਾਲੀ ਖਪਤ ਕਰਨ ਨਾਲ਼ ਸਾਂਝੇ ਮਾਰਕ ਦੇ ਤੇ ਲਾਜ਼ਮੀ ਤੌਰ ’ਤੇ ਬਦਲਵੀਆਂ ਫ਼ਸਲਾਂ ਦੀ ਬਿਜਾਈ ਦੇ ਖਾਤਮੇ ਨਾਲ਼ ਤਬਾਹ ਹੋ ਗਈ — ਇਹ ਤਬਾਹੀ ਛੋਟੇ ਕਿਸਾਨ ਨੂੰ ਜਿਹੜਾ ਸੂਦਖੋਰ ਦਾ ਸ਼ਿਕਾਰ ਹੋ ਗਿਆ ਹੈ, ਆਧੁਨਿਕ ਘਰੇਲੂ ਸਨਅਤ ਦੀਆਂ ਬਾਹਾਂ ਵਿੱਚ ਧੱਕ ਰਹੀ ਹੈ। ਆਇਰਲੈਂਡ ਵਿੱਚ ਜਾਗੀਰਦਾਰ ਦੇ ਲਗਾਨ ਵਾਂਗ, ਜਰਮਨੀ ਦੇ ਗਿਰਵੀ ਵਾਲ਼ੇ

ਸੂਦਖੋਰ ਦਾ ਸੂਦ ਵੀ ਜ਼ਮੀਨ ਦੀ ਉਪਜ ਤੋਂ ਨਹੀਂ ਸਗੋਂ ਕੇਵਲ ਸਨਅਤੀ ਕਿਸਾਨ ਦੀਆਂ ਉਜਰਤਾਂ ਤੋਂ ਹੀ ਅਦਾ ਕੀਤਾ ਜਾ ਸਕਦਾ ਹੈ। ਪਰ ਘਰੇਲੂ ਸਨਅਤ ਦੇ ਪਸਾਰ ਨਾਲ਼ ਇੱਕ ਤੋਂ ਮਗਰੋਂ ਦੂਜਾ ਕਿਸਾਨ ਇਲਾਕਾ ਅਜੋਕੀ ਸਨਅਤੀ ਲਹਿਰ ਵਿੱਚ ਖਿਚਿਆ ਜਾ ਰਿਹਾ ਹੈ। ਇਹ ਘਰੇਲੂ ਸਨਅਤ ਵੱਲੋਂ ਪੇਂਡੂ ਇਲਾਕਿਆਂ ਦਾ ਇਨਕਲਾਬੀਕਰਨ ਹੀ ਹੈ ਜਿਹੜਾ ਇੰਗਲੈਂਡ ਤੇ ਫ਼ਰਾਂਸ ਨਾਲ਼ੋਂ ਜਰਮਨੀ ਵਿੱਚ ਸਨਅਤੀ ਇਨਕਲਾਬ ਨੂੰ ਕਿਤੇ ਵਿਸ਼ਾਲ ਇਲਾਕੇ ਵਿੱਚ ਫੈਲਾ ਰਿਹਾ ਹੈ। ਇਹ ਸਾਡੀ ਸਨਅਤ ਦਾ ਮੁਕਾਬਲਤਨ ਨੀਵਾਂ ਪੱਧਰ ਹੈ ਜੋ ਇਹਦੇ ਪਸਾਰ ਨੂੰ ਇਸ ਇਲਾਕੇ ਵਿੱਚ ਹੋਰ ਵੀ ਵਧੇਰੇ ਜ਼ਰੂਰੀ ਬਣਾਉਂਦਾ ਹੈ। ਇਹ ਇਸ ਗੱਲ ਨੂੰ ਸਪੱਸ਼ਟ ਕਰਦਾ ਹੈ ਕਿ ਇੰਗਲੈਂਡ ਤੇ ਫ਼ਰਾਂਸ ਦੇ ਉਲਟ ਜਰਮਨੀ ਵਿੱਚ ਇਨਕਲਾਬੀ ਮਜ਼ਦੂਰ ਜਮਾਤ ਲਹਿਰ ਕੇਵਲ ਸ਼ਹਿਰੀ ਕੇਂਦਰਾਂ ਤੱਕ ਹੀ ਸੀਮਤ ਰਹਿਣ ਦੀ ਬਜਾਏ ਦੇਸ਼ ਦੇ ਵੱਡੇਰੇ ਭਾਗ ਵਿੱਚ ਇੰਨੇ ਜ਼ੋਰਦਾਰ ਢੰਗ ਨਾਲ਼ ਕਿਵੇਂ ਫੈਲ ਗਈ ਹੈ ਅਤੇ ਆਪਣੀ ਵਾਰੀ ਇਹ ਗੱਲ ਲਹਿਰ ਦੀ ਸ਼ਾਂਤ, ਯਕੀਨੀ ਅਤੇ ਅਮੋੜ ਤਰੱਕੀ ਦਾ ਸਪੱਸ਼ਟੀਕਰਣ ਕਰਦੀ ਹੈ। ਇਹ ਗੱਲ ਐਨ ਸਪੱਸ਼ਟ ਹੈ ਕਿ ਜਰਮਨੀ ਵਿੱਚ ਕੋਈ ਜੇਤੂ ਬਗਾਵਤ ਰਾਜਧਾਨੀ ਵਿੱਚ ਅਤੇ ਦੂਜੇ ਵੱਡੇ ਸ਼ਹਿਰਾਂ ਵਿੱਚ ਕੇਵਲ ਉਦੋਂ ਹੀ ਸਫਲ ਹੋਵੇਗੀ ਜਦੋਂ ਛੁਟੇਰੇ ਸ਼ਹਿਰ ਅਤੇ ਪੇਂਡੂ ਇਲਾਕਿਆਂ ਦਾ ਵੱਡਾ ਭਾਗ ਇਨਕਲਾਬੀ ਤਬਦੀਲੀ ਲਈ ਪੱਕ ਜਾਣਗੇ। ਜੇਕਰ ਸਾਧਾਰਨ ਵਿਕਾਸ ਜਾਰੀ ਰਹਿੰਦਾ ਹੈ ਤਾਂ ਅਸੀਂ 1848 ਤੇ 1871 ਵਿੱਚ ਪੈਰਿਸ ਵਾਸੀਆਂ ਵਰਗੀਆਂ ਮਜ਼ਦੂਰ ਜਮਾਤ ਦੀਆਂ ਜਿੱਤਾਂ ਜਿੱਤਣ ਦੀ ਪੋਜੀਸ਼ਨ ਵਿੱਚ ਕਦੀ ਵੀ ਨਹੀਂ ਹੋਵਾਂਗੇ, ਪਰ ਉਸੇ ਕਾਰਨ ਕਰਕੇ ਅਸੀਂ ਪਿਛਾਖੜੀ ਸੂਬਿਆਂ ਹੱਥੋਂ ਇਨਕਲਾਬੀ ਰਾਜਧਾਨੀ ਦੀ ਹਾਰ ਵੀ ਨਹੀਂ ਹੋਣ ਦੇਵਾਂਗੇ ਜਿਵੇਂ ਕਿ ਦੋਵਾਂ ਮਾਮਲਿਆਂ ਵਿੱਚ ਪੈਰਿਸ ਨਾਲ਼ ਬੀਤੀ ਹੈ। ਫ਼ਰਾਂਸ ਵਿੱਚ ਲਹਿਰ ਦਾ ਜਨਮ ਹਮੇਸ਼ਾ ਹੀ ਰਾਜਧਾਨੀ ਵਿੱਚ ਹੋਇਆ; ਜਰਮਨੀ ਵਿੱਚ ਇਹ ਵੱਡੀ ਸਨਅਤ ਦੇ, ਕਾਰਖਾਨਿਆਂ ਤੇ ਘਰੇਲੂ ਸਨਅਤੀ ਇਲਾਕਿਆਂ ਵਿੱਚ ਜਨਮੀ; ਰਾਜਧਾਨੀ ਨੂੰ ਕੇਵਲ ਮਗਰੋਂ ਜਾ ਕੇ ਹੀ ਫ਼ਤਿਹ ਕੀਤਾ ਗਿਆ। ਇਸੇ ਲਈ ਸ਼ਾਇਦ ਭਵਿੱਖ ਵਿੱਚ ਵੀ ਪਹਿਲਕਦਮੀ ਫ਼ਰਾਂਸੀਸੀਆਂ ਦੇ ਹੱਥ ਹੀ ਰਹੇਗੀ ਜਦੋਂ ਕਿ ਫ਼ੈਸਲਾਕੁੰਨ ਸੰਗਰਾਮ ਕੇਵਲ ਜਰਮਨੀ ਵਿੱਚ ਹੀ ਲੜਿਆ ਜਾਵੇਗਾ।

ਹੁਣ ਇਹ ਘਰੇਲੂ ਸਨਅਤ ਤੇ ਮਾਲ ਦੀ ਤਿਆਰੀ ਦਾ ਕੰਮ, ਜੋ ਆਪਣੇ ਪਸਾਰ ਕਰਕੇ ਜਰਮਨ ਪੈਦਾਵਾਰ ਦੀ ਨਿਰਣਈ ਸ਼ਾਖ ਬਣ ਗਈ ਹੈ ਅਤੇ ਇਸ ਤਰ੍ਹਾਂ ਜਰਮਨ ਕਿਸਾਨੀ ਨੂੰ ਵਧੇਰੇ ਇਨਕਲਾਬੀ ਬਣਾਇਆ ਜਾ ਰਿਹਾ ਹੈ, ਆਪਣੇ ਆਪ ਵਿੱਚ, ਹੋਰ ਇਨਕਲਾਬੀ ਤਬਦੀਲੀ ਦਾ ਕੇਵਲ ਮੁੱਢਲਾ ਪੜਾਅ ਹੀ ਹੈ। ਜਿਵੇਂ ਕਿ ਮਾਰਕਸ ਨੇ ਸਿੱਧ ਕਰ ਵੀ ਦਿੱਤਾ ਹੈ (ਸਰਮਾਇਆ, ਜ਼ਿਲਦ-1, ਐਡੀਸ਼ਨ ਤੀਜੀ, ਪੰਨੇ 484-95) (ਕਾਰਲ ਮਾਰਕਸ, ਸਰਮਾਇਆ, ਜ਼ਿਲਦ-1, ਮਾਸਕੋ, ਪੰਨੇ 470-80. —ਸੰਪਾ.), ਵਿਕਾਸ ਦੇ ਇੱਕ ਵਿਸ਼ੇਸ਼ ਪੜਾਅ ਉੱਤੇ ਉਹਦੇ ਪਤਣ ਦੀ ਘੜੀ ਮਸ਼ੀਨਰੀ ਕਰਕੇ ਅਤੇ ਫ਼ੈਕਟਰੀ ਪੈਦਾਵਾਰ ਕਰਕੇ ਜ਼ਰੂਰ ਆਉਂਦੀ ਹੈ ਅਤੇ ਇਹ ਘੜੀ ਬਸ ਨੇੜੇ ਹੀ ਜਾਪਦੀ ਹੈ। ਪਰ ਜਰਮਨੀ ਵਿੱਚ ਪੇਂਡੂ ਘਰੇਲੂ ਸਨਅਤ ਤੇ ਮਾਲ ਦੀ ਤਿਆਰੀ ਦੀ ਮਸ਼ੀਨਰੀ ਤੇ ਫ਼ੈਕਟਰੀ ਦੀ ਪੈਦਾਵਾਰ ਹੱਥੋਂ ਤਬਾਹੀ ਦਾ ਅਰਥ ਲਖੂਖਾ ਪੇਂਡੂ ਉਤਪਾਦਕਾਂ ਦੇ ਰੁਜ਼ਗਾਰ ਦੀ ਤਬਾਹੀ, ਲਗਭਗ ਅੱਧੀ

ਜਰਮਨ ਛੋਟੀ ਕਿਸਾਨੀ ਦਾ ਸਭ ਕੁੱਝ ਖੋਹ ਲੈਣਾ ਬਣਦਾ ਹੈ ਅਤੇ ਕੇਵਲ ਘਰੇਲੂ ਸਨਅਤ ਦੀ ਫ਼ੈਕਟਰੀ ਪੈਦਾਵਾਰ ਵਿੱਚ ਤਬਦੀਲੀ ਹੀ ਨਹੀਂ ਸਗੋਂ ਕਿਸਾਨੀ ਖੇਤੀ ਦੀ ਵੱਡ-ਪੱਧਰੀ ਪੂੰਜੀਵਾਦੀ ਜ਼ਰਾਇਤ ਵਿੱਚ ਤਬਦੀਲੀ ਅਤੇ ਛੋਟੀ ਜ਼ਮੀਨੀ ਜਾਇਦਾਦ ਦੀ ਵੱਡੀਆਂ ਜਾਇਦਾਦਾਂ ਵਿੱਚ ਤਬਦੀਲੀ ਹੋ ਜਾਣਾ ਭਾਵ ਕਿਸਾਨਾਂ ਦੀ ਕੀਮਤ ਉੱਤੇ ਪੂੰਜੀ ਤੇ ਵੱਡੀ ਮਾਲਕੀ ਦੇ ਪੱਖ ਵਿੱਚ ਸਨਅਤੀ ਤੇ ਜ਼ਰਾਇਤੀ ਇਨਕਲਾਬ ਦਾ ਹੋ ਜਾਣਾ ਵੀ ਬਣਦਾ ਹੈ। ਪੁਰਾਣੀਆਂ ਸਮਾਜਕ ਹਾਲਤਾਂ ਦੇ ਹੁੰਦਿਆਂ ਜੇਕਰ ਜਰਮਨੀ ਦੀ ਹੋਣੀ ਵਿੱਚ ਇਸ ਤਬਦੀਲੀ ਵਿੱਚੋਂ ਲੰਘਣਾ ਹੀ ਲਿਖਿਆ ਹੈ ਤਾਂ ਇਹ ਨਿਰਸੰਦੇਹ, ਇੱਕ ਮੋੜ ਹੋਵੇਗਾ। ਜੇਕਰ ਉਸ ਸਮੇਂ ਤੱਕ ਕਿਸੇ ਵੀ ਹੋਰ ਦੇਸ਼ ਦੀ ਮਜ਼ਦੂਰ ਜਮਾਤ ਨੇ ਕੋਈ ਪਹਿਲਕਦਮੀ ਨਾ ਕੀਤੀ ਤਾਂ ਯਕੀਨੀ ਤੌਰ 'ਤੇ ਜਰਮਨੀ ਪਹਿਲਾਂ ਸੱਟ ਮਾਰੇਗਾ ਅਤੇ "ਸ਼ਾਨਦਾਰ ਫ਼ੌਜ" ਦੇ ਕਿਸਾਨ ਬੇਟੇ ਬਹਾਦਰੀ ਨਾਲ਼ ਸਹਾਇਤਾ ਕਰਨਗੇ।

ਅਤੇ ਇਸ ਬੁਰਜੂਆ ਤੇ ਨਿੱਕ-ਬੁਰਜੂਆ ਯੂਟੋਪੀਆ ਨਾਲ਼, ਜੋ ਕਿ ਹਰ ਇੱਕ ਮਜ਼ਦੂਰ ਨੂੰ ਉਹਦੇ ਆਪਣੇ ਨਿੱਕੇ ਜਿਹੇ ਘਰ ਦਾ ਮਾਲਕ ਬਣਾ ਦੇਵੇਗਾ ਅਤੇ ਇਸ ਤਰ੍ਹਾਂ ਉਹਨੂੰ ਉਹਦੇ ਵਿਸ਼ੇਸ਼ ਪੂੰਜੀਪਤੀ ਨਾਲ਼ ਅਰਧ-ਜਗੀਰੂ ਢੰਗ ਨਾਲ਼ ਬੰਨ੍ਹ ਦੇਵੇਗਾ, ਬਹੁਤ ਹੀ ਵੱਖਰਾ ਰੂਪ ਧਾਰਨ ਕਰ ਲੈਂਦਾ ਹੈ। ਇਸ ਦੀ ਸਾਕਾਰਤਾ ਦੇ ਬਦਲੇ ਵਿੱਚ ਸਾਰੇ ਨਿੱਕੇ ਪੇਂਡੂ ਘਰ-ਮਾਲਕ ਸਨਅਤੀ ਘਰੇਲੂ ਮਜ਼ਦੂਰ ਬਣ ਜਾਂਦੇ ਹਨ; ਪੁਰਾਣੇ ਨਿਖੇੜੇਪਣ ਦੀ ਤਬਾਹੀ ਤੇ ਇਹਦੇ ਨਾਲ਼ ਹੀ ਛੋਟੇ ਕਿਸਾਨਾਂ ਦੀ ਰਾਜਨੀਤਕ ਤੌਰ 'ਤੇ ਸਿਫ਼ਰ ਹੋਣ ਦੀ ਤਬਾਹੀ ਹੋ ਜਾਂਦੀ ਹੈ ਜਿਹੜੇ "ਸਮਾਜਕ ਘੁੰਮਣ-ਘੇਰੀ" ਵਿੱਚ ਖਿਚੇ ਜਾਂਦੇ ਹਨ; ਪੇਂਡੂ ਇਲਾਕਿਆ ਵਿੱਚ ਸਨਅਤੀ ਇਨਕਲਾਬ ਦਾ ਪਸਾਰ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਵਸੋਂ ਦੀ ਸਭ ਤੋਂ ਸਥਿਰ ਤੇ ਰੂੜੀਵਾਦੀ ਜਮਾਤ ਇਨਕਲਾਬ ਦਾ ਗੜ੍ਹ ਬਣ ਜਾਂਦੀ ਹੈ; ਅਤੇ ਇਸ ਸਾਰੇ ਕੁੱਝ ਦੀ ਸਿੱਖਰ ਇਹ ਹੈ ਕਿ ਘਰੇਲੂ ਸਨਅਤ ਵਿੱਚ ਲੱਗੇ ਕਿਸਾਨਾਂ ਨੂੰ ਮਸ਼ੀਨਰੀ ਰਾਹੀਂ ਨੰਗ ਕਰ ਦਿੱਤਾ ਜਾਂਦਾ ਹੈ ਜਿਹੜੀ ਗੱਲ ਕਿ ਉਹਨਾਂ ਨੂੰ ਮਲੋ ਮਲੀ ਬਗਾਵਤ ਵੱਲ ਧੱਕਦੀ ਹੈ।

ਅਸੀਂ ਬੁਰਜੂਆ ਸਮਾਜਵਾਦੀ ਪਰਉਪਕਾਰੀਆਂ ਨੂੰ ਆਪਣੇ ਆਦਰਸ਼ ਨਿੱਜੀ ਤੌਰ 'ਤੇ ਮਾਨਣ ਦੀ ਓਨਾ ਚਿਰ ਆਗਿਆ ਦੇਣ ਲਈ ਤਿਆਰ ਹਾਂ ਜਿੰਨਾ ਚਿਰ ਉਹ ਪੂੰਜੀਵਾਦੀਆਂ ਵਜੋਂ ਆਪਣੇ ਜਨਤਕ ਕੰਮ ਰਾਹੀਂ ਇਸ ਉਲਟੇ ਢੰਗ ਨਾਲ਼ ਸਮਾਜਕ ਇਨਕਲਾਬ ਦੇ ਲਾਭ ਤੇ ਤਰੱਕੀ ਦੇ ਪ੍ਰਾਪਤੀ ਕਰਨਾ ਜਾਰੀ ਰੱਖਣਗੇ।

**ਫ਼ਰੈਡਰਿਕ ਏਂਗਲਜ਼**

ਲੰਡਨ, 10 ਜਨਵਰੀ 1887
ਅਖ਼ਬਾਰ **ਦੇਰ ਸੋਜ਼ਿਆਲਦੇਮੋਕਰਾਤ** ਨੰ. 3 ਅਤੇ 4 ਵਿੱਚ 15 ਤੇ 22 ਜਨਵਰੀ 1887 ਨੂੰ ਅਤੇ ਕਿਤਾਬ ਫ਼. ਏਂਗਲਜ਼, **ਜ਼ੁਰ ਵੋਹਨੈਨਗਸਫ਼ਾਗੇ** ਹੋਟਿਨਜੈਨ-ਜ਼ਿਊਰਿਖ, 1887 ਵਿੱਚ ਪ੍ਰਕਾਸ਼ਤ ਕੀਤਾ ਗਿਆ।

(ਕਿਤਾਬ ਦੇ ਮੂਲ਼ ਪਾਠ ਅਨੁਸਾਰ ਛਾਪਿਆ ਗਿਆ। ਜਰਮਨ ਭਾਸ਼ਾ ਤੋਂ ਅਨੁਵਾਦਤ)

# ਘਰਾਂ ਦਾ ਸਵਾਲ

## ਭਾਗ ਪਹਿਲਾ

## ਪਰੂਧੋਂ ਘਰਾਂ ਦਾ ਸਵਾਲ ਕਿਵੇਂ ਹੱਲ ਕਰਦਾ ਹੈ

**ਵੋਲਕਸਤਾਤ** ਦੇ ਦਸ ਨੰਬਰ ਪਰਚੇ ਤੇ ਇਸ ਤੋਂ ਮਗਰੋਂ ਦੇ ਪਰਚਿਆਂ ਵਿੱਚ ਘਰਾਂ ਦੇ ਸਵਾਲ ਬਾਰੇ 6 ਲੇਖਾਂ ਦੀ ਇੱਕ ਲੜੀ ਮਿਲ ਸਕਦੀ ਹੈ। ਇਹ ਲੇਖ ਧਿਆਨ ਦੇਣ ਯੋਗ ਕੇਵਲ ਇਸ ਕਰਕੇ ਹਨ ਕਿ 40ਵਿਆਂ ਦੀਆਂ ਚਿਰਾਂ ਤੋਂ ਕੁੱਝ ਭੁੱਲੀਆਂ ਭਵਿੱਖੀ ਸਾਹਿਤਕ ਲਿਖਤਾਂ ਹੋਣ ਤੋਂ ਇਲਾਵਾ ਉਹ ਜਰਮਨੀ ਵਿੱਚ ਪਰੂਧੋਂਵਾਦੀ ਸਕੂਲ ਲਿਆਉਣ ਦਾ ਪਹਿਲਾ ਯਤਨ ਸੀ। ਜਰਮਨ ਸਮਾਜਵਾਦ ਦੇ ਵਿਕਾਸ ਦੇ ਸਮੁੱਚੇ ਮਾਰਗ ਦੀ ਤੁਲਨਾ ਵਿੱਚ ਇਹ ਪਿੱਛੇ ਵੱਲ ਨੂੰ ਇੰਨਾ ਵੱਡਾ ਕਦਮ ਬਣਦਾ ਹੈ ਜਿਸ ਸਮਾਜਵਾਦ ਨੇ ਕਿ 25 ਸਾਲ ਪਹਿਲਾਂ ਐਨ ਪਰੂਧੋਂਵਾਦੀ ਵਿਚਾਰਾਂ ਉੱਤੇ ਇੰਨੀ ਨਿਰਣਈ ਸੱਟ ਮਾਰੀ ਸੀ ਕਿ ਇਸ ਯਤਨ ਦਾ ਫ਼ੌਰੀ ਤੌਰ ’ਤੇ ਜਵਾਬ ਦੇਣਾ ਉਚਿੱਤ ਹੈ।

ਘਰਾਂ ਦੀ ਕਥਿਤ ਘਾਟ, ਜੋ ਅੱਜ ਕਲ੍ਹ ਪੈਰਿਸ ਵਿੱਚ ਇੰਨਾ ਵੱਡਾ ਰੋਲ਼ ਅਦਾ ਕਰ ਰਹੀ ਹੈ, ਇਸ ਤੱਥ ਵਿੱਚ ਸ਼ਾਮਲ ਨਹੀਂ ਹੈ ਕਿ ਮਜ਼ਦੂਰ ਜਮਾਤ ਆਮ ਤੌਰ ’ਤੇ ਭੈੜੇ, ਖਚਾ-ਖਚ ਭਰੇ ਅਤੇ ਗੈਰ-ਸਿਹਤਮੰਦ ਘਰਾਂ ਵਿੱਚ ਰਹਿ ਰਹੀ ਹੈ। ਇਹ ਘਾਟ ਵਰਤਮਾਨ ਲਈ ਕੋਈ ਵਿਸ਼ੇਸ਼ ਨਹੀਂ, ਇਹ ਪਹਿਲੋਂ ਸਾਰੀਆਂ ਦਰੜੀਆਂ ਜਮਾਤਾਂ ਦੇ ਮੁਕਾਬਲੇ ਆਧੁਨਿਕ ਪ੍ਰੋਲੇਤਾਰੀ ਦੀਆਂ ਖਾਸ ਮੁਸੀਬਤਾਂ ਵਿੱਚੋਂ ਇੱਕ ਵੀ ਨਹੀਂ ਹੈ। ਇਸ ਦੇ ਉਲਟ ਸਾਰੇ ਦੌਰਾਂ ਵਿੱਚ ਸਾਰੀਆਂ ਦਰੜੀਆਂ ਜਮਾਤਾਂ ਇੱਕੋ ਜਿਹੇ ਰੂਪ ਵਿੱਚ ਹੀ ਇਹਦਾ ਸ਼ਿਕਾਰ ਰਹੀਆਂ ਹਨ। ਘਰਾਂ ਦੀ ਇਸ ਘਾਟ ਦਾ ਖਾਤਮਾ ਕਰਨ ਲਈ ਕੇਵਲ ਇੱਕੋ ਇੱਕ ਸਾਧਨ ਮੌਜੂਦ ਹੈ: ਹੁਕਮਰਾਨ ਜਮਾਤ ਵੱਲੋਂ ਮਜ਼ਦੂਰ ਜਮਾਤ ਦੀ ਲੁੱਟ ਚੋਂਘ ਤੇ ਦਮਨ ਦਾ ਬਿਲਕੁੱਲ ਖਾਤਮਾ ਕਰ ਦਿੱਤਾ ਜਾਵੇ। ਅੱਜ ਘਰਾਂ ਦੀ ਘਾਟ ਦਾ ਅਰਥ ਬਣਦਾ ਹੈ ਵੱਡੇ ਸ਼ਹਿਰਾਂ ਵੱਲ ਵਸੋਂ ਦੀ ਅਚਾਨਕ ਧਾਈ ਦੇ ਨਤੀਜੇ ਵਜੋਂ ਮਜ਼ਦੂਰਾਂ ਦੀਆਂ ਘਰਾਂ ਦੀਆਂ ਮੰਦੀਆਂ ਹਾਲਤਾਂ ਦਾ ਹੋਰ ਤਿੱਖਾ ਹੋ ਜਾਣਾ, ਕਿਰਾਇਆਂ ਵਿੱਚ ਭਾਰੀ ਵਾਧਾ, ਵੱਖਰੇ ਘਰਾਂ ਵਿੱਚ ਹੋਰ ਵੀ ਜ਼ਿਆਦਾ ਭੀੜ-ਭੜੱਕਾ ਅਤੇ ਕੁੱਝ ਲਈ, ਰਹਿਣ ਵਾਸਤੇ ਉਕਾ ਕੋਈ ਥਾਂ ਨਾ ਲੱਭਣ ਦੀ ਸੰਭਾਵਨਾ ਅਤੇ ਇਸ ਘਰਾਂ ਦੀ ਸਮੱਸਿਆ ਬਾਰੇ ਇੰਨੀ ਜ਼ਿਆਦਾ ਚਰਚਾ ਕੇਵਲ ਇਸ ਕਰਕੇ ਹੈ ਕਿਉਂਕਿ ਇਹ ਕੇਵਲ ਮਜ਼ਦੂਰ ਜਮਾਤ ਤੱਕ ਸੀਮਤ ਨਹੀਂ ਸਗੋਂ ਇਹਨੇ ਨਿੱਕ-ਬੁਰਜੂਆਜ਼ੀ ਉੱਤੇ ਵੀ ਅਸਰ ਪਾਇਆ ਹੈ।

ਸਾਰੇ ਆਧੁਨਿਕ ਵੱਡੇ ਸ਼ਹਿਰਾਂ ਵਿੱਚ ਮਜ਼ਦੂਰਾਂ ਤੇ ਨਿੱਕ-ਬੁਰਜੂਆਜ਼ੀ ਦਾ ਇੱਕ ਹਿੱਸਾ ਜਿਹੜੇ ਘਰਾਂ ਦੀ ਘਾਟ ਦਾ ਸ਼ਿਕਾਰ ਹੋ ਰਹੇ ਹਨ, ਉਹ ਬਹੁਤ ਜ਼ਿਆਦਾ ਛੁਟੇਰੀਆਂ ਅਤੇ ਘੱਟ ਅਹਿਮੀਅਤ ਵਾਲ਼ੀਆਂ ਬੁਰਾਈਆਂ ਵਿੱਚੋਂ ਇੱਕ ਹੈ ਜਿਹੜੀਆਂ ਪੈਦਾਵਾਰ ਦੇ

ਅਜੋਕੇ ਪੂੰਜੀਵਾਦੀ ਢੰਗ ਤੋਂ ਪੈਦਾ ਹੁੰਦੀਆਂ ਹਨ। ਇਹ ਸਰਮਾਏਦਾਰ ਹੱਥੋਂ ਮਜ਼ਦੂਰ ਦੀ ਮਜ਼ਦੂਰ ਵਜੋਂ ਲੁੱਟ-ਚੋਂਘ ਦਾ ਸਿੱਧਾ ਨਤੀਜਾ ਨਹੀਂ ਹੈ। ਇਹ ਲੁੱਟ-ਚੋਂਘ ਤਾਂ ਅਜਿਹੀ ਬੁਨਿਆਦੀ ਬੁਰਾਈ ਹੈ ਜਿਸ ਨੂੰ ਸਮਾਜਕ ਇਨਕਲਾਬ ਪੈਦਾਵਾਰ ਦੇ ਪੂੰਜੀਵਾਦੀ ਢੰਗ ਦਾ ਖਾਤਮਾ ਕਰਕੇ ਖਤਮ ਕਰਨਾ ਚਾਹੁੰਦਾ ਹੈ। ਪਰ ਪੈਦਾਵਾਰ ਦੇ ਪੂੰਜੀਵਾਦੀ ਢੰਗ ਦਾ ਕੋਣਵੀ ਪੱਥਰ ਇਹ ਤੱਥ ਹੈ ਕਿ ਸਾਡਾ ਵਰਤਮਾਨ ਸਮਾਜਕ ਪ੍ਰਬੰਧ ਸਰਮਾਏਦਾਰ ਨੂੰ ਕੇਵਲ ਮਜ਼ਦੂਰ ਦੀ ਕਿਰਤ ਸ਼ਕਤੀ ਉਹਦੀ ਕਦਰ ਉੱਤੇ ਖਰੀਦਣ ਦੇ ਹੀ ਨਹੀਂ ਸਗੋਂ ਮਜ਼ਦੂਰ ਤੋਂ ਕਿਰਤ ਸ਼ਕਤੀ ਲਈ ਅਦਾ ਕੀਤੀ ਕੀਮਤ ਮੁੜ ਪੈਦਾ ਕਰਨ ਲਈ ਲੋੜੀਂਦੇ ਸਮੇਂ ਨਾਲ਼ੋਂ ਬਹੁਤਾ ਚਿਰ ਕੰਮ ਕਰਵਾ ਕੇ ਉਹਦੀ ਕਦਰ ਨਾਲ਼ੋਂ ਕਿਤੇ ਵੱਧ ਹਾਸਲ ਕਰਨ ਦੇ ਸਮਰੱਥ ਬਣਾਉਂਦਾ ਹੈ। ਇਸ ਢੰਗ ਨਾਲ਼ ਪੈਦਾ ਕੀਤੀ ਵਾਫ਼ਰ ਕਦਰ ਸਰਮਾਏਦਾਰਾਂ ਤੇ ਜ਼ਮੀਨਦਾਰਾਂ ਅਤੇ ਇਹਦੇ ਨਾਲ਼ ਹੀ ਉਹਨਾਂ ਦੇ ਤਨਖਾਹਦਾਰ ਚਾਕਰਾਂ, ਪੋਪ ਤੇ ਕੈਸਰ ਤੋਂ ਲੈ ਕੇ ਹੇਠਾਂ ਰਾਤ ਦੇ ਪਹਿਰੇਦਾਰ ਤੇ ਇਸ ਤੋਂ ਹੇਠਾਂ ਤੱਕ ਦੇ ਲੋਕਾਂ ਵਿਚਕਾਰ ਵੰਡੀ ਜਾਂਦੀ ਹੈ। ਇੱਥੇ ਅਸੀਂ ਇਸ ਗੱਲ ਨਾਲ਼ ਸਬੰਧਤ ਨਹੀਂ ਹਾਂ ਕਿ ਇਹ ਵੰਡ ਕਿਵੇਂ ਕੀਤੀ ਜਾਂਦੀ ਹੈ, ਸਗੋਂ ਇੰਨਾ ਕੁੱਝ ਤਾਂ ਯਕੀਨੀ ਹੈ: ਕਿ ਉਹ ਸਾਰੇ ਲੋਕ ਜੋ ਕੰਮ ਨਹੀਂ ਕਰਦੇ, ਇਸ ਵਾਫ਼ਰ ਕਦਰ ਦੇ ਟੁਕੜਿਆਂ ਉੱਤੇ ਪਲ਼ ਸਕਦੇ ਹਨ ਜਿਹੜੀ ਇੱਕ ਜਾਂ ਦੂਜੇ ਢੰਗ ਨਾਲ਼ ਉਹਨਾਂ ਕੋਲ਼ ਪਹੁੰਚਦੀ ਹੈ (ਮਾਰਕਸ ਦੇ **ਸਰਮਾਇਆ** ਨਾਲ਼ ਤੁਲਨਾ ਕਰੋ ਜਿੱਥੇ ਇਹ ਵਿਚਾਰ ਪਹਿਲੀ ਵਾਰ ਪੇਸ਼ ਕੀਤਾ ਗਿਆ)।

ਇਸ ਵਾਫ਼ਰ ਕਦਰ ਦੀ ਵੰਡ, ਜੋ ਮਜ਼ਦੂਰ ਜਮਾਤ ਵੱਲੋਂ ਪੈਦਾ ਕੀਤੀ ਜਾਂਦੀ ਹੈ ਅਤੇ ਬਿਨਾਂ ਅਦਾਇਗੀ ਕੀਤਿਆਂ ਉਸ ਕੋਲ਼ੋਂ ਲੈ ਲਈ ਜਾਂਦੀ ਹੈ, ਗੈਰ ਮਜ਼ਦੂਰ ਜਮਾਤਾਂ ਵਿੱਚ ਸਿਰੇ ਦੀ ਖਿੱਚ ਧੂਹ ਤੇ ਆਪਸੀ ਹੇਰਾ ਫੇਰੀ ਰਾਹੀਂ ਕੀਤੀ ਜਾਂਦੀ ਹੈ। ਜਿੱਥੋਂ ਤੱਕ ਇਹ ਵੰਡ ਖਰੀਦਣ ਤੇ ਵੇਚਣ ਰਾਹੀਂ ਕੀਤੀ ਜਾਂਦੀ ਹੈ, ਇਹਦੇ ਮੁੱਖ ਢੰਗਾਂ ਵਿੱਚੋਂ ਇੱਕ ਢੰਗ ਹੈ ਖਰੀਦਾਰ ਵੱਲੋਂ ਵੇਚਣ ਵਾਲ਼ੇ ਨਾਲ਼ ਠੱਗੀ ਮਾਰਨਾ ਅਤੇ ਪ੍ਰਚੂਨ ਵਪਾਰ ਵਿੱਚ, ਖਾਸ ਕਰਕੇ ਵੱਡੇ ਸ਼ਹਿਰਾਂ ਵਿੱਚ ਇਹ ਵੇਚਣ ਵਾਲ਼ੇ ਦੀ ਹੋਂਦ ਦੀ ਪੱਕੀ ਸ਼ਰਤ ਬਣ ਗਈ ਹੈ। ਪਰ ਜਦੋਂ ਮਜ਼ਦੂਰ ਨਾਲ਼ ਉਹਦਾ ਪੰਸਾਰੀ ਜਾਂ ਨਾਨਬਾਈ ਕੀਮਤ ਜਾਂ ਮਾਲ ਦੀ ਕੁਆਲਟੀ ਦੇ ਪੱਖੋਂ ਠੱਗੀ ਮਾਰਦਾ ਹੈ ਤਾਂ ਇਹ ਗੱਲ ਉਸ ਨਾਲ਼ ਉਹਦੀ ਮਜ਼ਦੂਰ ਵਜੋਂ ਖਾਸ ਹੈਸੀਅਤ ਕਰਕੇ ਨਹੀਂ ਹੁੰਦੀ। ਇਹਦੇ ਉਲਟ ਜਦੋਂ ਕਿਸੇ ਥਾਂ ਉੱਤੇ ਜਿਉਂ ਹੀ ਹੇਰਾਫੇਰੀ ਦੀ ਵਿਸ਼ੇਸ਼ ਔਸਤ ਮਿਕਦਾਰ ਸਮਾਜਕ ਨੇਮ ਬਣ ਜਾਂਦੀ ਹੈ ਤਾਂ ਅਖੀਰ ਵਿੱਚ ਜਾ ਕੇ ਇਹ ਉਜਰਤਾਂ ਵਿੱਚ ਅਨੁਸਾਰੀ ਵਾਧੇ ਨਾਲ਼ ਇਕਸਾਰ ਕਰਨੀ ਪੈਂਦੀ ਹੈ। ਮਜ਼ਦੂਰ ਦੁਕਾਨਦਾਰ ਸਾਹਮਣੇ ਇੱਕ ਖਰੀਦਾਰ ਵਜੋਂ, ਭਾਵ ਧਨ ਦੇ ਮਾਲਕ ਜਾਂ ਕਰਜ਼ੇਦਾਰ ਵਜੋਂ ਪੇਸ਼ ਹੁੰਦਾ ਹੈ ਤੇ ਮਜ਼ਦੂਰ ਦੀ ਹੈਸੀਅਤ ਵਿੱਚ, ਭਾਵ ਕਿਰਤ ਸ਼ਕਤੀ ਦੇ ਵੇਚਣ ਵਾਲ਼ੇ ਵਜੋਂ, ਉਕਾ ਹੀ ਪੇਸ਼ ਨਹੀਂ ਹੁੰਦਾ। ਠੱਗੀ ਦੀ ਮਾਰ ਉਹਨੂੰ ਪੈ ਸਕਦੀ ਹੈ ਅਤੇ ਸਮੁੱਚੇ ਤੌਰ 'ਤੇ ਮਜ਼ਦੂਰ ਜਮਾਤ ਨੂੰ ਵਧੇਰੇ ਅਮੀਰ ਸਮਾਜਕ ਜਮਾਤਾਂ ਨਾਲ਼ੋਂ ਵਧੇਰੇ ਸਖਤ ਮਾਰ ਪੈਂਦੀ ਹੈ, ਪਰ ਇਹ ਅਜਿਹੀ ਬੁਰਾਈ ਨਹੀਂ ਜਿਸ ਦਾ ਕੇਵਲ ਉਸੇ ਉੱਤੇ ਹੀ ਅਸਰ ਪੈਂਦਾ ਹੋਵੇ, ਜੋ ਕੇਵਲ ਉਸੇ ਦੀ ਜਮਾਤ ਲਈ ਵਿਸ਼ੇਸ਼ ਗੱਲ ਹੋਵੇ।

ਅਤੇ ਇਹੋ ਗੱਲ ਘਰਾਂ ਦੀ ਘਾਟ ਬਾਰੇ ਹੈ। ਵੱਡੇ ਆਧੁਨਿਕ ਸ਼ਹਿਰਾਂ ਦਾ ਪਸਾਰ ਜ਼ਮੀਨ ਨੂੰ, ਉਹਨਾਂ ਵਿੱਚੋਂ ਕੁੱਝ ਹਿਸਿਆਂ ਵਿੱਚ ਹੀ ਖਾਸ ਕਰਕੇ ਉਹਨਾਂ ਵਿੱਚ ਜੋ ਕੇਂਦਰ ਵਿੱਚ ਸਥਿਤ ਹੁੰਦੇ ਹਨ, ਬਣਾਉਟੀ ਤੇ ਅਕਸਰ ਹੀ ਬਹੁਤ ਭਾਰੀ ਕਦਰ ਦਿੰਦਾ ਹੈ, ਇਹਨਾਂ ਇਲਾਕਿਆਂ ਵਿੱਚ ਖੜੀਆਂ ਕੀਤੀਆਂ ਇਮਾਰਤਾਂ ਇਸ ਕਦਰ ਨੂੰ ਵਧਾਉਣ ਦੀ ਬਜਾਏ ਘੱਟ ਕਰ ਦਿੰਦੀਆਂ ਹਨ ਕਿਉਂਕਿ ਉਹ ਬਦਲੇ ਹੋਏ ਹਾਲਾਤ ਅਨੁਸਾਰ ਨਹੀਂ ਹੁੰਦੀਆਂ। ਉਹਨਾਂ ਨੂੰ ਢਾਹ ਦਿੱਤਾ ਜਾਂਦਾ ਹੈ ਅਤੇ ਉਹਨਾਂ ਦੀ ਥਾਂ ਦੂਜੀਆਂ ਲੈ ਲੈਂਦੀਆਂ ਹਨ। ਇਹ ਗੱਲ ਸਭ ਤੋਂ ਬਹੁਤੀ ਕੇਂਦਰ ਵਿੱਚ ਸਥਿਤ ਮਜ਼ਦੂਰਾਂ ਦੇ ਘਰਾਂ ਨਾਲ਼ ਵਾਪਰਦੀ ਹੈ ਜਿਨ੍ਹਾਂ ਦੇ ਕਿਰਾਏ, ਭਾਰੀ ਭੀੜ-ਭੜੱਕਾ ਹੋਣ ਦੇ ਬਾਵਜੂਦ ਇੱਕ ਖਾਸ ਵੱਧ ਤੋਂ ਵੱਧ ਪੱਧਰ ਤੋਂ ਉੱਤੇ ਕਦੀ ਵੀ ਨਹੀਂ ਵੱਧਦੇ ਜਾਂ ਬਹੁਤ ਹੀ ਹੌਲ਼ੀ ਹੌਲ਼ੀ ਵੱਧਦੇ ਹਨ। ਉਹਨਾਂ ਘਰਾਂ ਨੂੰ ਢਾਹ ਦਿੱਤਾ ਜਾਂਦਾ ਹੈ ਅਤੇ ਉਹਨਾਂ ਦੀ ਥਾਂ ਉੱਤੇ ਦੁਕਾਨਾਂ, ਗੋਦਾਮ ਤੇ ਦੂਜੀਆਂ ਜਨਤਕ ਇਮਾਰਤਾਂ ਖੜ੍ਹੀਆਂ ਕਰ ਦਿੱਤੀਆਂ ਜਾਂਦੀਆਂ ਹਨ। ਪੈਰਿਸ ਵਿੱਚ ਹੌਸਮਾਨ ਰਾਹੀਂ ਬੋਨਾਪਾਰਟਿਜ਼ਮ ਨੇ ਹੇਰਾ ਫੇਰੀ ਕਰਨ ਤੇ ਨਿੱਜੀ ਤੌਰ ’ਤੇ ਅਮੀਰ ਬਣਨ ਲਈ ਇਸ ਰੁਝਾਨ ਦੀ ਭਾਰੀ ਵਰਤੋਂ ਕੀਤੀ। ਪਰ ਹੌਸਮਾਨ ਦੀ ਰੂਪ ਲੰਡਨ, ਮਾਨਚੈਸਟਰ ਅਤੇ ਲਿਵਰਪੂਲ ਵਿੱਚ ਵੀ ਚਲੀ ਗਈ ਹੈ ਅਤੇ ਬਰਲਿਨ ਤੇ ਵੀਆਨਾ ਵਾਂਗ ਓਪਰਾਪਣ ਮਹਿਸੂਸ ਨਹੀਂ ਕਰਦੀ। ਇਹਦਾ ਨਤੀਜਾ ਇਹ ਹੈ ਕਿ ਮਜ਼ਦੂਰਾਂ ਨੂੰ ਸ਼ਹਿਰਾਂ ਦੇ ਕੇਂਦਰੀ ਹਿੱਸੇ ਛੱਡ ਕੇ ਬਾਹਰੀ ਬਸਤੀਆਂ ਵਿੱਚ ਜਾਣ ਲਈ ਮਜ਼ਬੂਰ ਕੀਤਾ ਜਾਂਦਾ ਹੈ, ਕਿ ਮਜ਼ਦੂਰਾਂ ਦੇ ਘਰ, ਆਮ ਤੌਰ ’ਤੇ ਨਿੱਕੇ ਘਰ ਬੜੇ ਨਾਯਾਬ ਤੇ ਮਹਿੰਗੇ ਹੋ ਜਾਂਦੇ ਹਨ ਅਤੇ ਅਕਸਰ ਮਿਲਦੇ ਹੀ ਨਹੀਂ ਕਿਉਂਕਿ ਇਹਨਾਂ ਹਾਲਤਾਂ ਵਿੱਚ ਉਸਾਰੀ ਦੀ ਸਨਅਤ ਜਿਸ ਕੋਲ਼ ਵਧੇਰੇ ਮਹਿੰਗੇ ਰਿਹਾਇਸ਼ੀ ਘਰਾਂ ਦੇ ਸੱਟੇ ਲਈ ਕਿਤੇ ਚੰਗੇਰਾ ਮੈਦਾਨ ਹੁੰਦਾ ਹੈ, ਕੇਵਲ ਅਸਾਧਾਰਨ ਰੂਪ ਵਿੱਚ ਹੀ ਮਜ਼ਦੂਰਾਂ ਦੇ ਘਰਾਂ ਦੀ ਉਸਾਰੀ ਕਰਦੀ ਹੈ।

ਇਸ ਲਈ ਘਰਾਂ ਦੀ ਇਹ ਘਾਟ ਯਕੀਨੀ ਤੌਰ ’ਤੇ ਕਿਸੇ ਵੀ ਹੋਰ ਵਧੇਰੇ ਖੁਸ਼ਹਾਲ ਜਮਾਤ ਨਾਲ਼ੋਂ ਮਜ਼ਦੂਰ ਜਮਾਤ ਉੱਤੇ ਜ਼ਿਆਦਾ ਸੱਟ ਮਾਰਦੀ ਹੈ, ਪਰ ਇਹ ਉਨੀ ਕੁ ਛੋਟੀ ਹੀ ਇੱਕ ਬੁਰਾਈ ਹੈ ਜੋ ਮਜ਼ਦੂਰ ਜਮਾਤ ਉੱਤੇ ਬੋਝ ਬਣਦੀ ਹੈ ਜਿਵੇਂ ਕਿ ਦੁਕਾਨਦਾਰ ਵੱਲੋਂ ਧੋਖਾ ਦਿੱਤਾ ਜਾਣਾ ਹੈ ਅਤੇ ਜਿੱਥੋਂ ਤੱਕ ਮਜ਼ਦੂਰ ਜਮਾਤ ਦਾ ਸਬੰਧ ਹੈ, ਜਦੋਂ ਇਹ ਬੁਰਾਈ ਇੱਕ ਖਾਸ ਪੱਧਰ ਉੱਤੇ ਪੁੱਜ ਜਾਂਦੀ ਹੈ ਅਤੇ ਖਾਸ ਪਕੇਜ ਹਾਸਲ ਕਰ ਲੈਂਦੀ ਹੈ ਤਾਂ ਇਸੇ ਤਰ੍ਹਾਂ ਹੀ ਇਹ ਵੀ ਇੱਕ ਖਾਸ ਆਰਥਕ ਹੱਲ ਲੱਭ ਲੈਂਦੀ ਹੈ।

ਇਹ ਮੋਟੇ ਤੌਰ ’ਤੇ ਅਜਿਹੀਆਂ ਮੁਸ਼ਕਲਾਂ ਬਾਰੇ ਹੀ ਹੈ ਜੋ ਮਜ਼ਦੂਰ ਜਮਾਤ, ਦੂਜੀਆਂ ਜਮਾਤਾਂ ਦੇ ਨਾਲ਼, ਖਾਸ ਕਰਕੇ ਨਿੱਕੀ-ਬੁਰਜੂਆਜ਼ੀ ਨਾਲ਼ ਰਲ਼ਦੀ ਹੈ ਕਿ ਨਿੱਕ-ਬੁਰਜੂਆ ਸਮਾਜਵਾਦ ਜਿਸ ਨਾਲ਼ ਪਰੂਧੋਂ ਸਬੰਧਤ ਹੈ, ਰੁਕਿਆ ਰਹਿੰਦਾ ਹੈ। ਇਸ ਲਈ ਇਹ ਕੋਈ ਸਬੱਬੀ ਗੱਲ ਨਹੀਂ ਕਿ ਸਾਡੇ ਜਰਮਨੀ ਦੇ ਪਰੂਧੋਂਵਾਦੀ (ਏ. ਮੂਲਬਰਗਰ — ਸੰਪਾ.) ਨੇ ਮੁੱਖ ਰੂਪ ਵਿੱਚ ਘਰਾਂ ਦਾ ਸਵਾਲ ਫੜ ਲਿਆ ਹੈ। ਜਿਵੇਂ ਕਿ ਅਸੀਂ ਵੇਖ ਚੁੱਕੇ ਹਾਂ, ਇਹ ਕਿਸੇ ਤਰ੍ਹਾਂ ਵੀ ਕੇਵਲ ਮਜ਼ਦੂਰ ਜਮਾਤ ਦਾ ਹੀ ਸਵਾਲ ਨਹੀਂ ਹੈ ਅਤੇ ਕਿ ਇਹਦੇ ਉਲਟ ਉਹ ਇਹਨੂੰ

ਇੱਕ ਖਰਾ ਤੇ ਕੇਵਲ ਮਜ਼ਦੂਰ ਜਮਾਤ ਦਾ ਸਵਾਲ ਐਲਾਨਦਾ ਹੈ।

"ਘਰ ਦੇ ਮਾਲਕ ਦੇ ਸਬੰਧ ਵਿੱਚ ਕਿਰਾਏਦਾਰ ਦੀ ਉਹੀ ਪੋਜੀਸ਼ਨ ਹੈ ਜੋ ਉਜਰਤੀ-ਮਜ਼ਦੂਰ ਦੀ ਪੂੰਜੀਪਤੀ ਦੇ ਸਬੰਧ ਵਿੱਚ ਹੈ।"

ਇਹ ਸਫ਼ੈਦ ਝੂਠ ਹੈ।

ਘਰਾਂ ਦੇ ਸਵਾਲ ਵਿੱਚ ਸਾਡੇ ਕੋਲ਼ ਦੋ ਧਿਰਾਂ ਇੱਕ ਦੂਜੇ ਸਾਹਮਣੇ ਖਲੋਤੀਆਂ ਮਿਲਦੀਆਂ ਹਨ, ਕਿਰਾਏਦਾਰ ਅਤੇ ਲੈਂਡਲਾਰਡ ਜਾਂ ਘਰ ਦਾ ਮਾਲਕ। ਕਿਰਾਏਦਾਰ ਮਾਲਕ ਮਕਾਨ ਤੋਂ ਘਰ ਦੀ ਆਰਜ਼ੀ ਵਰਤੋਂ ਖਰੀਦਣਾ ਚਾਹੁੰਦਾ ਹੈ, ਉਸ ਕੋਲ਼ ਧਨ ਹੁੰਦਾ ਹੈ ਜਾਂ ਉਹ ਉਧਾਰ ਕਰਦਾ ਹੈ ਭਾਵੇਂ ਇਹ ਉਧਾਰ ਉਹਨੂੰ ਕਿਰਾਏ ਨਾਲ਼ ਹੋਰ ਵਾਫ਼ਰ ਰਕਮ ਦੇਣ ਦੀ ਸ਼ਕਲ ਵਿੱਚ ਉੱਚੀ ਕੀਮਤ ਉੱਤੇ ਮਾਲਕ ਮਕਾਨ ਤੋਂ ਹੀ ਕਿਉਂ ਨਾ ਲੈਣਾ ਪਵੇ। ਇਹ ਜਿਣਸ ਦੀ ਸਾਦੀ ਜਿਹੀ ਵੇਚ ਕਰਨਾ ਹੈ, ਇਹ ਪ੍ਰੋਲੇਤਾਰੀ ਤੇ ਬੁਰਜੂਆਜ਼ੀ ਵਿਚਕਾਰ, ਮਜ਼ਦੂਰ ਤੇ ਪੂੰਜੀਪਤੀ ਵਿਚਕਾਰ ਸੌਦਾ ਨਹੀਂ ਹੈ। ਕਿਰਾਏਦਾਰ — ਭਾਵੇਂ ਉਹ ਮਜ਼ਦੂਰ ਹੀ ਹੋਵੇ — ਅਜਿਹੇ ਆਦਮੀ ਵਜੋਂ ਸਾਹਮਣੇ ਆਉਂਦਾ ਹੈ ਜਿਸ ਕੋਲ਼ ਧਨ ਹੈ, ਉਹਨੇ ਆਪਣੀ ਜਿਣਸ, ਜਿਣਸ ਜੋ ਖਾਸ ਤੌਰ 'ਤੇ ਉਹਦੀ ਆਪਣੀ ਹੈ, ਭਾਵ ਆਪਣੀ ਕਿਰਤ ਸ਼ਕਤੀ ਵੇਚੀ ਹੋ ਸਕਦੀ ਹੈ ਤਾਂ ਜੋ ਘਰਾਂ ਦੀ ਵਰਤੋਂ ਦੇ ਖਰੀਦਾਰ ਵਜੋਂ ਉਹ ਧਨ ਲੈ ਕੇ ਸਾਹਮਣੇ ਆ ਸਕੇ ਜਾਂ ਉਹ ਇਸ ਕਿਰਤ ਸ਼ਕਤੀ ਦੀ ਹੋਣ ਵਾਲ਼ੀ ਵੇਚ ਦੀ ਜ਼ਾਮਨੀ ਦੇਣ ਦੀ ਪੋਜੀਸ਼ਨ ਵਿੱਚ ਹੋ ਸਕਦਾ ਹੈ। ਉਹ ਖਾਸ ਨਤੀਜੇ, ਜਿਹੜੇ ਪੂੰਜੀਪਤੀ ਨੂੰ ਕਿਰਤ ਵੇਚਣ ਤੋਂ ਮਗਰੋਂ ਨਿਕਲਦੇ ਹਨ ਇੱਥੇ ਬਿਲਕੁੱਲ ਅਲੋਪ ਹੁੰਦੇ ਹਨ। ਪੂੰਜੀਪਤੀ ਪਹਿਲਾਂ, ਖਰੀਦੀ ਗਈ ਕਿਰਤ ਸ਼ਕਤੀ ਤੋਂ ਉਹਦੀ ਆਪਣੀ ਕਦਰ ਪੈਦਾ ਕਰਾਉਣ ਦਾ ਕੰਮ ਲੈਂਦਾ ਹੈ, ਪਰ ਦੂਜੀ ਗੱਲ, ਉਸ ਤੋਂ ਵਾਫ਼ਰ ਕਦਰ ਪੈਦਾ ਕਰਵਾਉਂਦਾ ਹੈ ਜੋ ਆਰਜ਼ੀ ਤੌਰ 'ਤੇ ਉਹਦੇ ਕੋਲ਼ ਹੀ ਰਹਿੰਦੀ ਹੈ ਅਤੇ ਪੂੰਜੀਵਾਦੀ ਜਮਾਤ ਵਿੱਚ ਵੰਡੀ ਜਾਣੀ ਹੈ। ਇਸ ਲਈ ਇਸ ਮਾਮਲੇ ਵਿੱਚ ਵਾਫ਼ਰ ਕਦਰ ਪੈਦਾ ਕੀਤੀ ਗਈ ਹੈ ਅਤੇ ਮੌਜੂਦ ਕਦਰ ਦਾ ਸਮੁੱਚਾ ਜੋੜਫਲ ਵੱਧ ਗਿਆ ਹੈ। ਕਿਰਾਏਦਾਰੀ ਦੇ ਸੌਦੇ ਵਿੱਚ ਸਥਿਤੀ ਬਿਲਕੁੱਲ ਹੀ ਵੱਖਰੀ ਹੁੰਦੀ ਹੈ। ਮਾਲਕ ਮਕਾਨ ਕਿਰਾਏਦਾਰ ਤੋਂ ਭਾਵੇਂ ਕਿੰਨੀ ਵੱਡੀ ਰਕਮ ਹਾਸਲ ਕਰੇ, ਇਹ ਫੇਰ ਵੀ ਕੇਵਲ ਮੌਜੂਦ, ਪਹਿਲੋਂ ਪੈਦਾ ਕੀਤੀ ਜਾ ਚੁੱਕੀ ਕਦਰ ਦੀ ਹੀ ਬਦਲੀ ਹੋਵੇਗੀ ਅਤੇ ਮਾਲਕ ਮਕਾਨ ਤੇ ਕਿਰਾਏਦਾਰ ਦੋਵਾਂ ਕੋਲ ਹੀ ਕਦਰਾਂ ਦੀ ਸਮੁੱਚੀ ਮਿਕਦਾਰ ਜੋ ਪਹਿਲਾਂ ਸੀ, ਉਹ ਇਸ ਸੌਦੇ ਤੋਂ ਮਗਰੋਂ ਵੀ ਉਹੀ ਰਹੇਗੀ। ਮਜ਼ਦੂਰ ਨੂੰ ਉਹਦੀ ਕਿਰਤ ਦੀ ਉਪਜ ਦੇ ਇੱਕ ਹਿਸੇ ਤੋਂ ਹਮੇਸ਼ਾ ਹੀ ਹੇਰਾ ਫੇਰੀ ਨਾਲ਼ ਵਾਂਝਿਆ ਕਰ ਦਿੱਤਾ ਜਾਂਦਾ ਹੈ ਭਾਵੇਂ ਪੂੰਜੀਪਤੀ ਨੇ ਉਸ ਕਿਰਤ ਬਦਲੇ ਅਦਾਇਗੀ ਉਹਦੀ ਕਦਰ ਤੋਂ ਘੱਟ, ਵੱਧ ਜਾਂ ਬਰਾਬਰ ਕੀਤੀ ਹੋਵੇ, ਕਿਰਾਏਦਾਰ ਨਾਲ਼ ਇਹ ਗੱਲ ਉਦੋਂ ਵਾਪਰਦੀ ਹੈ ਜਦੋਂ ਉਹਨੂੰ ਘਰਾਂ ਲਈ ਉਹਦੀ ਕਦਰ ਵੱਧ ਅਦਾ ਕਰਨ ਉੱਤੇ ਮਜਬੂਰ ਕੀਤਾ ਜਾਂਦਾ ਹੈ। ਇਸ ਲਈ ਮਾਲਕ ਮਕਾਨ ਤੇ ਕਿਰਾਏਦਾਰ ਵਿਚਕਾਰ ਸਬੰਧਾਂ ਨੂੰ ਮਜ਼ਦੂਰ ਤੇ ਪੂੰਜੀਪਤੀ ਵਿਚਕਾਰ ਸਬੰਧਾਂ ਦੇ ਬਰਾਬਰ ਰੱਖਣ ਦਾ ਯਤਨ ਕਰਨਾ ਪੂਰੀ ਤਰ੍ਹਾਂ ਗਲਤਬਿਆਨੀ ਕਰਨਾ ਹੈ। ਇਹਦੇ ਉਲਟ ਅਸੀਂ ਇੱਥੇ ਐਨ ਸਾਧਾਰਨ ਜਿਣਸ ਵਟਾਂਦਰੇ ਨਾਲ਼ ਜਿਹੜਾ ਦੋ ਨਾਗਰਿਕਾਂ ਵਿਚਕਾਰ

ਹੈ, ਨਿਪਟ ਰਹੇ ਹਾਂ ਅਤੇ ਇਹ ਸੌਦਾ ਉਹਨਾਂ ਆਰਥਕ ਕਾਨੂੰਨਾਂ ਅਨੁਸਾਰ ਹੁੰਦਾ ਹੈ ਜਿਹੜੇ ਆਮ ਤੌਰ ’ਤੇ ਚੀਜ਼ਾਂ ਦੇ ਵੇਚਣ ਉੱਤੇ ਖਾਸ ਤੌਰ ’ਤੇ “ਜ਼ਮੀਨੀ ਜਾਇਦਾਦ” ਨਾਂ ਦੀ ਜਿਣਸ ਦੀ ਵੇਚ ਉੱਤੇ ਲਾਗੂ ਹੁੰਦੇ ਹਨ। ਸਬੰਧਤ ਘਰ ਜਾਂ ਉਹਦੇ ਇੱਕ ਹਿੱਸੇ ਦੀ ਉਸਾਰੀ, ਸੰਭਾਲ ਦੇ ਖਰਚੇ ਸਭ ਤੋਂ ਪਹਿਲਾਂ ਗਿਣੇ ਜਾਂਦੇ ਹਨ, ਇਸ ਤੋਂ ਮਗਰੋਂ ਜ਼ਮੀਨ ਦੀ ਕਦਰ ਜੋ ਘਰ ਦੀ ਘੱਟ ਜਾਂ ਵੱਧ ਸੁਖਾਵੀਂ ਸਥਿਤੀ ਵੱਲੋਂ ਮਿਥੀ ਜਾਂਦੀ ਹੈ, ਆਉਂਦੀ ਹੈ ਅਤੇ ਅਖੀਰ ਵਿੱਚ ਉਸ ਸਮੇਂ ਮੌਜੂਦ ਸਪਲਾਈ ਤੇ ਮੰਗ ਵਿਚਕਾਰ ਸਬੰਧ ਆਉਂਦੇ ਹਨ। ਸਾਡੇ ਪਰੂਧੋਂਵਾਦੀ ਦੇ ਦਿਮਾਗ ਵਿੱਚ ਇਹ ਸਾਦਾ ਜਿਹਾ ਆਰਥਕ ਸਬੰਧ ਹੇਠਾਂ ਦਿੱਤੇ ਅਨੁਸਾਰ ਆਪਾ ਪ੍ਰਗਟਾਉਂਦਾ ਹੈ:

“ਜਦੋਂ ਇੱਕ ਵਾਰ ਇਹ ਉਸਰ ਗਿਆ ਤਾਂ ਘਰ ਸਮਾਜਕ ਕਿਰਤ ਦੇ ਨਿਸ਼ਚਿਤ ਹਿੱਸੇ ਬਾਰੇ ਸਦੀਵੀ ਕਾਨੂੰਨੀ ਹੱਕ ਵਜੋਂ ਕੰਮ ਦਿੰਦਾ ਹੈ ਭਾਵੇਂ ਕਿ ਘਰ ਦੀ ਆਪਣੀ ਕਦਰ ਮਾਲਕ ਨੂੰ ਬਹੁਤ ਚਿਰ ਪਹਿਲਾਂ ਕਿਰਾਏ ਦੇ ਰੂਪ ਵਿੱਚ ਅਦਾ ਕੀਤੀ ਗਈ ਹੁੰਦੀ ਹੈ। ਇਸ ਤਰ੍ਹਾਂ ਗੱਲ ਇਹ ਬਣ ਜਾਂਦੀ ਹੈ ਕਿ ਇੱਕ ਘਰ ਜਿਹੜਾ ਮਿਸਾਲ ਵਜੋਂ 50 ਸਾਲ ਪਹਿਲਾਂ ਉਸਾਰਿਆ ਗਿਆ ਸੀ, ਇਸ ਸਮੇਂ ਦੌਰਾਨ ਆਪਣੇ ਕਿਰਾਏ ਦੀ ਆਮਦਨੀ ਦੇ ਰੂਪ ਵਿੱਚ ਅਸਲੀ ਖਰਚੇ ਦਾ ਦੋ, ਤਿੰਨ, ਪੰਜ, ਦਸ-ਗੁਣਾ ਜਾਂ ਹੋਰ ਵਧੇਰੇ ਗੁਣਾ ਵਸੂਲ ਕਰ ਲੈਂਦਾ ਹੈ।”

ਇੱਥੇ ਸਾਨੂੰ ਇੱਕਦਮ ਪਰੂਧੋਂ ਦਾ ਸਮੁੱਚਾ ਰੂਪ ਦਿਸ ਪਿਆ ਹੈ। ਪਹਿਲੀ ਗੱਲ, ਇਹ ਭੁਲਾ ਦਿੱਤਾ ਗਿਆ ਹੈ ਕਿ ਕਿਰਾਏ ਨੂੰ ਕੇਵਲ ਉਸਾਰੀ ਖਰਚਿਆਂ ਉੱਤੇ ਸੂਦ ਦੀ ਹੀ ਅਦਾਇਗੀ ਨਹੀਂ ਕਰਨੀ ਹੁੰਦੀ ਸਗੋਂ ਉਸ ਵਿੱਚ ਮੁਰੰਮਤਾਂ, ਡੁੱਬ ਗਏ ਕਰਜ਼ਿਆਂ ਦੀ ਔਸਤ ਮਿਕਦਾਰ ਅਤੇ ਅਦਾ ਨਾ ਕੀਤੇ ਕਿਰਾਏ ਅਤੇ ਅਜਿਹੇ ਕਦੀ ਕਦੀ ਆਉਣ, ਵਾਲ਼ੇ ਸਮੇਂ ਜਦੋਂ ਘਰ ਕਿਰਾਏ ਉੱਤੇ ਨਹੀਂ ਚੜ੍ਹਦਾ, ਸ਼ਾਮਲ ਕੀਤੇ ਜਾਣੇ ਚਾਹੀਦੇ ਹਨ ਅਤੇ ਅਖੀਰ ਵਿੱਚ, ਉਹਨਾਂ ਵਿੱਚ ਉਸਾਰੀ ਦੀ ਪੂੰਜੀ ਦੀਆਂ, ਜਿਨ੍ਹਾਂ ਦੀ ਘਰ ਉੱਤੇ ਲਾਗਤ ਕੀਤੀ ਗਈ ਹੁੰਦੀ ਹੈ, ਜੋ ਨਸ਼ਟ ਹੋਣ ਯੋਗ ਹੈ ਅਤੇ ਘਰ ਸਮੇਂ ਨਾਲ਼ ਵੱਸਣ ਯੋਗ ਨਹੀਂ ਰਹਿੰਦਾ ਤੇ ਬੇਕਾਰ ਹੋ ਜਾਂਦਾ ਹੈ, ਸਾਲਾਨਾ ਕਿਸ਼ਤਾਂ ਦੀ ਅਦਾਇਗੀ ਸ਼ਾਮਲ ਹੋਣੀ ਚਾਹੀਦੀ ਹੈ। ਦੂਜੀ ਗੱਲ, ਇਹ ਭੁਲਾ ਦਿੱਤਾ ਗਿਆ ਹੈ ਕਿ ਕਿਰਾਏ ਵਿੱਚ ਉਸ ਜ਼ਮੀਨ ਦੀ, ਜਿਸ ਉੱਤੇ ਇਮਾਰਤ ਖੜੀ ਕੀਤੀ ਗਈ ਹੁੰਦੀ ਹੈ, ਵਧੀ ਕਦਰ ਉੱਤੇ ਸੂਦ ਦੀ ਅਦਾਇਗੀ ਵੀ ਸ਼ਾਮਲ ਹੋਣੀ ਚਾਹੀਦੀ ਹੈ ਅਤੇ ਇਸੇ ਲਈ ਇਹਦਾ ਇੱਕ ਹਿੱਸਾ ਜ਼ਮੀਨ ਦੇ ਲਗਾਨ ਦੇ ਰੂਪ ਵਿੱਚ ਵੀ ਹੁੰਦਾ ਹੈ। ਇਹ ਗੱਲ ਸੱਚ ਹੈ ਕਿ ਸਾਡਾ ਪਰੂਧੋਂਵਾਦੀ ਤੁਰੰਤ ਹੀ ਇਹ ਐਲਾਨ ਕਰ ਦਿੰਦਾ ਹੈ, ਕਿ ਕਿਉਂਕਿ ਇਹ ਵਾਧਾ ਜ਼ਮੀਨ ਦੇ ਮਾਲਕ ਦੀ ਕਿਸੇ ਵੀ ਦੇਣ ਤੋਂ ਬਿਨਾਂ ਹੁੰਦਾ ਹੈ, ਇਹ ਇਨਸਾਫੀ ਰੂਪ ਵਿੱਚ ਉਹਦਾ ਨਹੀਂ ਹੁੰਦਾ ਸਗੋਂ ਸਮੁੱਚੇ ਸਮਾਜ ਦਾ ਹੁੰਦਾ ਹੈ। ਪਰ ਉਹ ਇਸ ਹਕੀਕਤ ਨੂੰ ਅੱਖੋਂ ਓਹਲੇ ਕਰਦਾ ਹੈ ਕਿ ਇਸ ਤਰ੍ਹਾਂ ਉਹ ਅਸਲ ਵਿੱਚ ਜ਼ਮੀਨੀ ਜਾਇਦਾਦ ਖਤਮ ਕਰਨ ਦੀ ਹੀ ਮੰਗ ਕਰਦਾ ਹੈ, ਜੋ ਕਿ ਅਜਿਹਾ ਨੁਕਤਾ ਹੈ ਜੇ ਅਸੀਂ ਇਸ ਉੱਤੇ ਇੱਥੇ ਹੋਰ ਵਿਚਾਰ ਕਰੀਏ ਤਾਂ ਬਹੁਤ ਅੱਗੇ ਨਹੀਂ ਜਾ ਸਕਾਂਗੇ ਅਤੇ ਅਖੀਰ ਵਿੱਚ ਉਹ ਇਸ ਹਕੀਕਤ ਨੂੰ ਅੱਖੋਂ ਓਹਲੇ ਕਰਦਾ ਹੈ ਕਿ ਸਮੁੱਚਾ ਸੌਦਾ ਘਰ ਨੂੰ ਉਹਦੇ ਮਾਲਕ ਕੋਲ਼ੋਂ ਖਰੀਦਣ ਦਾ ਉੱਕਾ ਹੀ

ਨਹੀਂ ਹੈ ਸਗੋਂ ਖਾਸ ਸਮੇਂ ਲਈ ਕੇਵਲ ਉਹਦੀ ਵਰਤੋਂ ਨੂੰ ਖਰੀਦਣ ਦਾ ਹੈ। ਪਰੂਧੋਂ ਜੀਹਨੇ ਇਸ ਬਾਰੇ ਕਦੀ ਵੀ ਬਹੁਤਾ ਧਿਆਨ ਦੇਣ ਦੀ ਖੇਚਲ ਨਹੀਂ ਕੀਤੀ ਕਿ ਉਹ ਅਸਲੀ ਹਾਲਤਾਂ ਕੀ ਹੁੰਦੀਆਂ ਹਨ ਜਿਨ੍ਹਾਂ ਅਧੀਨ ਕੋਈ ਆਰਥਕ ਵਰਤਾਰਾ ਵਾਪਰਦਾ ਹੈ, ਕੁਦਰਤੀ ਤੌਰ 'ਤੇ ਇਹ ਗੱਲ ਵੀ ਸਪੱਸ਼ਟ ਕਰਨੋਂ ਅਸਮਰੱਥ ਹੈ ਕਿ 50 ਸਾਲਾਂ ਵਿੱਚ ਕਿਰਾਏ ਦੇ ਰੂਪ ਵਿੱਚ ਇੱਕ ਘਰ ਉੱਤੇ ਕੀਤਾ ਅਸਲੀ ਖਰਚਾ 10 ਗੁਣਾਂ ਕਿਵੇਂ ਵਸੂਲਿਆ ਜਾਂਦਾ ਹੈ। ਇਸ ਸਵਾਲ ਨੂੰ ਜਿਹੜਾ ਉੱਕਾ ਹੀ ਬਹੁਤਾ ਮੁਸ਼ਕਲ ਨਹੀਂ ਹੈ, ਆਰਥਕ ਤੌਰ 'ਤੇ ਘੋਖਣ ਦੀ ਬਜਾਏ ਅਤੇ ਇਹ ਸਿੱਧ ਕਰਨ ਦੀ ਬਜਾਏ ਕਿ ਕੀ ਇਹ ਅਸਲ ਵਿੱਚ ਆਰਥਕ ਕਾਨੂੰਨਾਂ ਦੇ ਵਿਰੋਧ ਵਿੱਚ ਵੀ ਹੈ ਅਤੇ ਜੇ ਹੈ ਤਾਂ ਕਿਵੇਂ ਹੈ, ਪਰੂਧੋਂ ਅਰਥ ਵਿਗਿਆਨ ਤੋਂ ਕਾਨੂੰਨ-ਵਿਗਿਆਨ ਵਿੱਚ ਛੜੱਪਾ ਜਾ ਮਾਰਦਾ ਹੈ। ਕੁੱਝ ਸਾਲਾਂ ਦੀ ਅਦਾਇਗੀ ਨਾਲ਼ "ਘਰ ਜੋ ਇੱਕ ਵਾਰ ਉਸਾਰ ਲਿਆ ਗਿਆ ਹੈ, ਸਦੀਵੀ ਕਾਨੂੰਨੀ ਅਧਿਕਾਰ ਵਜੋਂ ਕੰਮ ਦਿੰਦਾ ਹੈ।" ਇਹ ਗੱਲ ਕਿਵੇਂ ਹੁੰਦੀ ਹੈ, ਘਰ ਇੱਕ ਕਾਨੂੰਨੀ ਅਧਿਕਾਰ ਕਿਵੇਂ ਬਣ ਜਾਂਦਾ ਹੈ, ਇਸ ਬਾਰੇ ਪਰੂਧੋਂ ਚੁੱਪ ਹੈ ਅਤੇ ਐਨ ਇਹੋ ਤਾਂ ਗੱਲ ਹੈ ਜੋ ਉਹਨੂੰ ਸਪੱਸ਼ਟ ਕਰਨੀ ਚਾਹੀਦੀ ਸੀ। ਜੇਕਰ ਉਹਨੇ ਇਸ ਸਵਾਲ ਦੀ ਘੋਖ ਕੀਤੀ ਹੁੰਦੀ ਤਾਂ ਉਹਨੂੰ ਪਤਾ ਲੱਗ ਗਿਆ ਹੁੰਦਾ ਕਿ ਸੰਸਾਰ ਵਿੱਚ ਸਾਰੇ ਕਾਨੂੰਨੀ ਅਧਿਕਾਰ, ਭਾਵੇਂ ਉਹ ਕਿੰਨੇ ਵੀ ਸਦੀਵੀ ਹੋਣ, ਇੱਕ ਘਰ ਨੂੰ ਇਹ ਸ਼ਕਤੀ ਨਹੀਂ ਦੇ ਸਕਦੇ ਕਿ ਉਹ ਕਿਰਾਏ ਦੇ ਰੂਪ ਵਿੱਚ 50 ਸਾਲਾਂ ਦੌਰਾਨ ਆਪਣੇ ਖਰਚੇ ਨਾਲ਼ੋਂ ਦਸ ਗੁਣਾ ਜ਼ਿਆਦਾ ਰਕਮ ਵਸੂਲ ਕਰੇ, ਤੇ ਕਿ ਸਗੋਂ ਕੇਵਲ ਆਰਥਕ ਹਾਲਤਾਂ ਹੀ (ਜਿਨ੍ਹਾਂ ਨੂੰ ਕਾਨੂੰਨੀ ਹੱਕਾਂ ਦੇ ਰੂਪ ਵਿੱਚ ਸਮਾਜਕ ਮਾਣਤਾ ਮਿਲ ਚੁੱਕੀ ਹੋਵੇ) ਇਹ ਗੱਲ ਕਰ ਸਕਦੀਆਂ ਹਨ ਅਤੇ ਇਸ ਨਾਲ਼ ਉਹ ਇੱਕ ਵਾਰ ਫੇਰ ਉੱਥੇ ਹੀ ਪੁੱਜ ਜਾਵੇਗਾ ਜਿੱਥੋਂ ਸ਼ੁਰੂ ਹੋਇਆ ਸੀ।

ਸਮੁੱਚੀ ਪਰੂਧੋਂਵਾਦੀ ਸਿੱਖਿਆ, ਆਰਥਕ ਅਸਲੀਅਤ ਤੋਂ ਕਾਨੂੰਨੀ ਲੱਫਾਜ਼ੀ ਵਿੱਚ ਬਚਾਅ ਕਰਨ ਵਾਲ਼ਾ ਇਹ ਛੜੱਪਾ ਮਾਰਨ ਉੱਤੇ ਅਧਾਰਤ ਹੈ। ਸਾਡਾ ਚੰਗਾ ਪਰੂਧੋਂ ਹਰ ਵਾਰ ਹੀ ਚੀਜ਼ਾਂ ਦਾ ਆਰਥਕ ਅਧਾਰ ਗੁਆ ਬੈਠਦਾ ਹੈ — ਅਤੇ ਉਸ ਨਾਲ਼ ਉਹ ਗੱਲ ਹਰ ਗੰਭੀਰ ਸਮੱਸਿਆ ਸਬੰਧੀ ਵਾਪਰਦੀ ਹੈ — ਅਤੇ ਉਹ ਕਾਨੂੰਨ ਦੇ ਖੇਤਰ ਵਿੱਚ ਅਤੇ ਸਦੀਵੀ ਇਨਸਾਫ਼ ਦੀਆਂ ਅਪੀਲਾਂ ਦੀ ਪਨਾਹ ਲੈਂਦਾ ਹੈ।

"ਪਰੂਧੋਂ ਕਾਨੂੰਨੀ ਸਬੰਧਾਂ ਵਿੱਚੋਂ ਜਿਹੜੇ ਜਿਣਸਾਂ ਦੀ ਪੈਦਾਵਾਰ ਦੇ ਅਨੁਕੂਲ ਹੁੰਦੇ ਹਨ, ਇਨਸਾਫ਼ ਦਾ, 'ਸਦੀਵੀ ਇਨਸਾਫ਼' ਦਾ ਆਪਣਾ ਆਦਰਸ਼ ਹਾਸਲ ਕਰਨ ਮਗਰੋਂ ਸ਼ੁਰੂ ਕਰਦਾ ਹੈ; ਇਸ ਤਰ੍ਹਾਂ ਨੋਟ ਕੀਤਾ ਜਾ ਸਕਦਾ ਹੈ ਕਿ ਉਹ ਸਾਰੇ ਚੰਗੇ ਨਾਗਰਿਕਾਂ ਦੀ ਤਸੱਲੀ ਲਈ ਇਹ ਸਿੱਧ ਕਰਦਾ ਹੈ ਕਿ ਜਿਣਸਾਂ ਦੀ ਪੈਦਾਵਾਰ ਦਾ ਅਜਿਹਾ ਰੂਪ ਹੈ ਜੋ ਇਨਸਾਫ ਜਿੰਨਾ ਹੀ ਸਦੀਵੀ ਹੈ। ਫੇਰ ਉਹ ਪਿੱਛੇ ਮੁੜਦਾ ਹੈ ਅਤੇ ਜਿਣਸਾਂ ਦੀ ਅਸਲੀ ਪੈਦਾਵਾਰ ਨੂੰ ਅਤੇ ਉਸ ਦੀ ਅਨੁਸਾਰੀ ਅਸਲੀ ਕਾਨੂੰਨੀ ਪ੍ਰਣਾਲੀ ਨੂੰ ਇਸ ਆਦਰਸ਼ ਅਨੁਸਾਰ ਸੋਧਣ ਦਾ ਯਤਨ ਕਰਦਾ ਹੈ। ਸਾਨੂੰ ਉਸ ਰਸਾਇਣ ਵਿਗਿਆਨੀ ਬਾਰੇ ਕੀ ਰਾਇ ਰੱਖਣੀ ਚਾਹੀਦੀ ਹੈ ਜੋ ਮਾਦੇ ਦੀ ਸੰਗਠਨ ਤੇ ਵਿਗਠਨ ਵਿੱਚ ਅਣੂਆਂ ਸਬੰਧੀ ਤਬਦੀਲੀਆਂ ਦੇ ਅਸਲੀ ਕਾਨੂੰਨਾਂ ਦਾ ਅਧਿਐਨ ਕਰਨ ਦੀ ਬਜਾਏ ਅਤੇ ਉਸ ਅਧਾਰ ਉੱਤੇ ਨਿਸ਼ਚਿਤ ਸਮੱਸਿਆਵਾਂ ਹੱਲ

ਕਰਨ ਦੀ ਬਜਾਏ ਇਹ ਦਾਅਵਾ ਕਰੇ ਕਿ ਉਹ ਮਾਦੇ ਦੇ ਸੰਗਠਨ ਤੇ ਵਿਗਠਨ ਨੂੰ, "ਕੁਦਰਤੀ" ਤੇ "ਅਸੀਮਤ" ਦੇ "ਸਦੀਵੀ ਵਿਚਾਰਾਂ" ਨਾਲ਼ ਤਰਤੀਬ ਦੇ ਸਕਦਾ ਹੈ।

ਸਾਡੇ ਪਰੂਧੋਂਵਾਦੀ (ਏ. ਮੂਲਬਰਗਰ —ਸੰਪਾ.) ਦਾ ਹਾਲ ਵੀ ਉਹਦੇ ਸੁਆਮੀ ਤੇ ਮਾਲਕ ਨਾਲ਼ੋਂ ਚੰਗਾ ਨਹੀਂ:

"ਕਿਰਾਏ ਬਾਰੇ ਸਮਝੌਤਾ ਉਹਨਾਂ ਹਜ਼ਾਰਾਂ ਵਟਾਂਦਰਿਆਂ ਵਿੱਚੋਂ ਇੱਕ ਹੈ ਜੋ ਪਸ਼ੂਆਂ ਦੇ ਸਰੀਰਾਂ ਵਿੱਚ ਲਹੂ ਦੇ ਗੇੜ ਵਾਂਗ ਆਧੁਨਿਕ ਸਮਾਜ ਦੇ ਜੀਵਨ ਵਿੱਚ ਉਨੇ ਹੀ ਜ਼ਰੂਰੀ ਹਨ। ਕੁਦਰਤੀ ਤੌਰ 'ਤੇ ਇਹ ਗੱਲ ਇਸ ਸਮਾਜ ਦੇ ਹਿੱਤ ਵਿੱਚ ਹੋਵੇਗੀ ਜੇਕਰ ਇਹਨਾਂ ਸਾਰੇ ਵਟਾਂਦਰਿਆਂ ਵਿੱਚੋਂ ਹੱਕ ਦੇ ਸੰਕਲਪ ਦੀ ਪ੍ਰਮੁੱਖ ਝਲਕ ਮਿਲਦੀ ਹੋਵੇ, ਭਾਵ ਜੇਕਰ ਉਹ ਹਰ ਥਾਂ ਉੱਤੇ ਇਨਸਾਫ ਦੀਆਂ ਕਰੜੀਆਂ ਮੰਗਾਂ ਅਨੁਸਾਰ ਨੇਪਰੇ ਚਾੜ੍ਹੇ ਗਏ ਹੋਣ। ਗੱਲ ਕੀ, ਸਮਾਜ ਦੇ ਆਰਥਕ ਜੀਵਨ ਨੂੰ, ਆਪਣਾ ਆਪ ਜਿਵੇਂ ਕਿ ਪਰੂਧੋਂ ਨੇ ਆਖਿਆ ਹੈ, ਆਰਥਕ ਹੱਕ ਦੀਆਂ ਉਚਾਈਆਂ ਤੱਕ ਉੱਚਾ ਉਠਾਉਣਾ ਚਾਹੀਦਾ ਹੈ। ਅਸਲ ਵਿੱਚ, ਜਿਵੇਂ ਕਿ ਅਸੀਂ ਜਾਣਦੇ ਹਾਂ, ਜਿਹੜੀ ਗੱਲ ਵਾਪਰਦੀ ਹੈ ਉਹ ਇਹਦੇ ਐਨ ਉਲਟ ਹੈ।"

ਕੀ ਇਹ ਗੱਲ ਵਿਸ਼ਵਾਸਯੋਗ ਹੈ ਕਿ ਮਾਰਕਸ ਵੱਲੋਂ ਪਰੂਧੋਂਵਾਦ ਦੀ ਇੰਨੀ ਸੰਖੇਪ ਤੇ ਕਾਇਲ ਕਰਨ ਵਾਲ਼ੀ ਵਿਆਖਿਆ ਤੋਂ ਜੋ ਐਨ ਇਸੇ ਨਿਰਣਈ ਪੱਖ ਤੋਂ ਕੀਤੀ ਗਈ ਹੈ, ਪੰਜ ਸਾਲ ਮਗਰੋਂ ਕੋਈ ਆਦਮੀ ਜਰਮਨ ਭਾਸ਼ਾ ਵਿੱਚ ਅਜਿਹੀ ਗਡਮੱਡ ਸਮੱਗਰੀ ਛਾਪ ਸਕਦਾ ਹੈ ? ਇਸ ਬੇਤੁਕੀ ਗੱਲ ਦਾ ਕੀ ਅਰਥ ਬਣਦਾ ਹੈ ? ਇਹ ਇਸ ਗੱਲ ਤੋਂ ਵੱਧ ਕੁੱਝ ਵੀ ਨਹੀਂ ਕਿ ਅਜੋਕੇ ਸਮਾਜ ਨੂੰ ਚਲਾਉਣ ਵਾਲ਼ੇ ਆਰਥਕ ਕਾਨੂੰਨਾਂ ਦੇ ਅਮਲੀ ਅਸਰ ਲੇਖਕ ਦੀ ਇਨਸਾਫ ਦੀ ਭਾਵਨਾ ਦੇ ਵਿਰੁੱਧ ਜਾਂਦੇ ਹਨ ਅਤੇ ਕਿ ਉਹਦੀ ਨੇਕ ਖਾਹਿਸ਼ ਇਹ ਹੈ ਕਿ ਮਾਮਲੇ ਨੂੰ ਇਸ ਢੰਗ ਨਾਲ਼ ਤਰਤੀਬ ਦਿੱਤੀ ਜਾਵੇ ਕਿ ਉਹ ਇਸ ਸਥਿਤੀ ਨੂੰ ਸੁਲਝਾ ਸਕੇ। ਜੀ ਹਾਂ, ਜੇਕਰ ਡੱਡੂਆਂ ਦੇ ਪੂਛਾਂ ਹੁੰਦੀਆਂ ਤਾਂ ਉਹ ਡੱਡੂ ਨਾ ਰਹਿੰਦੇ ਅਤੇ ਕੀ ਫੇਰ ਪੈਦਾਵਾਰ ਦਾ ਪੂੰਜੀਵਾਦੀ ਢੰਗ "ਹੱਕ ਦੇ ਸੰਕਲਪ ਨਾਲ਼ ਸਰਸ਼ਾਰ" ਨਹੀਂ ਭਾਵ ਮਜ਼ਦੂਰਾਂ ਦੀ ਲੁੱਟਚੋਂਘ ਕਰਨ ਦੇ ਉਹਦੇ ਆਪਣੇ ਹੱਕ ਨਾਲ਼ ਸਰਸ਼ਾਰ ਨਹੀਂ ? ਅਤੇ ਜੇਕਰ ਲੇਖਕ ਸਾਨੂੰ ਇਹ ਦੱਸਦਾ ਹੈ ਕਿ ਇਹ ਉਹਦਾ ਹੱਕ ਦਾ ਸੰਕਲਪ ਨਹੀਂ ਤਾਂ ਕੀ ਅਸੀਂ ਉਸ ਨਾਲ਼ੋਂ ਇੱਕ ਕਦਮ ਅੱਗੇ ਹਾਂ ?

ਪਰ ਆਉ ਅਸੀਂ ਘਰਾਂ ਦੇ ਸਵਾਲ ਵੱਲ ਪਰਤੀਏ। ਸਾਡਾ ਪਰੂਧੋਂਵਾਦੀ ਹੁਣ ਆਪਣੇ "ਹੱਕ ਦੇ ਸੰਕਲਪ" ਨੂੰ ਪੂਰੀ ਤਰ੍ਹਾਂ ਖੁਲ੍ਹ ਦਿੰਦਾ ਹੈ, ਸਾਨੂੰ ਹੇਠਾਂ ਦਿੱਤਾ ਜਾ ਰਿਹਾ ਜਜ਼ਬਾਤੀ ਭਾਸ਼ਨ ਦਿੰਦਾ ਹੈ:

"ਅਸੀਂ ਇਹ ਗੱਲ ਆਖਣ ਤੋਂ ਨਹੀਂ ਝਿਜਕਦੇ ਕਿ ਸਾਡੀ ਸਤਿਕਾਰੀ ਸਦੀ ਦੇ ਸਮੁੱਚੇ ਸੱਭਿਆਚਾਰ ਦੀ ਇਸ ਤੱਥ ਨਾਲ਼ੋਂ ਵੱਧ ਭਿਆਨਕ ਹਾਸੋਹੀਣਤਾ ਹੋਰ ਕੋਈ ਨਹੀਂ ਕਿ ਵੱਡੇ ਸ਼ਹਿਰਾਂ ਵਿੱਚ 90 ਫੀਸਦੀ ਜਾਂ ਇਸ ਤੋਂ ਵੱਧ ਵਸੋਂ ਕੋਲ਼ ਅਜਿਹੀ ਕੋਈ ਥਾਂ ਨਹੀਂ ਜੀਹਨੂੰ ਉਹ ਆਪਣੀ ਆਖ ਸਕਣ। ਨੈਤਿਕ ਤੇ ਟੱਬਰ ਦੀ ਹੋਂਦ ਤੇ ਘਰ ਬਾਰ ਦਾ ਅਸਲੀ ਘੁੰਡੀ ਵਾਲ਼ਾ ਨੁਕਤਾ ਸਮਾਜਕ ਘੁੰਮਣ-ਘੇਰੀ ਨਾਲ਼ ਹੂੰਝਿਆ ਜਾ ਰਿਹਾ ਹੈ। ਇਸ ਪੱਖ ਤੋਂ ਅਸੀਂ

ਵਹਿਸ਼ੀਆਂ ਨਾਲ਼ੋਂ ਕਿਤੇ ਨੀਵੇਂ ਹਾਂ। ਗੁਫ਼ਾ ਵਿੱਚ ਰਹਿਣ ਵਾਲ਼ੇ ਕੋਲ਼ ਆਪਣੀ ਗੁਫ਼ਾ ਹੈ, ਆਸਟਰੇਲੀਆਈ ਕੋਲ਼ ਆਪਣਾ ਕੱਚਾ ਕੋਠਾ ਹੈ, ਇੰਡੀਅਨ ਕੋਲ਼ ਆਪਣਾ ਘਰਬਾਰ ਹੈ, ਪਰ ਆਧੁਨਿਕ ਪ੍ਰੋਲੇਤਾਰੀ ਹਵਾ ਵਿੱਚ ਲਟਕ ਰਿਹਾ ਹੈ" ਆਦਿ।

ਇਸ ਕੀਰਨੇ ਵਿੱਚ ਸਾਨੂੰ ਪਰੂਧੋਂਵਾਦ ਦਾ ਸਮੁੱਚਾ ਪਿਛਾਖੜੀ ਚਿਹਰਾ ਦਿਖਾਈ ਦਿੰਦਾ ਹੈ। ਪ੍ਰੋਲੇਤਾਰੀ ਦੀ ਆਧੁਨਿਕ ਇਨਕਲਾਬੀ ਜਮਾਤ ਦੀ ਰਚਨਾ ਕਰਨ ਲਈ ਧੁੰਨੀ ਦੇ ਉਸ ਨਾੜੂਏ ਨੂੰ ਕੱਟਣਾ ਬਿਲਕੁੱਲ ਜ਼ਰੂਰੀ ਹੈ ਜੋ ਬੀਤੇ ਦੇ ਮਜ਼ਦੂਰ ਨੂੰ ਅਜੇ ਵੀ ਜ਼ਮੀਨ ਨਾਲ਼ ਬੰਨ੍ਹਦਾ ਹੈ। ਹੱਥ ਨਾਲ਼ ਖੱਡੀ ਬੁਣਨ ਵਾਲ਼ਾ ਜਿਸ ਕੋਲ਼ ਉਹਦੀ ਖੱਡੀ ਦੇ ਨਾਲ਼ ਉਹਦਾ ਨਿੱਕਾ ਜਿਹਾ ਘਰ ਬਗੀਚਾ ਤੇ ਖੇਤ ਸਨ, ਬੜਾ ਸ਼ਾਂਤ ਤੇ ਸੰਤੋਖ ਵਾਲ਼ਾ ਆਦਮੀ ਸੀ, "ਦਇਆਵਾਨ ਤੇ ਸਤਿਕਾਰਯੋਗ" ਸੀ ਜੋ ਕਿ ਸਮੁੱਚੀ ਗਰੀਬੀ ਤੇ ਸਮੁੱਚੇ ਰਾਜਨੀਤਕ ਦਬਾਅ ਦੇ ਬਾਵਜੂਦ ਸੀ; ਉਹ ਅਮੀਰਾਂ ਨੂੰ, ਪਾਦਰੀ ਨੂੰ ਤੇ ਰਾਜ ਦੇ ਅਧਿਕਾਰੀਆਂ ਨੂੰ ਟੋਪੀ ਲਾਹ ਕੇ ਸਲਾਮ ਕਰਦਾ ਸੀ ਅਤੇ ਅੰਦਰੋਂ ਬਿਲਕੁੱਲ ਗੁਲਾਮ ਸੀ। ਇਹ ਐਨ ਆਧੁਨਿਕ ਵੱਡ-ਪੱਧਰੀ ਸਨਅਤ ਹੀ ਹੈ ਜੀਹਨੇ ਮਜ਼ਦੂਰ ਨੂੰ, ਜਿਹੜਾ ਪਹਿਲਾਂ ਜ਼ਮੀਨ ਨਾਲ਼ ਬਝਿਆ ਹੋਇਆ ਸੀ, ਪੂਰੀ ਤਰ੍ਹਾਂ ਜਾਇਦਾਦੋਂ ਹੀਣੇ ਪ੍ਰੋਲੇਤਾਰੀ ਵਿੱਚ, ਜਿਹੜਾ ਸਾਰੇ ਰਵਾਇਤੀ ਬੰਧਨਾਂ ਤੋਂ ਮੁਕਤ ਹੋ ਗਿਆ ਹੈ, ਇੱਕ ਅਜ਼ਾਦ ਜਲਾਵਤਨੀਏ ਵਿੱਚ ਬਦਲ ਦਿੱਤਾ ਹੈ; ਉਹ ਐਨ ਇਹੋ ਆਰਥਕ ਇਨਕਲਾਬ ਹੀ ਹੈ ਜੀਹਨੇ ਅਜਿਹੀਆਂ ਨਿਰੋਲ ਹਾਲਤਾਂ ਪੈਦਾ ਕੀਤੀਆਂ ਜਿਨ੍ਹਾਂ ਵਿੱਚ ਉਹਦੇ ਅੰਤਮ ਰੂਪ ਵਿੱਚ ਤੇ ਪੂੰਜੀਵਾਦੀ ਪੈਦਾਵਾਰ ਵਿੱਚ ਮਜ਼ਦੂਰ ਜਮਾਤ ਦੀ ਲੁੱਟਚੋਂਘ ਖਤਮ ਕੀਤੀ ਜਾ ਸਕਦੀ ਹੈ ਅਤੇ ਹੁਣ ਇਹ ਰੋਣ-ਹਾਕਾ ਪਰੂਧੋਂਵਾਦੀ ਆਉਂਦਾ ਹੈ ਅਤੇ ਮਜ਼ਦੂਰਾਂ ਦੇ ਉਹਨਾਂ ਦੇ ਘਰ ਘਾਟ ਤੋਂ ਕੱਢੇ ਜਾਣ ਦਾ ਰੋਣਾ ਰੋਂਦਾ ਹੈ ਜਿਵੇਂ ਕਿ ਇਹ ਗੱਲ ਉਹਨਾਂ ਦੀ ਬੌਧਕ ਬੰਦ ਖਲਾਸੀ ਦੀ ਪਹਿਲੀ ਸ਼ਰਤ ਹੋਣ ਦੀ ਬਜਾਏ ਬਹੁਤ ਹੀ ਪਿਛੇਖਿਚੂ ਗੱਲ ਹੋਵੇ।

27 ਵਰ੍ਹੇ ਪਹਿਲਾਂ ਮੈਂ **ਇੰਗਲੈਂਡ ਵਿੱਚ ਮਜ਼ਦੂਰ ਜਮਾਤ ਦੀ ਹਾਲਤ** ਵਿੱਚ ਮਜ਼ਦੂਰਾਂ ਨੂੰ ਉਹਨਾਂ ਦੇ ਘਰਬਾਰ ਤੋਂ ਬਾਹਰ ਕੱਢਣ ਦੇ ਇਸੇ ਅਮਲ ਦੇ ਜਿਵੇਂ ਕਿ ਉਹ ਇੰਗਲੈਂਡ ਵਿੱਚ 18ਵੀਂ ਸਦੀ ਵਿੱਚ ਵਾਪਰਿਆ ਸੀ, ਮੁੱਖ ਲੱਛਣਾਂ ਦਾ ਵਰਨਣ ਕੀਤਾ ਸੀ। ਇਉਂ ਕਰਨ ਵਿੱਚ ਜ਼ਮੀਨ ਤੇ ਫੈਕਟਰੀ ਮਾਲਕਾਂ ਦੀਆਂ ਬਦਨਾਮੀਆਂ ਦਾ, ਉਹਨਾਂ ਪਦਾਰਥਕ ਤੇ ਨੈਤਿਕ ਭੈੜੇ ਅਸਰਾਂ ਦਾ ਜੋ ਸਭ ਤੋਂ ਪਹਿਲਾਂ ਸਬੰਧਤ ਮਜ਼ਦੂਰਾਂ ਉੱਤੇ ਅਟੱਲ ਰੂਪ ਵਿੱਚ ਪਏ, ਢੁਕਵੇਂ ਰੂਪ ਵਿੱਚ ਵਰਨਣ ਕੀਤਾ ਸੀ। ਕੀ ਇਸ ਸਬੰਧੀ ਇਹ ਗੱਲ ਮੇਰੇ ਦਿਮਾਗ ਵਿੱਚ ਆ ਸਕਦੀ ਸੀ ਕਿ ਮੈਂ ਇਹਨੂੰ ਜੋ ਕਿ ਉਹਨਾਂ ਹਾਲਤਾਂ ਵਿੱਚ ਬਿਲਕੁੱਲ ਜ਼ਰੂਰੀ ਇਤਿਹਾਸਕ ਅਮਲ ਸੀ, "ਵਹਿਸ਼ੀਆਂ ਨਾਲ਼ੋਂ ਨੀਵਾਂ" ਪਿਛੇ ਖਿੱਚੂ ਅਮਲ ਸਮਝਾਂ ? ਇਹ ਅਸੰਭਵ ਗੱਲ ਹੈ। 1872 ਦਾ ਅੰਗਰੇਜ਼ ਪ੍ਰੋਲੇਤਾਰੀ ਯਕੀਨੀ ਤੌਰ 'ਤੇ 1772 ਦੇ ਪੇਂਡੂ ਬੁਣਕਾਰ ਨਾਲ਼ੋਂ ਜਿਸ ਕੋਲ਼ ਆਪਣਾ "ਘਰ ਬਾਰ" ਸੀ, ਬੇਹੱਦ ਉੱਚੇ ਪੱਧਰ 'ਤੇ ਹੈ ਅਤੇ ਕੀ ਆਪਣੀ ਗੁਫਾ ਵਾਲ਼ਾ ਗੁਫਾ-ਨਿਵਾਸੀ ਆਪਣੇ ਕੱਚੇ ਕੋਠੇ ਵਾਲ਼ਾ ਆਸਟਰੇਲੀਆਈ ਜਾਂ ਆਪਣੇ ਘਰ ਬਾਰ ਵਾਲ਼ਾ ਇੰਡੀਅਨ ਕਦੀ ਜੂਨ ਦੀ ਬਗਾਵਤ ਜਾਂ ਇੱਕ ਪੈਰਿਸ ਕਮਿਊਨ ਸਿਰੇ ਚਾੜ੍ਹੇਗਾ ?

ਇਸ ਗੱਲ ਬਾਰੇ ਕਿ ਵੱਡੇ ਪੱਧਰ ਉੱਤੇ ਪੂੰਜੀਵਾਦੀ ਪੈਦਾਵਾਰ ਸ਼ੁਰੂ ਕੀਤੇ ਜਾਣ ਤੋਂ ਮਗਰੋਂ ਮਜ਼ਦੂਰਾਂ ਦੀ ਹਾਲਤ ਸਮੁੱਚੇ ਤੌਰ ’ਤੇ ਪਦਾਰਥਕ ਰੂਪ ਵਿੱਚ ਵਧੇਰੇ ਮੰਦੀ ਹੋ ਗਈ ਹੈ, ਕੇਵਲ ਬੁਰਜੂਆਜ਼ੀ ਨੂੰ ਹੀ ਸ਼ੱਕ ਹੈ। ਪਰ ਇਸ ਲਈ ਕੀ ਸਾਨੂੰ ਲਲਚਾਈਆਂ ਨਜ਼ਰਾਂ ਨਾਲ਼ ਪਿੱਛੇ ਮਿਸਰੀ ਸੁੱਖ ਸਾਧਨਾਂ ਵੱਲ, (ਜੋ ਇਸੇ ਤਰ੍ਹਾਂ ਨਿਗੂਣੇ ਸਨ), ਪੇਂਡੂ ਛੋਟੇ ਪੈਮਾਨੇ ਦੀ ਸਨਅਤ ਵੱਲ ਵੇਖਣਾ ਚਾਹੀਦਾ ਹੈ ਜੀਹਨੇ ਕੇਵਲ ਨੀਚ ਰੂਹਾਂ ਹੀ ਪੈਦਾ ਕੀਤੀਆਂ ਹਨ ਜਾਂ ਕਿ “ਵਹਿਸ਼ੀਆਂ” ਵੱਲ ਵੇਖਣਾ ਚਾਹੀਦਾ ਹੈ ? ਇਹਦੇ ਉਲਟ, ਆਧੁਨਿਕ ਵੱਡੇ ਪੱਧਰ ਦੀ ਸਨਅਤ ਵੱਲੋਂ ਪੈਦਾ ਕੀਤਾ ਗਿਆ, ਸਾਰੀਆਂ ਵਿਰਸੇ ਵਿੱਚ ਮਿਲੀਆਂ ਜ਼ੰਜੀਰਾਂ ਤੋਂ, ਜਿਨ੍ਹਾਂ ਵਿੱਚ ਉਹਨੂੰ ਜ਼ਮੀਨ ਨਾਲ਼ ਬੰਨ੍ਹਣ ਵਾਲ਼ੀਆਂ ਜ਼ੰਜੀਰਾਂ ਵੀ ਸ਼ਾਮਲ ਹਨ, ਮੁਕਤ ਹੋ ਚੁੱਕਿਆ ਪ੍ਰੋਲੇਤਾਰੀ ਹੀ ਉਸ ਮਹਾਨ ਸਮਾਜਕ ਤਬਦੀਲੀ ਨੂੰ ਸਿਰੇ ਚਾੜ੍ਹਨ ਦੀ ਪੋਜੀਸ਼ਨ ਵਿੱਚ ਹੈ ਜੋ ਸਮੁੱਚੀ ਜਮਾਤੀ ਲੁੱਟਚੋਂਘ ਦਾ, ਸਾਰੀ ਜਮਾਤੀ ਹਕੂਮਤ ਦਾ ਖਾਤਮਾ ਕਰ ਦੇਵੇਗਾ। ਪੁਰਾਣੇ ਪੇਂਡੂ, ਹੱਥ ਨਾਲ਼ ਕੱਪੜਾ ਬੁਣਨ ਵਾਲ਼ੇ ਜਿਨ੍ਹਾਂ ਕੋਲ਼ ਘਰ ਬਾਰ ਸਨ, ਇਹ ਗੱਲ ਕਰਨ ਦੇ ਕਰਦੀ ਵੀ ਸਮਰੱਥ ਨਾ ਹੋ ਸਕਦੇ; ਇਹਨੂੰ ਸਿਰੇ ਚਾੜ੍ਹਨ ਦੀ ਖਾਹਿਸ਼ ਦੀ ਗੱਲ ਤਾਂ ਕਿਤੇ ਰਹੀ, ਉਹ ਅਜਿਹੇ ਵਿਚਾਰ ਬਾਰੇ ਸੋਚਣ ਦੇ ਹੀ ਸਮਰੱਥ ਨਾ ਹੁੰਦੇ।

ਦੂਜੇ ਪਾਸੇ ਪਰੂਧੋਂ ਲਈ ਪਿਛਲੇ ਸੌ ਸਾਲਾਂ ਦਾ ਸਮੁੱਚਾ ਸਨਅਤੀ ਇਨਕਲਾਬ, ਭਾਫ਼ ਦਾ ਸ਼ਕਤੀ ਤੇ ਵੱਡੇ ਪੈਮਾਨੇ ਉੱਤੇ ਫੈਕਟਰੀ ਪੈਦਾਵਾਰ ਦਾ ਚਾਲੂ ਹੋਣਾ ਜਿਸ ਨੇ ਹੱਥ ਨਾਲ਼ ਮਿਹਨਤ ਦੀ ਥਾਂ ਉੱਤੇ ਮਸ਼ੀਨਰੀ ਲਿਆਂਦੀ ਅਤੇ ਜੋ ਕਿਰਤ ਉਪਜਾਇਕਤਾ ਵਿੱਚ ਹਜ਼ਾਰ ਗੁਣਾ ਵਾਧਾ ਕਰਦੀ ਹੈ, ਬੜੀ ਹੀ ਘਿਰਣਾਯੋਗ ਘਟਨਾ ਹੈ, ਅਜਿਹੀ ਗੱਲ ਜੋ ਅਸਲੋਂ ਕਦੀ ਵੀ ਵਾਪਰੀ ਨਾ ਹੁੰਦੀ। ਨਿੱਕ-ਬੁਰਜੂਆ ਪਰੂਧੋਂ ਅਜਿਹੇ ਸੰਸਾਰ ਦੀ ਕਾਮਨਾ ਕਰਦਾ ਹੈ ਜਿਸ ਵਿੱਚ ਹਰ ਆਦਮੀ ਵੱਖਰੀ ਤੇ ਸੁਆਧੀਨ ਉਪਜ ਪੈਦਾ ਕਰਦਾ ਹੈ ਜੋ ਤੁਰੰਤ ਹੀ ਮੰਡੀ ਵਿੱਚ ਖਪਤਯੋਗ ਤੇ ਵਟਾਂਦਰੇ ਦੇ ਯੋਗ ਹੋਵੇ। ਫੇਰ ਜਿੰਨਾ ਚਿਰ ਹਰ ਆਦਮੀ ਨੂੰ ਇੱਕ ਹੋਰ ਚੀਜ਼ ਦੇ ਰੂਪ ਵਿੱਚ ਉਹਦੀ ਮਿਹਨਤ ਦੀ ਪੂਰੀ ਕਦਰ ਮਿਲਦੀ ਹੈ, “ਸਦੀਵੀ ਇਨਸਾਫ” ਦੀ ਪੂਰਤੀ ਹੋ ਜਾਂਦੀ ਹੈ ਅਤੇ ਸਭ ਤੋਂ ਵਧੀਆ ਸੰਭਵ ਸੰਸਾਰ ਕਾਇਮ ਹੋ ਜਾਂਦਾ ਹੈ। ਪਰ ਪਰੂਧੋਂ ਦਾ ਇਹ ਸਭ ਤੋਂ ਵਧੀਆ ਸੰਸਾਰ ਸਨਅਤੀ ਵਿਕਾਸ ਦੀ ਤਰੱਕੀ ਨੇ ਸ਼ੁਰੂ ਵਿੱਚ ਹੀ ਖਤਮ ਕਰ ਦਿੱਤਾ ਹੈ ਅਤੇ ਪੈਰਾਂ ਥੱਲੇ ਮਸਲ ਦਿੱਤਾ ਹੈ, ਜੀਹਨੇ ਬਹੁਤ ਚਿਰ ਪਹਿਲਾਂ ਸਨਅਤ ਦੀਆਂ ਸਾਰੀਆਂ ਵੱਡੀਆਂ ਸ਼ਾਖਾਂ ਵਿੱਚ ਵਿਅਕਤੀਗਤ ਕਿਰਤ ਨੂੰ ਤਬਾਹ ਕਰ ਦਿੱਤਾ ਹੈ ਅਤੇ ਹੋਰ ਰੋਜ਼ ਹੀ ਛੋਟੇਰੀਆ ਤੇ ਇਥੋਂ ਤੱਕ ਕਿ ਬਹੁਤ ਹੀ ਛੋਟੇਰੀਆਂ ਸ਼ਾਖਾਂ ਵਿੱਚ ਇਹਨੂੰ ਵਧੇਰੇ ਹੀ ਵਧੇਰੇ ਤਬਾਹ ਕਰ ਰਿਹਾ ਹੈ, ਜੋ ਉਹਦੀ ਥਾਂ ਉੱਤੇ ਮਸ਼ੀਨਰੀ ਦੀ ਮਦਦ ਵਾਲ਼ੀ ਸਮਾਜਕ ਕਿਰਤ ਅਤੇ ਕੁਦਰਤ ਦੀਆਂ ਕਾਬੂ ਕੀਤੀਆਂ ਤਾਕਤਾਂ ਲਿਆ ਰਿਹਾ ਹੈ ਅਤੇ ਜਿਸ ਦੀ ਪੂਰੀ ਤਿਆਰ ਹੋਈ ਚੀਜ਼ ਜੋ ਤੁਰੰਤ ਹੀ ਵਟਾਂਦਰੇ ਤੇ ਖਪਤ ਦੇ ਯੋਗ ਹੈ, ਬਹੁਤ ਸਾਰੇ ਵਿਅਕਤੀਆਂ ਦਾ ਸਾਂਝਾ ਕੰਮ ਹੈ ਜਿਨ੍ਹਾਂ ਦੇ ਹੱਥਾਂ ਵਿੱਚੋਂ ਦੀ ਇਹਨੂੰ ਲੰਘਣਾ ਪੈਂਦਾ ਹੈ ਅਤੇ ਉਹ ਐਨ ਇਹੀ ਸਨਅਤੀ ਇਨਕਲਾਬ ਹੈ ਜਿਸ ਨੇ ਮਨੁੱਖੀ ਕਿਰਤ ਦੀ ਪੈਦਾਵਾਰੀ ਸ਼ਕਤੀ ਅਜਿਹੇ ਉੱਚੇ ਪੱਧਰ ਉੱਤੇ ਪੁਚਾ ਦਿੱਤੀ ਹੈ ਕਿ — ਮਨੁੱਖਜਾਤੀ ਦੇ ਇਤਿਹਾਸ ਵਿੱਚ ਪਹਿਲੀ ਵਾਰ — ਇਸ

ਗੱਲ ਦੀ ਸੰਭਾਵਨਾ ਪੈਦਾ ਹੋ ਗਈ ਹੈ ਕਿ ਜੇਕਰ ਸਾਰਿਆਂ ਵਿੱਚ ਕਿਰਤ ਦੀ ਯੁਕਤੀਪੂਰਨ ਵੰਡ ਹੋਵੇ ਤਾਂ ਸਮਾਜ ਦੇ ਸਮੁੱਚੇ ਮੈਂਬਰਾਂ ਦੀ ਭਰਪੂਰ ਖਪਤ ਲਈ ਅਤੇ ਭਰਪੂਰ ਰੀਜ਼ਰਵ ਫ਼ੰਡ ਲਈ ਹੀ ਪੈਦਾਵਾਰ ਨਾ ਕੀਤੀ ਜਾਵੇ ਸਗੋਂ ਹਰ ਵਿਅਕਤੀ ਲਈ ਨਿਗਰ ਵਿਹਲ ਵੀ ਛੱਡੀ ਜਾਵੇ ਤਾਂ ਜੋ ਇਤਿਹਾਸਕ ਰੂਪ ਵਿੱਚ ਵਿਰਸੇ ਵਿੱਚ ਮਿਲੇ ਸੱਭਿਆਚਾਰ ਵਿੱਚੋਂ — ਵਿਗਿਆਨ, ਕਲਾ, ਮੇਲ ਜੋਲ ਦੇ ਰੂਪ — ਜੋ ਕੁੱਝ ਕਾਇਮ ਰੱਖਣ ਦੇ ਅਸਲੋਂ ਯੋਗ ਹੋਵੇ ਉਹਨੂੰ ਕੇਵਲ ਕਾਇਮ ਹੀ ਨਾ ਰੱਖਿਆ ਜਾਵੇ ਸਗੋਂ ਉਹਨੂੰ ਹੁਕਮਰਾਨ ਜਮਾਤ ਦੀ ਇਜਾਰੇਦਾਰੀ ਤੋਂ ਸਮੁੱਚੇ ਸਮਾਜ ਦੀ ਸਾਂਝੀ ਜਾਇਦਾਦ ਵਿੱਚ ਬਦਲ ਦਿੱਤਾ ਜਾਵੇ ਅਤੇ ਉਹਨੂੰ ਹੋਰ ਵਿਕਸਿਤ ਕੀਤਾ ਜਾਵੇ ਅਤੇ ਇਸੇ ਵਿੱਚ ਹੀ ਨਿਰਣਈ ਨੁਕਤਾ ਮੌਜੂਦ ਹੈ: ਜਿਉਂ ਹੀ ਮਨੁੱਖੀ ਕਿਰਤ ਦੀ ਪੈਦਾਵਾਰੀ ਸ਼ਕਤੀ ਐਨੀ ਉੱਚਾਈ ਉੱਤੇ ਪੁੱਜ ਜਾਵੇਗੀ, ਹੁਕਮਰਾਨ ਜਮਾਤ ਦੀ ਹੋਂਦ ਦੇ ਸਾਰੇ ਬਹਾਨੇ ਅਲੋਪ ਹੋ ਜਾਣਗੇ। ਆਖਿਰ, ਜਮਾਤੀ ਫਰਕਾਂ ਦੀ ਰਾਖੀ ਹਮੇਸ਼ਾ ਹੀ ਇਸ ਆਖਰੀ ਅਧਾਰ ਉੱਤੇ ਕੀਤੀ ਜਾਂਦੀ ਰਹੀ ਹੈ: ਅਜਿਹੀ ਇੱਕ ਜਮਾਤ ਹੋਣੀ ਚਾਹੀਦੀ ਹੈ ਜਿਸ ਨੂੰ ਉਹਦੀ ਨਿੱਤ ਦਿਹਾੜੀ ਦੀ ਰੋਜ਼ੀ ਪੈਦਾ ਕਰਨ ਦਾ ਝੰਜਟ ਨਾ ਹੋਵੇ ਤਾਂ ਜੋ ਉਸ ਕੋਲ਼ ਸਮਾਜ ਦੇ ਬੌਧਕ ਕੰਮ ਦੀ ਦੇਖ ਭਾਲ਼ ਲਈ ਸਮਾਂ ਹੋਵੇ। ਇਸ ਗੱਲਬਾਤ ਨੂੰ, ਜਿਸ ਨੂੰ ਹੁਣ ਤੱਕ ਭਾਰੀ ਇਤਿਹਾਸਕ ਪ੍ਰਮਾਣਿਕਤਾ ਹਾਸਲ ਸੀ, ਬੀਤੇ ਸੌ ਸਾਲਾਂ ਦੇ ਸਨਅਤੀ ਇਨਕਲਾਬ ਨੇ ਹਮੇਸ਼ਾ ਲਈ ਜੜੋਂ ਕੱਟ ਦਿੱਤਾ ਹੈ। ਇੱਕ ਹੁਕਮਰਾਨ ਜਮਾਤ ਦੀ ਹੋਂਦ ਸਨਅਤੀ ਪੈਦਾਵਾਰੀ ਸ਼ਕਤੀ ਦੇ ਵਿਕਾਸ ਲਈ ਅਤੇ ਇਸੇ ਤਰ੍ਹਾਂ ਹੀ ਵਿਗਿਆਨ, ਕਲਾ ਤੇ ਖਾਸ ਕਰਕੇ ਸੱਭਿਆਚਾਰਕ ਮਿਲਵਰਤਣ ਦੇ ਰੂਪਾਂ ਲਈ ਹਰ ਰੋਜ਼ ਵਧੇਰੇ ਹੀ ਵਧੇਰੇ ਰੁਕਾਵਟ ਬਣਦੀ ਜਾ ਰਹੀ ਹੈ। ਸਾਡੀ ਆਧੁਨਿਕ ਬੁਰਜੂਆਜ਼ੀ ਨਾਲ਼ੋਂ ਵੱਡੇ ਉਜੱਡ ਅੱਜ ਤੱਕ ਕਦੀ ਵੀ ਨਹੀਂ ਹੋਵੇ।

ਇਹ ਸਾਰਾ ਕੁੱਝ ਸਾਡੇ ਮਿੱਤਰ ਪਰੂਧੋਂ ਲਈ ਕੁੱਝ ਵੀ ਨਹੀਂ। ਉਹ ਤਾਂ "ਸਦੀਵੀ ਇਨਸਾਫ" ਚਾਹੁੰਦਾ ਹੈ, ਹੋਰ ਕੁੱਝ ਨਹੀਂ। ਹਰ ਇੱਕ ਆਦਮੀ ਨੂੰ ਉਹਦੀ ਉਪਜ ਦੇ ਵਟਾਂਦਰੇ ਵਿੱਚ ਉਹਦੀ ਕਿਰਤ ਦੀ ਪੂਰੀ ਵਟਤ, ਉਹਦੀ ਕਿਰਤ ਦੀ ਪੂਰੀ ਕਦਰ ਮਿਲਣੀ ਚਾਹੀਦੀ ਹੈ। ਪਰ ਆਧੁਨਿਕ ਸਨਅਤ ਦੀ ਉਪਜ ਵਿੱਚ ਇਸ ਬਾਰੇ ਅਨੁਮਾਨ ਲਾਉਣਾ ਗੁੰਝਲਦਾਰ ਮਾਮਲਾ ਹੈ। ਕਾਰਨ ਇਹ ਹੈ ਕਿ ਆਧੁਨਿਕ ਸਨਅਤ ਸਮੁੱਚੀ ਚੀਜ਼ ਵਿੱਚ ਵਿਅਕਤੀ ਦਾ ਖਾਸ ਹਿੱਸਾ ਅਸਪੱਸ਼ਟ ਕਰ ਦਿੰਦੀ ਹੈ ਜਿਹੜਾ ਕਿ ਪੁਰਾਣੀ ਵਿਅਕਤੀਗਤ ਦਸਤਕਾਰੀ ਵਿੱਚ ਪ੍ਰਤੱਖ ਰੂਪ ਵਿੱਚ ਪੂਰੀ ਤਰ੍ਹਾਂ ਤਿਆਰ ਹੋ ਚੁੱਕੀ ਚੀਜ਼ ਦੇ ਰੂਪ ਵਿੱਚ ਹੁੰਦਾ ਸੀ। ਇਸ ਤੋਂ ਉਪਰੰਤ, ਆਧੁਨਿਕ ਸਨਅਤ ਵਿਅਕਤੀਗਤ ਵਟਾਂਦਰੇ ਨੂੰ ਬਹੁਤਾ ਹੀ ਬਹੁਤਾ ਖਤਮ ਕਰਦੀ ਜਾ ਰਹੀ ਹੈ, ਜਿਸ ਉੱਤੇ ਪਰੂਧੋਂ ਦੀ ਸਮੁੱਚੀ ਪ੍ਰਣਾਲੀ, ਭਾਵ ਦੋ ਉਪਜਾਇਕਾਂ ਵਿਚਕਾਰ ਸਿੱਧਾ ਵਟਾਂਦਰਾ ਜਿਨ੍ਹਾਂ ਵਿੱਚੋਂ ਦੋਵੇਂ ਖਪਤ ਲਈ ਇੱਕ ਦੂਜੇ ਦੀ ਚੀਜ਼ ਲੈ ਲੈਂਦੇ ਹਨ, ਅਧਾਰਤ ਹੈ। ਨਤੀਜੇ ਵਜੋਂ ਸਮੁੱਚੇ ਪਰੂਧੋਂ ਵਿੱਚੋਂ ਦੀ ਇੱਕ ਪਿਛਾਖੜੀ ਲਕੀਰ ਲੰਘਦੀ ਹੈ; ਸਨਅਤੀ ਇਨਕਲਾਬ ਲਈ ਘ੍ਰਿਣਾ ਅਤੇ ਸਮੁੱਚੀ ਆਧੁਨਿਕ ਸਨਅਤ ਨੂੰ ਮੰਦਰ ਵਿੱਚੋਂ — ਭਾਫ਼ ਇੰਜਣ, ਮਕੈਨੀਕਲ ਖੱਡੀਆਂ ਤੇ ਬਾਕੀ ਦਾ ਕਾਰੋਬਾਰ — ਬਾਹਰ ਕੱਢਣ ਦੀ ਖਾਹਿਸ਼ ਜੋ ਕਦੀ ਖੁੱਲ੍ਹੇ ਰੂਪ ਵਿੱਚ ਤੇ ਕਦੀ ਲੁੱਕਵੇਂ ਰੂਪ ਵਿੱਚ ਪ੍ਰਗਟ ਕੀਤੀ ਗਈ ਹੈ ਅਤੇ ਪੁਰਾਣੀ,

ਇੱਜ਼ਤਦਾਰ ਹੱਥ-ਕਿਰਤ ਵੱਲ ਪਲਟਣਾ। ਇਹ ਗੱਲ ਕਿ ਅਸੀਂ ਤਦੋਂ ਸਾਡੀ ਉਪਜਾਊ ਸ਼ਕਤੀ ਦਾ 999 ਹਜ਼ਾਰਵਾਂ ਹਿੱਸਾ ਗੁਆ ਬੈਠਾਂਗੇ, ਕਿ ਸਮੁੱਚੀ ਮਨੁੱਖਜਾਤੀ ਸਭ ਤੋਂ ਭੈੜੀ ਸੰਭਵ ਕਿਰਤ ਗੁਲਾਮੀ ਦਾ ਸ਼ਿਕਾਰ ਹੋ ਜਾਵੇਗੀ ਕਿ ਭੁੱਖ ਆਮ ਕਾਨੂੰਨ ਬਣ ਜਾਵੇਗੀ — ਇਸ ਸਾਰੇ ਕੁੱਝ ਦੀ ਕੋਈ ਗੱਲ ਨਹੀਂ, ਬਸ ਸਾਨੂੰ ਤਾਂ ਕੇਵਲ ਵਟਾਂਦਰੇ ਦੀ ਅਜਿਹੇ ਢੰਗ ਨਾਲ਼ ਜਥੇਬੰਦੀ ਕਰਨ ਦੇ ਸਮਰੱਥ ਹੋ ਜਾਣਾ ਚਾਹੀਦਾ ਹੈ ਕਿ ਹਰ ਇੱਕ ਆਦਮੀ ਨੂੰ "ਉਹਦੀ ਕਿਰਤ ਦੀ ਪੂਰਨ ਵਟਤ" ਮਿਲੇ ਅਤੇ ਕਿ "ਸਦੀਵੀ ਇਨਸਾਫ" ਹਾਸਲ ਕੀਤਾ ਜਾਵੇ ?

ਇਨਸਾਫ ਜ਼ਰੂਰ ਹੋਣਾ ਚਾਹੀਦਾ ਹੈ ਭਾਵੇਂ ਸਾਰੀ ਦੁਨੀਆ ਤਬਾਹ ਹੋ ਜਾਵੇ।

ਅਤੇ ਇਸ ਪਰੂਧੋਂਵਾਦੀ ਉਲਟ-ਇਨਕਲਾਬ ਵਿੱਚ ਦੁਨੀਆ ਤਬਾਹ ਹੋ ਜਾਵੇਗੀ ਜੇਕਰ ਇਹਨੂੰ ਸਿਰੇ ਚਾੜ੍ਹਨਾ ਸੰਭਵ ਹੋਵੇ।

ਪਰ ਇਹ ਗੱਲ ਸਵੈ ਪ੍ਰਤੱਖ ਹੈ ਕਿ ਵੱਡੇ ਪੱਧਰ ਦੀ ਆਧੁਨਿਕ ਸਨਅਤ ਵੱਲੋਂ ਸੀਮਾ ਬੱਧ ਸਮਾਜਕ ਪੈਦਾਵਾਰ ਨਾਲ਼ ਵੀ ਹਰ ਆਦਮੀ ਨੂੰ "ਉਹਦੀ ਕਿਰਤ ਦੀ ਪੂਰੀ ਵਟਤ" ਯਕੀਨੀ ਬਣਾਉਣਾ ਸੰਭਵ ਹੈ, ਜੇਕਰ ਇਹਨਾਂ ਸ਼ਬਦਾਂ ਦਾ ਉੱਕਾ ਹੀ ਕੋਈ ਅਰਥ ਬਣਦਾ ਹੋਵੇ ਅਤੇ ਇਹਦਾ ਅਰਥ ਕੇਵਲ ਤਦੋਂ ਹੀ ਬਣਦਾ ਹੈ ਜਦੋਂ ਇਹ ਸਮਝਿਆ ਜਾਵੇ ਕਿ ਹਰ ਵਿਅਕਤੀਗਤ ਮਜ਼ਦੂਰ ਹੀ "ਆਪਣੀ ਕਿਰਤ ਦੀ ਪੂਰੀ ਵਟਤ" ਦਾ ਮਾਲਕ ਨਹੀਂ ਬਣਦਾ ਸਗੋਂ ਸਮੁੱਚਾ ਸਮਾਜ ਹੀ ਜਿਸ ਵਿੱਚ ਕੇਵਲ ਕਾਮੇ ਸ਼ਾਮਲ ਹੋਣਗੇ, ਆਪਣੀ ਕਿਰਤ ਦੀ ਸਮੁੱਚੀ ਉਪਜ ਦਾ ਮਾਲਕ ਬਣ ਜਾਂਦਾ ਹੈ ਜਿਹੜੀ ਉਪਜ ਦਾ ਇੱਕ ਹਿੱਸਾ ਉਹ ਖਪਤ ਲਈ ਆਪਣੇ ਮੈਂਬਰਾਂ ਵਿੱਚ ਵੰਡ ਦਿੰਦਾ ਹੈ, ਇੱਕ ਹਿੱਸਾ ਪੈਦਾਵਾਰ ਦੇ ਸਾਧਨਾਂ ਦੀ ਬਦਲੀ ਕਰਨ ਤੇ ਉਹਨਾਂ ਵਿੱਚ ਵਾਧਾ ਕਰਨ ਲਈ ਵਰਤਦਾ ਹੈ, ਇੱਕ ਹਿੱਸਾ ਪੈਦਾਵਾਰ ਤੇ ਖਪਤ ਲਈ ਰੀਜ਼ਰਵ ਫ਼ੰਡ ਵਜੋਂ ਸਟੋਰ ਕਰਦਾ ਹੈ।

*

ਜੋ ਕੁੱਝ ਉੱਪਰ ਆਖਿਆ ਗਿਆ ਹੈ ਉਸ ਤੋਂ ਮਗਰੋਂ ਅਸੀਂ ਹੁਣ ਪਹਿਲਾਂ ਹੀ ਜਾਣ ਗਏ ਹਾਂ ਕਿ ਸਾਡਾ ਪਰੂਧੋਂਵਾਦੀ ਘਰਾਂ ਦੇ ਵੱਡੇ ਸਵਾਲ ਨੂੰ ਕਿਵੇਂ ਹੱਲ ਕਰੇਗਾ। ਇੱਕ ਪਾਸੇ ਤਾਂ ਸਾਡੇ ਕੋਲ ਇਹ ਮੰਗ ਹੈ ਕਿ ਹਰ ਕੋਲ ਆਪਣਾ ਘਰ ਹੋਵੇ ਤੇ ਘਰ ਉੱਤੇ ਉਹਦੀ ਮਲਕੀਅਤ ਹੋਵੇ ਤਾਂ ਜੋ ਅਸੀਂ ਵਹਿਸ਼ੀਆਂ ਤੋਂ ਵੀ ਨੀਵੇਂ ਨਾ ਰਹੀਏ। ਦੂਜੇ ਪਾਸੇ ਸਾਡੇ ਕੋਲ ਇਹ ਯਕੀਨਦਹਾਨੀ ਹੈ ਕਿ ਕਿਰਾਏ ਦੇ ਰੂਪ ਵਿੱਚ ਮਕਾਨ ਦੇ ਅਮਲੀ ਖਰਚੇ ਦੀ ਦੋ, ਤਿੰਨ, ਪੰਜ ਜਾਂ ਦਸ ਗੁਣਾ ਮੋੜਾਈ ਜਿਵੇਂ ਕਿ ਇਹ ਅਸਲ ਵਿੱਚ ਵਾਪਰਦਾ ਹੈ, ਕਾਨੂੰਨੀ ਹੱਕ ਉੱਤੇ ਅਧਾਰਤ ਹੈ ਅਤੇ ਕਿ ਇਹ ਕਾਨੂੰਨੀ ਹੱਕ "ਸਦੀਵੀ ਇਨਸਾਫ" ਦੇ ਵਿਰੋਧ ਵਿੱਚ ਹੁੰਦਾ ਹੈ। ਇਹਦਾ ਹੱਲ ਬੜਾ ਸਾਦਾ ਹੈ: ਅਸੀਂ ਕਾਨੂੰਨੀ ਹੱਕ ਨੂੰ ਖਤਮ ਕਰ ਦਿੰਦੇ ਹਾਂ ਅਤੇ ਸਦੀਵੀ ਇਨਸਾਫ ਕਰਕੇ ਐਲਾਨ ਕਰ ਦਿੰਦੇ ਹਾਂ ਕਿ ਅਦਾ ਕੀਤਾ ਗਿਆ ਕਿਰਾਇਆ ਖੁਦ ਘਰ ਦੇ ਖਰਚੇ ਦੀ ਅਦਾਇਗੀ ਹੈ। ਜੇਕਰ ਕੋਈ ਆਪਣੀਆਂ ਮਨੌਤਾਂ ਨੂੰ ਇਸ ਤਰ੍ਹਾਂ ਤਰਤੀਬ ਦਿੰਦਾ ਹੈ ਕਿ ਉਹਨਾਂ ਵਿੱਚ ਆਖਰੀ ਨਤੀਜਾ ਵੀ ਸ਼ਾਮਲ ਹੋਵੇ ਤਾਂ ਨਿਰਸੰਦੇਹ, ਨਤੀਜਾ ਪੈਦਾ ਕਰਨ ਲਈ ਜਿਹੜਾ ਪਹਿਲੋਂ ਤਿਆਰ ਕੀਤਾ ਗਿਆ ਹੁੰਦਾ ਹੈ ਅਤੇ ਬੜੇ ਮਾਣ ਨਾਲ਼ ਉਸ

ਅਡੋਲ ਮੰਤਕ ਵੱਲ ਇਸ਼ਾਰਾ ਕਰਨ ਲਈ ਜਿਸ ਦਾ ਉਹ ਨਤੀਜਾ ਹੁੰਦਾ ਹੈ, ਕਿਸੇ ਦੰਭੀ ਨਾਲ਼ੋਂ ਵਧੇਰੇ-ਹੁਨਰਮੰਦੀ ਦੀ ਲੋੜ ਨਹੀਂ।

ਅਤੇ ਇਸ ਤਰ੍ਹਾਂ ਇੱਥੇ ਵਾਪਰਦਾ ਹੈ। ਕਿਰਾਏ ਦੇ ਘਰਾਂ ਦਾ ਖਾਤਮਾਂ ਇੱਕ ਲੋੜ ਵਜੋਂ ਐਲਾਨਿਆ ਜਾਂਦਾ ਹੈ ਅਤੇ ਇਹ ਇਸ ਮੰਗ ਵਿੱਚ ਲਪੇਟ ਕੇ ਪੇਸ਼ ਕੀਤਾ ਜਾਂਦਾ ਹੈ, ਕਿ ਹਰ ਕਿਰਾਏਦਾਰ ਨੂੰ ਉਹਦੇ ਘਰ ਦਾ ਮਾਲਕ ਬਣਾ ਦਿੱਤਾ ਜਾਵੇ। ਇਹ ਅਸੀਂ ਕਿਵੇਂ ਕਰਾਂਗੇ ? ਇਹ ਬੜੀ ਸਾਦੀ ਜਿਹੀ ਗੱਲ ਹੈ:

"ਕਿਰਾਏ ਉੱਤੇ ਦਿੱਤੇ ਘਰਾਂ ਦਾ ਮੁੱਲ ਤਾਰ ਦਿੱਤਾ ਜਾਵੇਗਾ.... ਘਰ ਦੇ ਸਾਬਕਾ ਮਾਲਕਾਂ ਨੂੰ ਆਖਰੀ ਫਾਰਦਿੰਗ ਤੱਕ ਉਹਦੇ ਘਰ ਦੀ ਕਦਰ ਅਦਾ ਕਰ ਦਿੱਤੀ ਜਾਵੇਗੀ। ਜਦੋਂ ਕਿ ਕਿਰਾਇਆ ਪਹਿਲਾਂ ਵਾਂਗ ਹੀ, ਅਜਿਹੀ ਭੇਟ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਕਿਰਾਏਦਾਰ ਪੂੰਜੀ ਦੇ ਸਦੀਵੀ ਹੱਕ ਨੂੰ ਅਦਾ ਕਰਦਾ ਹੈ, ਉਸ ਦਿਨ, ਤੋਂ ਜਦੋਂ ਤੋਂ ਰਿਹਾਇਸ਼ੀ ਘਰ ਦਾ ਮੁੱਲ ਤਾਰੇ ਜਾਣਾ ਐਲਾਨਿਆਂ ਜਾਂਦਾ ਹੈ, ਕਿਰਾਏਦਾਰ ਵੱਲੋਂ ਅਦਾ ਕੀਤੀ ਗਈ ਬੱਝਵੀਂ ਰਕਮ ਉਹ ਸਾਲਾਨਾ ਕਿਸ਼ਤ ਬਣ ਜਾਂਦੀ ਹੈ, ਜਿਹੜੀ ਉਹਦੇ ਕਬਜ਼ੇ ਵਿੱਚ ਆ ਚੁੱਕੇ ਮਕਾਨ ਬਦਲੇ ਅਦਾ ਕੀਤੀ ਜਾਂਦੀ ਹੈ....ਸਮਾਜ....ਇਸ ਤਰ੍ਹਾਂ ਆਪਣੇ ਆਪ ਨੂੰ ਰਿਹਾਇਸ਼ੀ ਮਕਾਨਾਂ ਦੇ ਸੁਤੰਤਰ ਤੇ ਸੁਆਧੀਨ ਮਾਲਕਾਂ ਦੇ ਕੁੱਲ ਜੋੜ ਵਿੱਚ ਪਲਟ ਲੈਂਦਾ ਹੈ।"

ਪਰੂਧੋਂਵਾਦੀ ਨੂੰ ਇਹ ਸਦੀਵੀ ਇਨਸਾਫ ਵਿਰੁੱਧ ਜ਼ੁਰਮ ਜਾਪਦਾ ਹੈ ਕਿ ਮਾਲਕ ਮਕਾਨ ਕੰਮ ਕੀਤੇ ਬਿਨਾਂ ਹੀ ਜ਼ਮੀਨ ਦਾ ਲਗਾਨ ਅਤੇ ਘਰ ਉੱਤੇ ਲਾਈ ਗਈ ਪੂੰਜੀ ਉੱਤੇ ਸੂਦ ਪ੍ਰਾਪਤ ਕਰਦਾ ਹੈ। ਉਹ ਫ਼ਰਮਾਨ ਜਾਰੀ ਕਰਦਾ ਹੈ ਕਿ ਇਹ ਬੰਦ ਹੋਣਾ ਚਾਹੀਦਾ ਹੈ ਕਿ ਘਰ ਉੱਤੇ ਲਾਈ ਗਈ ਪੂੰਜੀ ਦਾ ਕੋਈ ਸੂਦ ਨਹੀਂ ਮਿਲਣਾ ਚਾਹੀਦਾ ਅਤੇ ਨਾ ਹੀ ਜ਼ਮੀਨ ਦਾ ਲਗਾਨ ਹੀ ਮਿਲਣਾ ਚਾਹੀਦਾ ਹੈ ਕਿਉਂਕਿ ਇਹ ਖਰੀਦੀ ਗਈ ਜ਼ਮੀਨੀ ਜਾਇਦਾਦ ਹੈ। ਹੁਣ ਅਸੀਂ ਇਹ ਵੇਖ ਲਿਆ ਹੈ ਕਿ ਪੈਦਾਵਾਰ ਦੇ ਪੂੰਜੀਵਾਦੀ ਢੰਗ, ਜੋ ਕਿ ਅਜੋਕੇ ਸਮਾਜ ਦਾ ਅਧਾਰ ਹਨ, ਉੱਤੇ ਇਸ ਨਾਲ਼ ਕੋਈ ਵੀ ਅਸਰ ਨਹੀਂ ਪੈਂਦਾ। ਉਹ ਧੁਰਾ ਜਿਸ ਦੁਆਲ਼ੇ ਮਜ਼ਦੂਰ ਦੀ ਲੁੱਟਚੋਂਘ ਘੁੰਮਦੀ ਹੈ, ਸਰਮਾਏਦਾਰ ਨੂੰ ਉਹਦੀ ਕਿਰਤ ਸ਼ਕਤੀ ਦੀ ਵੇਚ ਹੈ ਅਤੇ ਉਹ ਵਰਤੋਂ ਹੈ ਜੋ ਸਰਮਾਏਦਾਰ ਇਸ ਵਟਾਂਦਰੇ ਦੀ ਕਰਦਾ ਹੈ ਅਤੇ ਇਹ ਤੱਥ ਹੈ ਕਿ ਉਹ ਮਜ਼ਦੂਰ ਨੂੰ ਮਜਬੂਰ ਕਰਦਾ ਹੈ ਕਿ ਉਹ ਉਸ ਨਾਲ਼ੋਂ ਕਿਤੇ ਵਧੇਰੇ ਪੈਦਾ ਕਰੇ ਜਿੰਨੀ ਉਹਦੀ ਕਿਰਤ ਸ਼ਕਤੀ ਦੀ ਅਦਾ ਕੀਤੀ ਕਦਰ ਹੁੰਦੀ ਹੈ। ਸਰਮਾਏਦਾਰ ਤੇ ਮਜ਼ਦੂਰ ਵਿਚਕਾਰ ਇਹ ਵਟਾਂਦਰਾ ਹੀ ਹੈ ਜੋ ਸਮੁੱਚੀ ਵਾਫ਼ਰ ਕਦਰ ਪੈਦਾ ਕਰਦਾ ਹੈ ਜਿਸ ਦੀ ਵੰਡ ਮਗਰੋਂ ਜਾ ਕੇ ਜ਼ਮੀਨ ਦੇ ਲਗਾਨ, ਵਣਜੀ ਮੁਨਾਫੇ ਪੂੰਜੀ ਉੱਤੇ ਸੂਦ, ਟੈਕਸਾਂ ਆਦਿ ਦੇ ਰੂਪ ਵਿੱਚ ਸਰਮਾਏਦਾਰਾਂ ਤੇ ਉਹਨਾਂ ਦੇ ਹੱਥ ਠੋਕਿਆ ਦੀਆਂ ਵੱਖਰੀਆਂ ਵੱਖਰੀਆਂ ਕਿਸਮਾਂ ਵਿਚਕਾਰ ਹੁੰਦੀ ਹੈ ਅਤੇ ਹੁਣ ਸਾਡਾ ਪਰੂਧੋਂਵਾਦੀ ਸਾਹਮਣੇ ਆਉਂਦਾ ਹੈ ਅਤੇ ਵਿਸ਼ਵਾਸ ਰੱਖਦਾ ਹੈ ਕਿ ਜੇ ਕਰ ਅਸੀਂ ਸਰਮਾਏਦਾਰਾਂ ਦੀ, ਉਹ ਵੀ ਅਜਿਹੇ ਸਰਮਾਏਦਾਰਾਂ ਦੀ ਜੋ ਸਿੱਧੇ ਤੌਰ 'ਤੇ ਕੋਈ ਕਿਰਤ ਸ਼ਕਤੀ ਨਹੀਂ ਖਰੀਦਦੇ ਅਤੇ ਜਿਹੜੇ ਇਸ ਲਈ ਕੋਈ ਵਾਫ਼ਰ ਕਦਰ ਪੈਦਾ ਨਹੀਂ ਕਰਵਾਉਂਦੇ, ਇਕਹਿਰੀ ਕਿਸਮ ਉੱਤੇ ਮੁਨਾਫਾ ਕਮਾਉਣ ਜਾਂ ਸੂਦ ਹਾਸਲ ਕਰਨ ਸਬੰਧੀ

ਪਾਬੰਦੀ ਲਾ ਦੇਈਏ ਤਾਂ ਇਹ ਅੱਗੇ ਵੱਲ ਨੂੰ ਇੱਕ ਕਦਮ ਹੋਵੇਗਾ। ਜੇਕਰ ਮਕਾਨ ਮਾਲਕਾਂ ਨੂੰ ਕੱਲ੍ਹ ਤੋਂ ਜ਼ਮੀਨ ਦਾ ਲਗਾਨ ਤੇ ਸੂਦ ਹਾਸਲ ਕਰਨ ਤੋਂ ਵਿਰਵਾ ਕਰ ਵੀ ਦਿੱਤਾ ਜਾਵੇ ਤਾਂ ਮਜ਼ਦੂਰ ਜਮਾਤ ਦਾ, ਬਿਨਾਂ ਅਦਾਇਗੀ ਕੀਤੇ ਹਾਸਲ ਕੀਤੀ ਗਈ ਕਿਰਤ ਦਾ ਸਮੂਹ ਐਨ ਉਹੋ ਜਿਹਾ ਹੀ ਰਹੇਗਾ। ਪਰ ਇਹ ਗੱਲ ਸਾਡੇ ਪਰੂਧੋਂਵਾਦੀ ਨੂੰ ਇਹ ਐਲਾਨ ਕਰਨ ਤੋਂ ਨਹੀਂ ਹੋੜਦੀ:

"ਕਿਰਾਏ ਉੱਤੇ ਦਿੱਤੇ ਘਰਾਂ ਦੀ ਮਨਸੂਖੀ ਇਸ ਤਰ੍ਹਾਂ ਸਭ ਤੋਂ ਵੱਧ ਫਲਦਾਇਕ ਤੇ ਸ਼ਾਨਦਾਰ ਭਾਵਨਾਵਾਂ ਵਿੱਚੋਂ ਇੱਕ ਹੈ ਜੋ ਕਦੀ ਇਨਕਲਾਬੀ ਵਿਚਾਰ ਦੇ ਗਰਭ ਵਿੱਚੋਂ ਪੈਦਾ ਹੋਈ ਅਤੇ ਇਹ ਸੋਸ਼ਲ-ਡੈਮੋਕਰੈਸੀ ਦੀਆਂ ਮੁੱਖ ਮੰਗਾਂ ਵਿੱਚੋਂ ਇੱਕ ਬਣ ਜਾਣੀ ਚਾਹੀਦੀ ਹੈ।"

ਇਹ ਖੁਦ ਵੱਡੇ ਪਰੂਧੋਂ ਦੀ ਐਨ ਮੰਡੀ ਦੇ ਨਾਅਰੇ ਦੀ ਕਿਸਮ ਹੈ ਜੀਹਦੀ ਕੁੜ ਕੁੜ ਹਮੇਸ਼ਾ ਹੀ ਉਸ ਦੇ ਧਰੇ ਆਂਡਿਆਂ ਦੇ ਆਕਾਰ ਨਾਲ਼ੋਂ ਉਲਟੀ ਨਿਸਬਤ ਵਿੱਚ ਹੁੰਦੀ ਸੀ।

ਅਤੇ ਹੁਣ ਇਸ ਗੱਲ ਦਾ ਅਨੁਮਾਨ ਲਾਓ ਕਿ ਕਿੰਨੀ ਸ਼ਾਨਦਾਰ ਹਾਲਤ ਹੋ ਜਾਵੇਗੀ ਜੇਕਰ ਹਰ ਮਜ਼ਦੂਰ, ਨਿੱਕ-ਬੁਰਜੂਆ ਅਤੇ ਬੁਰਜੂਆ ਨੂੰ ਪਹਿਲਾਂ ਆਪਣੇ ਘਰ ਦਾ ਅੰਸ਼ਕ ਮਾਲਕ ਤੇ ਫੇਰ ਪੂਰਾ ਮਾਲਕ ਬਣ ਜਾਣ ਲਈ ਸਾਲਾਨਾ ਕਿਸ਼ਤਾਂ ਦੀ ਅਦਾਇਗੀ ਕਰਨ ਉਹ ਮਜਬੂਰ ਕੀਤਾ ਜਾਵੇ। ਇੰਗਲੈਂਡ ਦੇ ਸਨਅਤੀ ਇਲਾਕਿਆਂ ਵਿੱਚ ਤਾਂ ਜਿੱਥੇ ਵੱਡੇ ਪੈਮਾਨੇ ਦੀ ਸਨਅਤ ਹੈ, ਪਰ ਮਜ਼ਦੂਰਾਂ ਦੇ ਛੋਟੇ ਛੋਟੇ ਘਰ ਵੀ ਹਨ ਅਤੇ ਹਰ ਵਿਆਹੇ ਮਜ਼ਦੂਰ ਕੋਲ਼ ਆਪਣਾ ਨਿੱਕਾ ਜਿਹਾ ਘਰ ਹੈ, ਸ਼ਾਇਦ ਇਹਦਾ ਕੋਈ ਅਰਥ ਬਣਦਾ ਹੀ ਹੋਵੇ। ਪਰ ਪੈਰਿਸ ਵਿਚਲੀ ਅਤੇ ਮਹਾਂਦੀਪ ਦੇ ਬਹੁਤੇ ਵੱਡੇ ਸ਼ਹਿਰਾਂ ਵਿਚਲੀ ਛੋਟੇ ਪੈਮਾਨੇ ਦੀ ਸਨਅਤ ਵਿੱਚ ਵੱਡੇ ਘਰਾਂ ਦਾ ਵਾਧਾ ਕੀਤਾ ਹੁੰਦਾ ਹੈ, ਜਿਨ੍ਹਾਂ ਵਿੱਚ ਦਸ, ਵੀਹ ਜਾਂ ਤੀਹ ਟੱਬਰ ਮਿਲ ਕੇ ਰਹਿੰਦੇ ਹਨ। ਫ਼ਰਜ਼ ਕਰ ਲਵੋ ਕਿ ਸੰਸਾਰ ਦੀ ਬੰਦਖਲਾਸੀ ਕਰਨ ਵਾਲ਼ੇ ਫ਼ਰਮਨ ਵਾਲ਼ੇ ਦਿਨ ਜਦੋਂ ਕਿਰਾਏ ਵਾਲ਼ੇ ਘਰਾਂ ਦਾ ਮੁੱਲ ਤਾਰੇ ਜਾਣ ਦਾ ਐਲਾਨ ਕੀਤਾ ਜਾਂਦਾ ਹੈ, ਪੀਟਰ ਬਰਲਿਨ ਦੇ ਕਿਸੇ ਇੰਜੀਨੀਅਰੀ ਦੇ ਕਾਰਖਾਨੇ ਵਿੱਚ ਕੰਮ ਕਰ ਰਿਹਾ ਹੁੰਦਾ ਹੈ। ਇੱਕ ਵਰ੍ਹਾ ਮਗਰੋਂ ਉਹ ਹੈਮਬਰਗਰ ਟੋਰ ਦੇ ਗੁਆਂਢ ਵਿੱਚ ਕਿਸੇ ਥਾਂ ਇੱਕ ਘਰ ਦੀ ਪੰਜਵੀਂ ਮੰਜ਼ਲ ਉੱਤੇ ਨਿੱਕੇ ਜਿਹੇ ਕਮਰੇ ਵਾਲ਼ੇ ਆਪਣੇ ਫ਼ਲੈਟ ਦੇ 15ਵੇਂ ਹਿੱਸੇ ਦਾ ਮਾਲਕ ਬਣ ਜਾਂਦਾ ਹੈ। ਫੇਰ ਉਹਦੀ ਨੌਕਰੀ ਛੁੱਟ ਜਾਂਦੀ ਹੈ ਅਤੇ ਛੇਤੀ ਹੀ ਮਗਰੋਂ ਹੈਨੋਵਰ ਵਿੱਚ ਪੋਥੋਫ ਵਿੱਚ ਇੱਕ ਘਰ ਦੀ ਤੀਜ਼ੀ ਮੰਜ਼ਲ ਉੱਤੇ ਅਜਿਹੇ ਹੀ ਫਲੈਟ ਵਿੱਚ ਜਿਸ ਦੇ ਸਾਹਮਣੇ ਸਾਨਦਾਰ ਵੇਹੜਾ ਹੈ, ਆ ਜਾਂਦਾ ਹੈ। ਪੰਜ ਮਹੀਨੇ ਉੱਥੇ ਟਿਕਣ ਮਗਰੋਂ ਉਹਨੇ ਅਜੇ ਇਸ ਜਾਇਦਾਦ ਦਾ 1/36 ਹਿੱਸਾ ਹੀ ਹਾਸਲ ਕੀਤਾ ਹੁੰਦਾ ਹੈ ਕਿ ਇੱਕ ਹੜਤਾਲ ਉਹਨੂੰ ਮਿਊਨਿਖ ਭੇਜ ਦਿੰਦੀ ਹੈ ਅਤੇ ਉਹਨੇ ਓਬੇਰਅੰਗੇਰਗਾਸੇ ਦੇ ਪਿੱਛੇ ਕਰ ਕੇ ਇੱਕ ਖਸਤਾ ਹਾਲਤ ਵਾਲ਼ੇ ਘਰ ਦੀ ਐਨ 11/180 ਮਾਲਕੀ ਪ੍ਰਾਪਤ ਕਰ ਲਈ। ਇਸ ਤੋਂ ਮਗਰੋਂ ਕਈ ਕੰਮਾਂ ਤੋਂ ਹਟਾਏ ਜਾਣ ਕਰਕੇ, ਜੋ ਕਿ ਮਜ਼ਦੂਰਾਂ ਨਾਲ਼ ਅੱਜ ਕਲ੍ਹ ਇੰਨੀ ਆਮ ਗੱਲ ਵਾਪਰ ਰਹੀ ਹੈ, ਉਸ ਉੱਤੇ ਸੈਂਟ ਗਾਲੇਨ ਵਿੱਚ ਇਹੋ ਜਿਹੇ ਘਰ ਦੀ 7/360 ਹਿੱਸੇ, ਲੀਡਜ਼ ਵਿੱਚ

ਇੱਕ ਹੋਰ ਘਰ ਦੀ 23/180 ਹਿੱਸੇ ਅਤੇ ਇਸ ਲਈ ਕਿ "ਸਦੀਵੀ ਇਨਸਾਫ" ਨੂੰ ਕੋਈ ਸ਼ਿਕਾਇਤ ਨਾ ਰਹੇ, ਸੀਰੇਂਗ ਵਿਚਲੇ ਤੀਜੇ ਫਲੈਟ ਦੀ ਐਨ ਹਿਸਾਬ ਨਾਲ਼ ਕੱਢੀ ਹੋਈ 347/56.223 ਹਿੱਸੇ ਦੀ ਮਾਲਕੀ ਉਸ ਉੱਤੇ ਲੱਦ ਦਿੱਤੀ ਗਈ ਅਤੇ ਹੁਣ, ਸਾਡੇ ਪੀਟਰ ਲਈ ਫਲੈਟਾਂ ਵਿੱਚ ਇਹ ਸਾਰੇ ਹਿੱਸੇ ਕਿਸ ਕੰਮ ? ਕਿਸੇ ਸਮੇਂ ਉਹਦੇ ਵੱਖ ਵੱਖ ਫਲੈਟਾਂ ਵਿਚਲੇ ਬਾਕੀ ਬਚਦੇ ਹਿੱਸਿਆ ਦੇ ਮਾਲਕ ਜਾਂ ਮਾਲਕਾਂ ਨੂੰ ਉਹ ਕਿੱਥੇ ਲੱਭੇ ? ਕਿਸੇ ਵੀ ਵੱਡੇ ਘਰ ਸਬੰਧੀ ਜਿਸ ਵਿੱਚ, ਆਖ ਲਵੋ, 20 ਫਲੈਟ ਹਨ ਅਤੇ ਜਿਹੜੇ, ਜਦੋਂ ਮੁੱਲ ਤਾਰਨ ਦਾ ਸਮਾਂ ਲੰਘ ਜਾਂਦਾ ਹੈ ਅਤੇ ਕਿਰਾਏ ਉੱਤੇ ਫਲੈਟ ਖਤਮ ਕਰ ਦਿੱਤੇ ਜਾਂਦੇ ਹਨ, ਸ਼ਾਇਦ ਸਮੁੱਚੇ ਸੰਸਾਰ ਵਿੱਚ ਫੈਲੇ ਹੋਏ 300 ਅੰਸ਼ਕ ਮਾਲਕਾਂ ਦੇ ਹੁੰਦੇ ਹਨ, ਜਾਇਦਾਦ ਦੇ ਸਬੰਧ ਨਿਸ਼ਚਿਤ ਰੂਪ ਵਿੱਚ ਕੀ ਹਨ ? ਸਾਡਾ ਪਰੂਧੋਂਵਾਦੀ ਜਵਾਬ ਦੇਵੇਗਾ ਕਿ ਉਸ ਸਮੇਂ ਤੱਕ ਪਰੂਧੋਂਵਾਦੀ ਦਾ ਵਟਾਂਦਰਾ ਬੈਂਕ ਕਾਇਮ ਹੋ ਜਾਵੇਗਾ ਜੋ ਕਿਸੇ ਨੂੰ ਵੀ ਕਿਸੇ ਸਮੇਂ ਕਿਰਤ ਦੀ ਕਿਸੇ ਵੀ ਉਪਜ ਲਈ ਮਿਹਨਤ ਦਾ ਪੂਰਾ ਮੁੱਲ ਅਦਾ ਕਰੇਗਾ ਅਤੇ ਇਸ ਲਈ ਕਿਸੇ ਫਲੈਟ ਵਿੱਚ ਹਿੱਸੇ ਦੀ ਪੂਰੀ ਕਦਰ ਦੀ ਅਦਾਇਗੀ ਕਰੇਗਾ। ਪਰ ਪਹਿਲੀ ਗੱਲ, ਅਸੀਂ ਇੱਥੇ ਪਰੂਧੋਂਨੀ ਵਟਾਂਦਰਾ-ਬੈਂਕ ਨਾਲ਼ ਉੱਕਾ ਹੀ ਸਬੰਧਤ ਨਹੀਂ ਹਾਂ ਕਿਉਂਕਿ ਘਰਾਂ ਦੇ ਸਵਾਲ ਬਾਰੇ ਲੇਖਾਂ ਵਿੱਚ ਉਹਦਾ ਕਿਤੇ ਜ਼ਿਕਰ ਨਹੀਂ ਕੀਤਾ ਗਿਆ ਤੇ ਦੂਜੀ ਗੱਲ, ਇਹ ਇੱਕ ਖਾਸ ਕਿਸਮ ਦੀ ਗਲਤੀ ਉੱਤੇ ਅਧਾਰਤ ਹੈ ਕਿ ਜੇ ਕਰ ਕੋਈ ਆਦਮੀ ਆਪਣੀ ਚੀਜ਼ ਵੇਚਣਾ ਚਾਹੇ ਤਾਂ ਜ਼ਰੂਰੀ ਤੌਰ 'ਤੇ ਉਹਨੂੰ ਹਮੇਸ਼ਾ ਹੀ ਉਹਦੀ ਪੂਰੀ ਕਦਰ ਦੇਣ ਵਾਲ਼ਾ ਖਰੀਦਾਰ ਮਿਲ ਜਾਵੇਗਾ ਅਤੇ ਤੀਜੀ ਗੱਲ, ਪਰੂਧੋਂ ਵੱਲੋਂ ਇਹਦੀ ਕਾਢ ਕੱਢੇ ਜਾਣ ਤੋਂ ਵੀ ਪਹਿਲਾਂ ਇਹ ਇੰਗਲੈਂਡ ਵਿੱਚ ਕਿਰਤ ਵਟਾਂਦਰਾ ਬਾਜ਼ਾਰ ਦੇ ਨਾਂ ਥੱਲੇ ਇੱਕ ਤੋਂ ਬਹੁਤ ਵਾਰ ਦੀਵਾਲੀਆਂ ਹੋ ਚੁੱਕਿਆ ਹੈ।

ਇਹ ਸਮੁੱਚਾ ਸੰਕਲਪ ਕਿ ਮਜ਼ਦੂਰ ਨੂੰ ਆਪਣਾ ਘਰ ਖਰੀਦ ਲੈਣਾ ਚਾਹੀਦਾ ਹੈ, ਫੇਰ ਪਰੂਧੋਂਵਾਦ ਦੇ ਪਿਛਾਖੜੀ ਬੁਨਿਆਦੀ ਦ੍ਰਿਸ਼ਟੀਕੋਣ ਉੱਤੇ ਅਧਾਰਤ ਹੈ, ਜਿਸ ਬਾਰੇ ਪਹਿਲੋਂ ਜ਼ੋਰ ਦੇ ਕੇ ਆਖਿਆ ਹੈ ਤੇ ਜਿਸ ਅਨੁਸਾਰ ਆਧੁਨਿਕ ਵੱਡ-ਪੱਧਰੀ ਸਨਅਤ ਵੱਲੋਂ ਪੈਦਾ ਕੀਤੀਆਂ ਹਾਲਤਾਂ ਰੋਗੀ ਫੋੜੇ ਹਨ ਅਤੇ ਸਮਾਜ ਨੂੰ ਧੱਕੇ ਨਾਲ਼ ਭਾਵ ਉਸ ਰੁਝਾਨ ਦੇ ਵਿਰੁੱਧ ਜਿਸ ਉੱਤੇ ਉਹ ਪਿਛਲੇ ਸੌ ਸਾਲਾਂ ਤੋਂ ਤੁਰਦਾ ਆ ਰਿਹਾ ਹੈ, ਅਜਿਹੀ ਹਾਲਤ ਵਿੱਚ ਲਿਆਂਦਾ ਜਾਵੇ ਜਿਸ ਵਿੱਚ ਵਿਅਕਤੀ ਦੀ ਪੁਰਾਣੀ ਸਥਿਰ ਦਸਤਕਾਰੀ ਪ੍ਰਧਾਨ ਹੋਵੇ ਅਤੇ ਜੋ ਆਮ ਤੌਰ 'ਤੇ ਆਖਿਆ, ਛੋਟੇ ਪੱਧਰ ਦੇ ਉੱਦਮ ਦੀ ਆਦਰਸ਼ੀ ਬਹਾਲੀ ਤੋਂ ਬਿਨਾਂ ਕੁੱਝ ਵੀ ਨਹੀਂ ਹੈ, ਜੋ ਤਬਾਹੀ ਵੱਲ ਗਿਆ ਹੈ ਅਤੇ ਹੁਣ ਜਾ ਰਿਹਾ ਹੈ। ਇੱਕ ਵਾਰ ਜਦੋਂ ਮਜ਼ਦੂਰ ਇਹਨਾਂ ਸਥਿਰ ਹਾਲਤਾਂ ਵਿੱਚ ਪਿੱਛੇ ਸੁੱਟੇ ਗਏ, ਅਤੇ "ਸਮਾਜਕ ਘੁੰਮਣ ਘੇਰੀ" ਸੁੱਖ ਨਾਲ਼ ਖਤਮ ਹੋ ਗਈ, ਤਾਂ ਮਜ਼ਦੂਰ ਕੁਦਰਤੀ ਤੌਰ 'ਤੇ ਇੱਕ ਵਾਰ "ਘਰ-ਬਾਰ" ਦੇ ਰੂਪ ਵਿੱਚ ਜਾਇਦਾਦ ਦੀ ਵਰਤੋਂ ਕਰ ਸਕਦਾ ਹੈ ਅਤੇ ਉੱਪਰ ਦਸਿਆ, ਮੁੱਲ ਤਾਰਨ ਦਾ ਸਿਧਾਂਤ ਘੱਟ ਬੇਤੁਕਾ ਲੱਗਦਾ ਹੈ। ਪਰੂਧੋਂ ਕੇਵਲ ਇਹੋਂ ਭੁੱਲ ਜਾਂਦਾ ਹੈ ਕਿ ਇਸ ਸਾਰੇ ਕੁੱਝ ਨੂੰ ਨੇਪਰੇ ਚਾੜ੍ਹਨ ਲਈ ਉਹਨੂੰ ਸਭ ਤੋਂ ਪਹਿਲਾਂ ਸੰਸਾਰ ਇਤਿਹਾਸ ਦਾ ਪਹੀਆ ਸੌ ਸਾਲ ਪਿੱਛੇ ਕਰਨਾ ਪਵੇਗਾ ਅਤੇ ਜੇ ਕਰ ਉਹਨੇ ਇਹ ਕਰ ਵੀ ਦਿੱਤਾ ਤਾਂ ਉਹ ਅਜੋਕੇ ਮਜ਼ਦੂਰਾਂ ਨੂੰ ਤੰਗ-ਨਜ਼ਰ, ਰੀਂਗਣ

ਵਾਲ਼ੀਆਂ, ਕੋਝੀਆਂ ਗੁਲਾਮ ਰੂਹਾਂ ਵਿੱਚ ਬਦਲ ਦੇਵੇਗਾ ਜਿਵੇਂ ਕਿ ਉਹਨਾਂ ਦੇ ਦਾਦੇ-ਪੜਦਾਦੇ ਹੁੰਦੇ ਸਨ।

ਪਰ ਜਿੱਥੋਂ ਤੱਕ ਘਰਾਂ ਦੀ ਸਮੱਸਿਆ ਦੇ ਪਰੂਧੋਂਵਾਦੀ ਹੱਲ ਵਿੱਚ ਕਿਸੇ ਯੁਕਤੀਪੂਰਨ ਤੇ ਅਮਲੀ ਤੌਰ 'ਤੇ ਵਰਤੋਂ ਯੋਗ ਵਿਸ਼ੇ ਵਸਤੂ ਦਾ ਸਵਾਲ ਹੈ, ਇਹ ਅੱਜ ਨੇਪਰੇ ਚਾੜ੍ਹਿਆ ਜਾ ਰਿਹਾ ਹੈ, ਪਰ ਇਹਦੀ ਪੂਰਤੀ "ਇਨਕਲਾਬੀ ਵਿਚਾਰ ਦੇ ਗਰਭ" ਵਿੱਚੋਂ ਨਹੀਂ ਸਗੋਂ ਖੁਦ ਵੱਡੀ ਬੁਰਜੂਆਜ਼ੀ ਵਿੱਚੋਂ ਪੈਦਾ ਹੋ ਰਹੀ ਹੈ। ਆਓ! ਅਸੀਂ ਸਪੇਨ ਦੇ ਸ਼ਾਨਦਾਰ ਅਖ਼ਬਾਰ **ਲਾਇਮੇਨਸੀਪੇਗਨ** ਜੋ ਮੈਡਰਿਡ ਵਿੱਚ 16 ਮਾਰਚ 1872 ਨੂੰ ਪ੍ਰਕਾਸ਼ਤ ਕੀਤਾ ਗਿਆ, ਨੂੰ ਸੁਣੀਏ:

"ਘਰਾਂ ਦੇ ਸਵਾਲ ਨੂੰ ਹੱਲ ਕਰਨ ਦਾ ਇੱਕ ਹੋਰ ਸਾਧਨ ਵੀ ਹੈ, ਜਿਸ ਦਾ ਸੁਝਾਅ ਪਰੂਧੋਂ ਨੇ ਦਿੱਤਾ ਹੈ, ਜੋ ਪਹਿਲੀ ਨਜ਼ਰੇ ਅੱਖਾਂ ਚੁੰਧਿਆ ਦਿੰਦਾ ਹੈ, ਪਰ ਨੇੜਵੀਂ ਘੋਖ ਉੱਤੇ ਆਪਣੀ ਪੂਰੀ ਕਮਜ਼ੋਰੀ ਪ੍ਰਗਟ ਕਰ ਦਿੰਦਾ ਹੈ। ਪਰੂਧੋਂ ਨੇ ਸੁਝਾਅ ਦਿੱਤਾ ਹੈ ਕਿ ਕਿਰਾਏਦਾਰਾਂ ਨੂੰ ਕਿਸ਼ਤ ਦੀ ਵਿਉਂਤ ਉੱਤੇ ਖਰੀਦਦਾਰ ਬਣਾ ਦੇਣਾ ਚਾਹੀਦਾ ਹੈ, ਕਿ ਸਾਲ ਵਿੱਚ ਅਦਾ ਕੀਤੇ ਗਏ ਕਿਰਾਏ ਨੂੰ ਖਾਸ ਮਕਾਨ ਦੀ ਕਦਰ ਦਾ ਮੁੱਲ ਤਾਰਨ ਦੀ ਅਦਾਇਗੀ ਬਾਰੇ ਕਿਸ਼ਤ ਵਜੋਂ ਰਾਖਵਾਂ ਕਰ ਲੈਣਾ ਚਾਹੀਦਾ ਹੈ ਤਾਂ ਜੋ ਖਾਸ ਸਮੇਂ ਮਗਰੋਂ ਕਿਰਾਏਦਾਰ ਉਹਦਾ ਮਾਲਕ ਬਣ ਜਾਵੇ। ਇਹ ਢੰਗ, ਜੀਹਨੂੰ ਪਰੂਧੋਂ ਬਹੁਤ ਹੀ ਜ਼ਿਆਦਾ ਇਨਕਲਾਬੀ ਸਮਝਦਾ ਸੀ, ਸਾਰੇ ਦੇਸ਼ਾਂ ਵਿੱਚ ਸੱਟੇਬਾਜ਼ਾਂ ਦੀਆਂ ਕੰਪਨੀਆਂ ਵੱਲੋਂ ਸਿਰੇ ਚਾੜ੍ਹਿਆ ਜਾ ਰਿਹਾ ਹੈ ਜੋ ਕਿਰਾਇਆਂ ਵਿੱਚ ਵਾਧਾ ਕਰਕੇ ਇਸ ਤਰ੍ਹਾਂ ਘਰਾਂ ਦੀ ਕਦਰ ਨਾਲ਼ੋਂ ਦੁਗਣਾ ਅਤੇ ਤਿਗੁਣਾ ਹਾਸਲ ਕਰ ਰਹੇ ਹਨ। ਐਮ. ਡੋਲਫਸ ਅਤੇ ਉੱਤਰ-ਪੂਰਬੀ ਫ਼ਰਾਂਸ ਦੇ ਦੂਜੇ ਵੱਡੇ ਕਾਰਖਾਨੇਦਾਰਾਂ ਨੇ ਇਸ ਪ੍ਰਣਾਲੀ ਨੂੰ ਕੇਵਲ ਧਨ ਕਮਾਉਣ ਲਈ ਹੀ ਨਹੀਂ ਸਗੋਂ ਇਸ ਤੋਂ ਇਲਾਵਾ ਆਪਣੇ ਦਿਮਾਗਾਂ ਵਿੱਚ ਰਾਜਨੀਤਕ ਵਿਚਾਰ ਰੱਖ ਕੇ ਵੀ ਸਿਰੇ ਚਾੜ੍ਹਿਆ ਹੈ।

"ਹੁਕਮਰਾਨ ਜਮਾਤ ਦੇ ਸਭ ਤੋਂ ਹੁਸ਼ਿਆਰ ਆਗੂਆਂ ਨੇ ਹਮੇਸ਼ਾ ਹੀ ਆਪਣੇ ਯਤਨ ਜਾਇਦਾਦ ਦੇ ਛੋਟੇ ਮਾਲਕਾਂ ਦੀ ਗਿਣਤੀ ਵਿੱਚ ਵਾਧਾ ਕਰਨ ਵੱਲ ਸੇਧੇ ਹਨ ਤਾਂ ਜੋ ਉਹ ਖੁਦ ਆਪਣੇ ਲਈ, ਪ੍ਰੋਲੇਤਾਰੀ ਦੇ ਵਿਰੁੱਧ ਇੱਕ ਫੌਜ ਤਿਆਰ ਕਰ ਸਕਣ। ਬੀਤੀ ਸਦੀ ਦੇ ਬੁਰਜੂਆ ਇਨਕਲਾਬਾਂ ਨੇ ਰਈਸਾਂ ਤੇ ਚਰਚ ਦੀਆਂ ਵੱਡੀਆਂ ਜਾਇਦਾਦਾਂ ਦੀ ਛੋਟੇ ਛੋਟੇ ਵੰਡਾਰਿਆਂ ਵਿੱਚ ਵੰਡ ਕਰ ਦਿੱਤੀ ਜਿਵੇਂ ਕਿ ਅਜੇ ਤੱਕ ਮੌਜੂਦ ਵੱਡੀਆਂ ਜਾਇਦਾਦਾਂ ਬਾਰੇ ਸਪੇਨ ਦੇ ਰੀਪਬਲੀਕਨ ਕਰਨ ਦਾ ਸੁਝਾਅ ਰੱਖਦੇ ਹਨ ਅਤੇ ਇਸ ਤਰ੍ਹਾਂ ਛੋਟੇ ਜ਼ਮੀਨ ਮਾਲਕਾਂ ਦੀ ਇੱਕ ਜਮਾਤ ਕਾਇਮ ਕਰ ਦਿੱਤੀ ਜੋ ਉਸ ਸਮੇਂ ਤੋਂ ਹੀ ਸਮਾਜ ਵਿੱਚ ਸਭ ਤੋਂ ਪਿੱਛਾਖੜੀ ਅੰਸਰ ਬਣ ਗਈ ਹੈ ਅਤੇ ਸ਼ਹਿਰ ਦੇ ਪ੍ਰੋਲੇਤਾਰੀ ਦੀ ਇਨਕਲਾਬੀ ਲਹਿਰ ਲਈ ਸਥਾਈ ਰੁਕਾਵਟ ਬਣ ਗਈ ਹੈ। ਨੈਪੋਲੀਅਨ ਤੀਜੇ ਦਾ ਮੰਤਵ ਜਨਤਕ ਕਰਜ਼ੇ ਵਿੱਚ ਵਿਅਕਤੀਗਤ ਬਾਂਡਾਂ ਦੀ ਮੁਦਰਾ ਘਟਾ ਕੇ ਸ਼ਹਿਰਾਂ ਵਿੱਚ ਵੀ ਅਜਿਹੀ ਜਮਾਤ ਪੈਦਾ ਕਰਨਾ ਹੀ ਸੀ ਅਤੇ ਐਮ. ਡੋਲਫਸ ਤੇ ਉਹਦੇ ਸਹਿਕਾਰੀਆਂ ਨੇ ਸਾਲਾਨਾ ਕਿਸ਼ਤਾਂ ਵਿੱਚ ਅਦਾਇਗੀ ਵਾਲ਼ੇ ਨਿੱਕੇ ਘਰ ਉਹਨਾਂ ਨੂੰ ਵੇਚ ਕੇ ਆਪਣੇ ਮਜ਼ਦੂਰਾਂ ਵਿੱਚੋਂ ਇਨਕਲਾਬੀ ਜਜ਼ਬਾ ਖਤਮ ਕਰਨ

ਦਾ ਅਤੇ ਇਹਦੇ ਨਾਲ਼ ਹੀ ਮਜ਼ਦੂਰਾਂ ਨੂੰ ਇਸ ਜਾਇਦਾਦ ਰਾਹੀਂ ਉਸੇ ਫੈਕਟਰੀ ਨਾਲ਼ ਬੰਨ੍ਹਣ ਦਾ, ਜਿਸ ਵਿੱਚ ਇੱਕ ਵਾਰ ਉਹਨਾਂ ਨੇ ਕੰਮ ਕੀਤਾ ਸੀ, ਯਤਨ ਕੀਤਾ। ਇਸ ਤਰ੍ਹਾਂ ਪਰੂਧੋਂ ਯੋਜਨਾ ਨੇ ਮਜ਼ਦੂਰ ਜਮਾਤ ਨੂੰ ਕੋਈ ਰਾਹਤ ਦੇਣੀ ਤਾਂ ਇੱਕ ਪਾਸੇ ਰਹੀ ਸਗੋਂ ਸਿੱਧੇ ਤੌਰ 'ਤੇ ਹੀ ਇਹ ਉਹਨਾਂ ਦੇ ਵਿਰੁੱਧ ਜਾਂਦੀ ਹੈ।"

(ਵੱਡੇ ਤੇ ਤੇਜ਼ੀ ਨਾਲ਼ ਉੱਭਰ ਰਹੇ ਅਮਰੀਕੀ ਸ਼ਹਿਰਾਂ ਦੇ ਗਵਾਂਢ ਵਿੱਚ ਮਜ਼ਦੂਰ ਨੂੰ ਉਹਦੇ ਆਪਣੇ ਹੀ ਘਰ ਨਾਲ਼ ਬੰਨ੍ਹ ਕੇ ਰੱਖਣ ਦੇ ਸਾਧਨ ਰਾਹੀਂ ਘਰਾਂ ਦੇ ਸਵਾਲ ਦਾ ਇਹ ਹੱਲ ਤੇਜ਼ੀ ਨਾਲ਼ ਕਿਵੇਂ ਉੱਠ ਰਿਹਾ ਹੈ, ਇਹ ਗੱਲ ਐਲੀਨੋਰ ਮਾਰਕਸ — ਅਵੇਲਿੰਗ, ਇੰਡੀਆਨਾ ਪੋਲਿਸ਼ ਵੱਲੋਂ 28 ਨਵੰਬਰ ਨੂੰ ਲਿਖੇ ਖ਼ਤ ਦੇ ਹੇਠਾ ਦਿੱਤੇ ਪੈਰ੍ਹੇ ਤੋਂ ਵੇਖਿਆ ਜਾ ਸਕਦਾ ਹੈ: ਕਾਨਸਾਸ ਸ਼ਹਿਰ ਜਾਂ ਉਸ ਦੇ ਨੇੜੇ ਅਸੀਂ ਕੁੱਝ ਖ਼ਸਤਾ ਹਾਲਤ ਵਾਲ਼ੀਆਂ ਲੱਕੜ ਦੀਆਂ ਛੋਟੀਆਂ ਝੁੱਗੀਆਂ ਵੇਖੀਆਂ ਜਿਨ੍ਹਾਂ ਵਿੱਚੋਂ ਹਰ ਇੱਕ ਦੇ ਤਿੰਨ-ਤਿੰਨ ਕਮਰੇ ਸਨ, ਪਰ ਜੋ ਅਜੇ ਵੀ ਬੁਰੀ ਹਾਲਤ ਵਿੱਚ ਸੀ; ਜ਼ਮੀਨ ਦਾ ਖਰਚਾ ਛੇ ਸੌ ਡਾਲਰ ਸੀ ਅਤੇ ਜੋ ਕੇਵਲ ਛੋਟਾ ਘਰ ਪਾਉਣ ਜੋਗੀ ਹੀ ਸੀ; ਨਿੱਕੇ ਜਿਹੇ ਘਰ ਦਾ ਖਰਚਾ ਛੇ ਸੌ ਡਾਲਰ ਹੋਰ ਸੀ, ਭਾਵ ਕੁੱਲ ਮਿਲਾ ਕੇ ਇਸ ਮੰਦੀ ਹਾਲਤ ਵਾਲ਼ੇ ਘਰ ਉੱਤੇ ਜਿੱਥੇ ਪੁੱਜਣ ਲਈ ਸ਼ਹਿਰ ਤੋਂ ਇੱਕ ਘੰਟਾ ਲੱਗਦਾ ਸੀ ਤੇ ਜਿਹੜਾ ਚਿੱਕੜ ਵਾਲ਼ੀ ਉਜਾੜ ਵਿੱਚ ਸੀ, 4800 ਮਾਰਕ ਦਾ ਖ਼ਰਚਾ ਆਇਆ।" ਇਸ ਢੰਗ ਨਾਲ਼ ਮਜ਼ਦੂਰਾਂ ਨੂੰ ਇਹੋ ਜਿਹੇ ਘਰ ਹਾਸਲ ਕਰਨ ਲਈ ਵੀ ਭਾਰੇ ਗਿਰਵੀ-ਬੋਝੇ ਝੱਲਣੇ ਪੈਂਦੇ ਹਨ ਅਤੇ ਹੁਣ ਉਹ ਹਮੇਸ਼ਾ ਲਈ ਆਪਣੇ ਮਾਲਕਾਂ ਦੇ ਗੁਲਾਮ ਹੋ ਗਏ ਹਨ। ਉਹ ਆਪਣੇ ਘਰਾਂ ਨਾਲ਼ ਬੱਝ ਗਏ ਹਨ, ਉਹ ਇਹਨੂੰ ਛੱਡ ਕੇ ਕਿਤੇ ਦੂਰ ਨਹੀਂ ਜਾ ਸਕਦੇ ਅਤੇ ਉਹਨਾਂ ਨੂੰ ਕੰਮ ਕਰਨ ਦੀਆਂ ਅਜਿਹੀਆਂ ਹਾਲਤਾਂ ਵਿੱਚ ਹੀ ਗੁਜ਼ਾਰਾ ਕਰਨਾ ਪਵੇਗਾ ਜੋ ਉਹਨਾਂ ਨੂੰ ਪੇਸ਼ ਕੀਤੀਆਂ ਜਾਂਦੀਆਂ ਹਨ। — 1887 ਦੇ ਐਡੀਸ਼ਨ ਲਈ ਏਂਗਲਜ਼ ਦਾ ਨੋਟ—)

ਤਾਂ ਫੇਰ ਘਰਾਂ ਦੇ ਸਵਾਲ ਦਾ ਨਿਬੇੜਾ ਕਿਵੇਂ ਕੀਤਾ ਜਾਵੇ ? ਅਜੋਕੇ ਸਮਾਜ ਵਿੱਚ ਜਿਵੇਂ ਕੋਈ ਸਮਾਜਕ ਸਵਾਲ ਹੱਲ ਕੀਤਾ ਜਾਂਦਾ ਹੈ : ਮੰਗ ਤੇ ਸਪਲਾਈ ਦੀ ਸਹਿਜੇ ਸਹਿਜੇ ਆਰਥਕ ਬਰਾਬਰੀ ਰਾਹੀਂ, ਜੋ ਕਿ ਅਜਿਹਾ ਨਿਬੇੜਾ ਹੈ ਜਿਹੜਾ ਖੁਦ ਸਵਾਲ ਨੂੰ ਵਾਰ ਵਾਰ ਮੁੜ ਪੈਦਾ ਕਰਦਾ ਹੈ ਅਤੇ ਇਸ ਲਈ ਕੋਈ ਨਿਬੇੜਾ ਨਹੀਂ ਹੁੰਦਾ। ਇਹ ਸਵਾਲ ਕਿ ਇੱਕ ਸਮਾਜਕ ਇਨਕਲਾਬ ਇਸ ਸਵਾਲ ਨੂੰ ਕਿਵੇਂ ਨਿਬੇੜੇਗਾ ਕੇਵਲ ਹਰ ਵਿਸ਼ੇਸ਼ ਮਾਮਲੇ ਦੇ ਹਾਲਾਤ ਉੱਤੇ ਹੀ ਨਿਰਭਰ ਨਹੀਂ ਕਰਦਾ ਸਗੋਂ ਇਹ ਤਾਂ ਕਿਤੇ ਵਧੇਰੇ ਦੂਰ ਰਸ ਸਵਾਲਾਂ ਨਾਲ਼ ਵੀ ਜੁੜਿਆ ਹੋਇਆ ਹੈ ਜਿਨ੍ਹਾਂ ਵਿੱਚੋਂ ਇੱਕ ਸਭ ਤੋਂ ਬੁਨਿਆਦੀ ਸਵਾਲ ਹੈ ਸ਼ਹਿਰ ਤੇ ਪਿੰਡ ਵਿਚਕਾਰ ਵਖਰੇਵੇਂ ਨੂੰ ਖਤਮ ਕਰਨਾ। ਕਿਉਂਕਿ ਭਵਿੱਖੀ ਸਮਾਜ ਦੀ ਜਥੇਬੰਦੀ ਲਈ ਯੂਟੋਪੀਆਈ ਪ੍ਰਣਾਲੀਆਂ ਕਾਇਮ ਕਰਨਾ ਸਾਡਾ ਕਾਰਜ ਨਹੀਂ ਹੈ, ਇੱਥੇ ਇਸ ਸਵਾਲ ਵਿੱਚ ਜਾਣਾ ਬਹੁਤ ਹੀ ਫ਼ਜ਼ੂਲ ਗੱਲ ਹੋਵੇਗੀ। ਪਰ ਇੱਕ ਗੱਲ ਤਾਂ ਯਕੀਨੀ ਹੈ : ਫ਼ੌਰੀ ਤੌਰ 'ਤੇ ਸਮੁੱਚੀ ਅਮਲੀ "ਘਰਾਂ ਦੀ ਘਾਟ" ਨੂੰ ਦੂਰ ਕਰਨ ਲਈ ਵੱਡੇ ਸ਼ਹਿਰਾਂ ਵਿੱਚ ਘਰਾਂ ਦੀ ਕਾਫੀ ਮਿਕਦਾਰ ਅੱਜ ਮੌਜੂਦ ਹੈ, ਪਰ ਸ਼ਰਤ ਇਹ ਹੈ ਕਿ ਉਹਨਾਂ ਦੀ ਸਿਆਣਪ ਨਾਲ਼ ਵਰਤੋਂ

ਕੀਤੀ ਜਾਵੇ। ਇਹ ਗੱਲ ਕੁਦਰਤੀ ਤੌਰ 'ਤੇ ਵਰਤਮਾਨ ਮਾਲਕਾਂ ਕੋਲ਼ੋਂ ਘਰ ਲੈ ਲੈਣ ਰਾਹੀਂ ਹੋ ਸਕਦੀ ਹੈ ਜੋ ਕਿ ਉਹਨਾਂ ਦੇ ਘਰਾਂ ਵਿੱਚ ਬੇ-ਘਰੇ ਮਜ਼ਦੂਰਾਂ ਨੂੰ ਜਾਂ ਉਹਨਾਂ ਮਜ਼ਦੂਰਾਂ ਨੂੰ ਜਿਹੜੇ ਆਪਣੇ ਵਰਤਮਾਨ ਘਰਾਂ ਵਿੱਚ ਤੂੜੇ ਪਏ ਹਨ, ਉਹਨਾਂ ਮਾਲਕਾਂ ਦੇ ਘਰਾਂ ਵਿੱਚ ਵਸਾਉਣ ਰਾਹੀਂ ਕੀਤਾ ਜਾ ਸਕਦਾ ਹੈ। ਜਿਉਂ ਹੀ ਪ੍ਰੋਲੇਤਾਰੀ ਰਾਜਨੀਤਕ ਸੱਤ੍ਹਾ ਜਿੱਤ ਲਵੇਗਾ, ਸਾਂਝੀ ਭਲਾਈ ਲਈ ਫ਼ਿਕਰਮੰਦੀ ਤੋਂ ਪੈਦਾ ਹੋਣ ਵਾਲ਼ਾ ਅਜਿਹਾ ਕਦਮ ਲੈਣਾ ਓਨਾ ਹੀ ਆਸਾਨ ਹੋ ਜਾਵੇਗਾ ਜਿੰਨੀ ਅਜੋਕੇ ਰਾਜ ਵੱਲੋਂ ਦੂਜੀਆਂ ਜ਼ਬਤੀਆਂ ਕਰਨਾ ਤੇ ਘਰਾਂ ਵਿੱਚ ਥਾਂ ਦੇਣਾ ਹੈ।

*

ਪਰ ਸਾਡਾ ਪਰੂਧੋਂਵਾਦੀ (ਏ. ਮੂਲਬਰਗਰ —ਸੰਪਾ.) ਘਰਾਂ ਦੇ ਸਵਾਲ ਬਾਰੇ ਆਪਣੀਆਂ ਸਾਬਕਾਂ ਪ੍ਰਾਪਤੀਆਂ ਨਾਲ਼ ਸੰਤੁਸ਼ਟ ਨਹੀਂ ਹੈ। ਉਹਨੂੰ ਇਹ ਸਵਾਲ ਪੱਧਰੀ ਜ਼ਮੀਨ ਤੋਂ ਉਚੇਰੇ ਸਮਾਜਵਾਦ ਦੇ ਖੇਤਰ ਵਿੱਚ ਉੱਚਾ ਲੈ ਜਾਣਾ ਚਾਹੀਦਾ ਹੈ ਤਾਂ ਜੋ ਉਹ ਉੱਥੇ ਵੀ ਜ਼ਰੂਰੀ "ਸਮਾਜਕ ਸਵਾਲ ਦੇ ਅੰਸ਼ਕ ਹਿੱਸੇ" ਨੂੰ ਸਿੱਧ ਕਰ ਸਕੇ :

"ਆਓ ਹੁਣ ਅਸੀਂ ਫੇਰ ਫ਼ਰਜ਼ ਕਰ ਲਈਏ ਕਿ ਪੂੰਜੀ ਦੀ ਉਪਜਾਇਕਤਾ ਅਸਲ ਵਿੱਚ, ਮਿਸਾਲ ਵਜੋਂ, ਇੱਕ ਆਰਜ਼ੀ ਕਾਨੂੰਨ ਵੱਲੋਂ ਮਿਥੀ ਜਾਂਦੀ ਹੈ ਜਿਵੇਂ ਕਿ ਇਹ ਗੱਲ ਅਗੇਤੇ ਜਾਂ ਪਛੇਤੇ ਵਾਪਰੇਗੀ, ਜਿਹੜਾ ਕਾਨੂੰਨ ਕਿ ਸਾਰੀਆਂ ਪੂੰਜੀਆਂ ਉੱਤੇ ਇੱਕ ਫੀਸਦੀ ਸੂਦ ਨਿਸ਼ਚਿਤ ਕਰਦਾ ਹੈ, ਤੇ ਧਿਆਨ ਰੱਖੋ ਕਿ ਇਸ ਵਿੱਚ ਸੂਦ ਦੀ ਇਸ ਦਰ ਨੂੰ ਵੀ ਵਧੇਰੇ ਹੀ ਵਧੇਰੇ ਸਿਫ਼ਰ ਵੱਲ ਲੈ ਜਾਣ ਦਾ ਰੁਝਾਨ ਮੌਜੂਦ ਹੁੰਦਾ ਹੈ, ਇੱਥੋਂ ਤੱਕ ਕਿ ਅਖੀਰ ਵਿੱਚ ਪੂੰਜੀ ਦੇ ਮੁੜਨ ਲਈ ਲੋੜੀਂਦੀ ਕਿਰਤ ਨਾਲ਼ੋਂ ਵਧੇਰੇ ਕੋਈ ਅਦਾਇਗੀ ਨਹੀਂ ਕੀਤੀ ਜਾਵੇਗੀ। ਦੂਜੀਆਂ ਸਾਰੀਆਂ ਚੀਜ਼ਾਂ ਵਾਂਗ ਘਰ ਤੇ ਰਿਹਾਇਸ਼ੀ ਥਾਂਵਾਂ ਵੀ ਕੁਦਰਤੀ ਤੌਰ 'ਤੇ ਇਸ ਕਾਨੂੰਨ ਦੇ ਘੇਰੇ ਵਿੱਚ ਸ਼ਾਮਲ ਹਨ... ਖੁਦ ਮਾਲਕ ਉਹ ਪਹਿਲਾ ਆਦਮੀ ਹੋਵੇਗਾ ਜੋ ਉਸ ਨੂੰ ਵੇਚਣ ਲਈ ਸਹਿਮਤ ਹੋਵੇਗਾ ਕਿਉਂਕਿ ਨਹੀਂ ਤਾਂ ਉਹਦਾ ਘਰ ਅਣ-ਵਰਤਿਆਂ ਰਹਿ ਜਾਵੇਗਾ ਅਤੇ ਉਸ ਉੱਤੇ ਲਾਈ ਗਈ ਪੂੰਜੀ ਬੱਸ ਵਿਅਰਥ ਹੀ ਹੋ ਜਾਵੇਗੀ।"

ਇਸ ਪੈਰ੍ਹੇ ਵਿੱਚ ਪਰੂਧੋਂਵਾਦੀ ਪ੍ਰਸ਼ਨੋਤਰੀ ਦੇ ਵਿਸ਼ਵਾਸ ਦੀਆਂ ਮੁੱਖ ਧਾਰਾਵਾਂ ਵਿੱਚੋਂ ਇੱਕ ਸ਼ਾਮਲ ਹੈ ਅਤੇ ਉਸ ਵਿੱਚ ਮੌਜੂਦ ਘਚੋਲ਼ੇ ਦੀ ਉਘੜਵੀਂ ਮਿਸਾਲ ਪੇਸ਼ ਕਰਦਾ ਹੈ।

"ਪੂੰਜੀ ਦੀ ਉਪਜਾਇਕਤਾ" ਉਹ ਬੇਤੁਕੀ ਗੱਲ ਹੈ ਜੋ ਪਰੂਧੋਂ ਬੁਰਜੂਆ ਅਰਥ ਵਿਗਿਆਨੀਆਂ ਤੋਂ ਬਿਨਾਂ ਕਿਸੇ ਮੀਨ ਮੇਖ ਦੇ ਲੈ ਲੈਂਦਾ ਹੈ। ਇਹ ਗੱਲ ਸੱਚ ਹੈ ਕਿ ਬੁਰਜੂਆ ਅਰਥ ਵਿਗਿਆਨੀ ਵੀ ਇਸੇ ਮਨੌਤ ਤੋਂ ਸ਼ੁਰੂ ਕਰਦੇ ਹਨ ਕਿ ਕਿਰਤ ਸਮੁੱਚੀ ਦੌਲਤ ਦਾ ਸੋਮਾ ਹੁੰਦੀ ਹੈ ਅਤੇ ਸਾਰੀਆਂ ਜਿਣਸਾਂ ਦੇ ਕਦਰ ਦਾ ਮਾਪ ਹੁੰਦੀ ਹੈ; ਪਰ ਉਹਨਾਂ ਨੇ ਇਸ ਤਰ੍ਹਾਂ ਇਹ ਵੀ ਸਪੱਸ਼ਟ ਕਰਨਾ ਹੁੰਦਾ ਹੈ ਕਿ ਇਹ ਗੱਲ ਕਿਵੇਂ ਵਾਪਰਦੀ ਹੈ ਕਿ ਇੱਕ ਸਰਮਾਏਦਾਰ ਜਿਹੜਾ ਇੱਕ ਸਨਅਤੀ ਜਾਂ ਦਸਤਕਾਰੀ ਦੀ ਸਨਅਤ ਲਈ ਪੂੰਜੀ ਦਿੰਦਾ ਹੈ, ਅਖੀਰ ਵਿੱਚ ਉਸ ਵੱਲੋਂ ਪੇਸ਼ ਕੀਤੀ ਕੇਵਲ ਪੂੰਜੀ ਹੀ ਨਹੀਂ ਸਗੋਂ ਇਸ ਤੋਂ ਉਪਰੰਤ ਮੁਨਾਫਾ ਵੀ ਹਾਸਲ ਕਰਦਾ ਹੈ। ਨਤੀਜੇ ਵਜੋਂ, ਉਹਨਾਂ ਨੂੰ ਆਪਣੇ ਆਪ ਨੂੰ ਸਭਨਾਂ ਕਿਸਮਾਂ ਦੀਆਂ ਵਿਰੋਧਤਾਈਆਂ

ਵਿੱਚ ਫਸਾਉਣ ਉੱਤੇ ਅਤੇ ਪੂੰਜੀ ਨਾਲ਼ ਵੀ ਵਿਸ਼ੇਸ਼ ਉਪਜਾਇਕਤਾ ਜੋੜਨ ਉੱਤੇ ਮਜ਼ਬੂਰ ਹੋਣਾ ਪੈਂਦਾ ਹੈ। ਇਸ ਤੱਥ ਨਾਲ਼ੋਂ ਕਿ ਉਹਨੇ ਕਿਰਤ ਦੀ ਉਪਜਾਇਕਤਾ ਬਾਰੇ ਇਹ ਬਿਆਨ ਲੈ ਲਿਆ ਹੈ ਵਧੇਰੇ ਕੋਈ ਹੋਰ ਚੀਜ਼ ਇਹ ਗੱਲ ਸਿੱਧ ਨਹੀਂ ਕਰਦੀ ਕਿ ਪਰੂਧੋਂ ਬੁਰਜੂਆ ਵਿਚਾਰਧਾਰਾ ਵਿੱਚ ਕਿੰਨੇ ਮੁਕੰਮਲ ਰੂਪ ਵਿੱਚ ਫਸ ਗਿਆ ਹੈ। ਅਸੀਂ ਮੁੱਢ ਵਿੱਚ ਹੀ ਇਹ ਵੇਖ ਲਿਆ ਹੈ ਕਿ ਕਥਿਤ "ਪੂੰਜੀ ਦੀ ਉਪਜਾਇਕਤਾ" ਉਜਰਤੀ ਮਜ਼ਦੂਰਾਂ ਦੀ ਬਿਨਾਂ ਅਦਾਇਗੀ ਕੀਤੇ ਰਹਿ ਗਈ ਕਿਰਤ ਨੂੰ ਹਥਿਆ ਲੈਣ ਦੇ ਸਮਰੱਥ ਹੋਣ ਦੀ ਇਸ ਨਾਲ਼ ਜੁੜੀ ਖਾਸੀਅਤ (ਅਜੋਕੇ ਸਮਾਜਕ ਸਬੰਧਾਂ ਅਧੀਨ, ਜਿਸ ਤੋਂ ਬਿਨਾਂ ਉਹ ਪੂੰਜੀ ਉੱਕਾ ਹੀ ਨਾ ਰਹੇ) ਤੋਂ ਬਿਨਾਂ ਹੋਰ ਕੁੱਝ ਵੀ ਨਹੀਂ।

ਪਰ ਪਰੂਧੋਂ ਬੁਰਜੂਆ ਅਰਥ ਵਿਗਿਆਨੀਆਂ ਨਾਲ਼ ਇਸ ਗੱਲ ਵਿੱਚ ਮਤਭੇਤ ਰੱਖਦਾ ਹੈ ਕਿ ਉਹ ਇਸ "ਪੂੰਜੀ ਦੀ ਉਪਜਾਇਕਤਾ" ਨੂੰ ਦਰੁੱਸਤ ਨਹੀਂ ਸਮਝਦਾ ਸਗੋਂ ਇਹਦੇ ਉਲਟ ਇਸ ਵਿੱਚ ਉਹ "ਸਦੀਵੀ ਇਨਸਾਫ਼" ਦੀ ਉਲੰਘਣਾ ਲੱਭਦਾ ਹੈ। ਉਹ ਇਹ ਉਪਜਾਇਕਤਾ ਹੀ ਹੈ ਜੋ ਮਜ਼ਦੂਰ ਨੂੰ ਉਹਦੀ ਕਿਰਤ ਦਾ ਪੂਰਾ ਮੁੱਲ ਹਾਸਲ ਕਰਨ ਤੋਂ ਰੋਕਦੀ ਹੈ। ਇਸ ਲਈ ਇਹ ਖਤਮ ਕੀਤੀ ਜਾਣੀ ਚਾਹੀਦੀ ਹੈ। ਪਰ ਕਿਵੇਂ ? ਲਾਜ਼ਮੀ ਕਾਨੂੰਨ ਰਾਹੀਂ ਸੂਦ ਦੀ ਦਰ ਘਟਾ ਕੇ ਅਤੇ ਅਖੀਰ ਵਿੱਚ ਇਹਨੂੰ ਸਿਫ਼ਰ ਤੱਕ ਲਿਆ ਕੇ। ਤਾਂ ਫੇਰ ਸਾਡੇ ਪਰੂਧੋਂਵਾਦੀ ਅਨੁਸਾਰ ਪੂੰਜੀ ਉਪਜਾਊ ਨਹੀਂ ਰਹੇਗੀ।

ਕਰਜ਼ੇ ਉੱਤੇ ਦਿੱਤੀ ਮੁਦਰਾ ਪੂੰਜੀ ਉੱਤੇ ਸੂਦ ਮੁਨਾਫ਼ੇ ਦਾ ਕੇਵਲ ਇੱਕ ਹਿੱਸਾ ਹੈ, ਮੁਨਾਫ਼ਾ ਭਾਵੇਂ ਉਹ ਸਨਅਤੀ ਜਾਂ ਵਣਜੀ ਪੂੰਜੀ ਉੱਤੇ ਹੋਵੇ, ਉਸ ਵਾਫ਼ਰ ਕਦਰ ਦਾ ਇੱਕ ਹਿੱਸਾ ਹੁੰਦਾ ਹੈ ਜੋ ਪੂੰਜੀਵਾਦੀ ਜਮਾਤ ਮਜ਼ਦੂਰ ਜਮਾਤ ਤੋਂ ਬਿਨਾਂ ਅਦਾਇਗੀ ਕੀਤੀ ਕਿਰਤ ਤੋਂ ਹਾਸਲ ਕਰਦੀ ਹੈ। ਉਹ ਆਰਥਕ ਕਾਨੂੰਨ ਜਿਹੜੇ ਸੂਦ ਦੀ ਦਰ ਨੂੰ ਚਲਾਉਂਦੇ ਹਨ, ਉਹਨਾਂ ਨਾਲ਼ੋਂ ਅਜ਼ਾਦ ਹਨ ਜੋ ਵਾਫ਼ਰ ਕਦਰ ਦੀ ਦਰ ਨੂੰ ਚਲਾਉਂਦੇ ਹਨ ਜਿਵੇਂ ਕਿ ਸੰਭਵਤਾ ਸਮਾਜ ਦੇ ਇੱਕੋ ਤੇ ਉਸੇ ਰੂਪ ਦੇ ਕਾਨੂੰਨਾਂ ਦੀ ਗੱਲ ਹੁੰਦੀ ਹੈ। ਪਰ ਜਿੱਥੋਂ ਤੱਕ ਵਿਅਕਤੀਗਤ ਸਰਮਾਏਦਾਰਾਂ ਵਿਚਕਾਰ ਇਸ ਵਾਫ਼ਰ ਕਦਰ ਦੀ ਵੰਡ ਦਾ ਸਬੰਧ ਹੈ, ਇਹ ਗੱਲ ਸਪੱਸ਼ਟ ਹੈ ਕਿ ਉਹਨਾਂ ਸਨਅਤਕਾਰਾਂ ਤੇ ਵਪਾਰੀਆਂ ਲਈ ਜਿਨ੍ਹਾਂ ਨੇ ਆਪਣੇ ਕਾਰੋਬਾਰ ਵਿੱਚ ਦੂਜੇ ਪੂੰਜੀਪਤੀਆਂ ਵੱਲੋਂ ਦਿੱਤੇ ਹੋਏ ਸਰਮਾਏ ਦੀਆਂ ਵੱਡੀਆਂ ਰਕਮਾਂ ਲਾਈਆਂ ਹੁੰਦੀਆਂ ਹਨ, ਉਸੇ ਹੱਦ ਤੱਕ ਮੁਨਾਫੇ ਦੀ ਦਰ ਵੱਧ ਜਾਣੀ ਚਾਹੀਦੀ ਹੈ — ਜੇ ਬਾਕੀ ਸਭ ਚੀਜ਼ਾਂ ਬਰਾਬਰ ਹੋਣ — ਜਿਸ ਤੱਕ ਸੂਦ ਦੀ ਦਰ ਘਟ ਜਾਂਦੀ ਹੈ। ਸੂਦ ਵਿੱਚ ਕਟੌਤੀ ਤੇ ਅਖੀਰ ਵਿੱਚ ਉਹਦਾ ਖਾਤਮਾ, ਇਸ ਲਈ ਕਿਸੇ ਤਰ੍ਹਾਂ ਵੀ ਅਸਲੋਂ ਹੀ ਕਥਿਤ "ਪੂੰਜੀ ਦੀ ਉਪਜਾਇਕਤਾ" ਨੂੰ "ਸਿੰਙਾਂ ਤੋਂ" ਨਹੀਂ ਫੜਦੀ। ਇਹ ਮਜ਼ਦੂਰ ਜਮਾਤ ਤੋਂ ਲਈ ਗਈ ਬਿਨ-ਅਦਾਇਗੀ ਕੀਤੀ ਵਾਫ਼ਰ ਕਿਰਤ ਦੀ ਵਿਅਕਤੀਗਤ ਸਰਮਾਏਦਾਰਾਂ ਵਿਚਕਾਰ ਵੰਡ ਨੂੰ ਮੁੜ ਤਰਤੀਬ ਦੇਣ ਤੋਂ ਵੱਧ ਹੋਰ ਕੁੱਝ ਨਹੀਂ ਕਰਦਾ। ਇਹ ਸਨਅਤੀ ਸਰਮਾਏਦਾਰ ਦੇ ਟਾਕਰੇ ਉੱਤੇ ਮਜ਼ਦੂਰ ਨੂੰ ਕੋਈ ਲਾਭ ਨਹੀਂ ਦੇਵੇਗਾ ਸਗੋਂ ਲਗਾਨਖੋਰ ਦੇ ਟਾਕਰੇ ਉੱਤੇ ਸਨਅਤੀ ਸਰਮਾਏਦਾਰ ਨੂੰ ਲਾਭ ਪੁਚਾਵੇਗਾ।

ਆਪਣੇ ਕਾਨੂੰਨੀ ਦ੍ਰਿਸ਼ਟੀਕੋਣ ਤੋਂ ਪਰੂਧੋਂ ਸੂਦ ਦੀ ਦਰ ਦਾ ਸਪੱਸ਼ਟੀਕਰਣ, ਜਿਵੇਂ ਕਿ ਉਹ ਸਾਰੀਆਂ ਆਰਥਕ ਹਕੀਕਤਾਂ ਦਾ ਕਰਦਾ ਹੈ, ਸਮਾਜਕ ਪੈਦਾਵਾਰ ਦੀਆਂ ਹਾਲਤਾਂ ਨਾਲ਼ ਨਹੀਂ ਸਗੋਂ ਰਾਜਕੀ ਕਾਨੂੰਨਾਂ ਨਾਲ਼ ਕਰਦਾ ਹੈ ਜਿੰਨਾ ਵਿੱਚ ਇਹਨਾਂ ਹਾਲਤਾਂ ਦਾ ਆਮ ਪ੍ਰਗਟਾਅ ਹੁੰਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਰਾਜਕੀ ਕਾਨੂੰਨਾਂ ਤੇ ਸਮਾਜ ਵਿੱਚ ਪੈਦਾਵਾਰੀ ਹਾਲਤਾਂ ਵਿਚਕਾਰ ਅੰਤਰ ਸਬੰਧ ਦਾ ਉੱਕਾ ਹੀ ਕੋਈ ਸੰਕੇਤ ਨਹੀਂ ਮਿਲਦਾ, ਇਹ ਰਾਜਕੀ ਕਾਨੂੰਨ ਜ਼ਰੂਰੀ ਤੌਰ 'ਤੇ ਨਿਰੋਲ ਆਪ-ਹੁਦਰੇ ਹੁਕਮ ਜਾਪਦੇ ਹਨ ਜਿੰਨ੍ਹਾਂ ਦੀ ਥਾਂ ਕਿਸੇ ਵੀ ਸਮੇਂ ਉਹਨਾਂ ਦੇ ਐਨ ਵਿਰੁੱਧ ਜਾਂਦੇ ਹੁਕਮ ਲੈ ਸਕਦੇ ਹਨ। ਇਸ ਲਈ ਪਰੂਧੋਂ ਲਈ ਸੂਦ ਨੂੰ ਇੱਕ ਫੀਸਦੀ ਤੱਕ ਘੱਟ ਕਰ ਦੇਣ ਵਾਲ਼ਾ ਫਰਮਾਨ ਜਾਰੀ ਕਰਨ ਤੋਂ — ਜਿਉਂ ਹੀ ਉਸ ਕੋਲ਼ ਇਉਂ ਕਰਨ ਦੀ ਤਾਕਤ ਆ ਜਾਵੇ — ਸੌਖੇਰੀ ਨਵੀਂ ਹੋਰ ਗੱਲ ਨਹੀਂ ਅਤੇ ਜੇਕਰ ਦੂਜੀਆਂ ਸਾਰੀਆਂ ਸਮਾਜਕ ਹਾਲਤਾਂ ਉਹੀ ਰਹਿੰਦੀਆਂ ਹਨ ਤਾਂ ਇਹ ਪਰੂਧੋਂਵਾਦੀ ਫ਼ਰਮਾਨ ਕੇਵਲ ਕਾਗਜ਼ ਉੱਤੇ ਹੀ ਰਹਿ ਜਾਵੇਗਾ। ਸੂਦ ਦੀ ਦਰ ਉਹਨਾਂ ਆਰਥਕ ਕਾਨੂੰਨਾਂ ਅਨੁਸਾਰ ਚੱਲੇਗੀ ਜੋ ਅੱਜ ਉਸ ਉੱਤੇ ਸਾਰੇ ਫ਼ਰਮਾਨ ਦੇ ਬਾਵਜੂਦ ਲਾਗੂ ਹੁੰਦੇ ਹਨ। ਸ਼ਾਖ਼ ਵਾਲ਼ੇ ਆਦਮੀ, ਹਾਲਾਤ ਅਨੁਸਾਰ ਪਹਿਲਾਂ ਵਾਂਗ ਹੀ ਦੋ, ਤਿੰਨ, ਚਾਰ ਜਾਂ ਵਧੇਰੇ ਫ਼ੀਸਦੀ ਉੱਤੇ ਧਨ ਕਰਜ਼ ਲੈਂਦੇ ਰਹਿਣਗੇ ਅਤੇ ਫ਼ਰਕ ਕੇਵਲ ਇਹ ਹੋਵੇਗਾ ਕਿ ਲਹਿਣੇਦਾਰ ਕੇਵਲ ਉਹਨਾਂ ਨੂੰ ਹੀ ਧਨ ਦੇਣ ਵੱਲ ਬਹੁਤਾ ਧਿਆਨ ਦੇਣਗੇ ਜਿਨ੍ਹਾਂ ਤੋਂ ਮੁਕੱਦਮੇਬਾਜ਼ੀ ਦੀ ਆਸ ਨਾ ਹੋਵੇ। ਇਸ ਤੋਂ ਉਪਰੰਤ ਪੂੰਜੀ ਨੂੰ ਉਹਦੀ "ਉਪਜਾਇਕਤਾ" ਤੋਂ ਵਿਰਵਾ ਕਰਨ ਦੀ ਇਹ ਮਹਾਨ ਯੋਜਨਾ ਬਾਬਾ ਆਦਮ ਦੇ ਵੇਲ਼ੇ ਤੋਂ ਚਲੀ ਆ ਰਹੀ ਹੈ; ਇਹ ਉਨੀ ਹੀ ਪੁਰਾਣੀ ਹੈ ਜਿੰਨੇ ਸੂਦਖੋਰੀ ਦੇ ਕਾਨੂੰਨ ਹਨ ਜਿਨ੍ਹਾਂ ਦਾ ਮੰਤਵ ਸੂਦ ਦੀ ਦਰ ਸੀਮਤ ਕਰਨ ਤੋਂ ਬਿਨਾਂ ਹੋਰ ਕੁੱਝ ਨਹੀਂ ਸੀ ਅਤੇ ਜੋ ਹਰ ਥਾਂ ਉੱਤੇ ਹੀ ਖ਼ਤਮ ਕਰ ਦਿੱਤੇ ਹਨ ਕਿਉਂਕਿ ਅਮਲ ਵਿੱਚ ਉਹਨਾਂ ਨੂੰ ਲਗਾਤਾਰ ਤੋੜਿਆ ਜਾ ਰਿਹਾ ਸੀ ਜਾਂ ਉਹਨਾਂ ਨਾਲ਼ ਹੇਰਾਫੇਰੀ ਕੀਤੀ ਜਾਂਦੀ ਸੀ ਅਤੇ ਰਾਜ ਸਮਾਜਕ ਪੈਦਾਵਾਰ ਦੇ ਕਾਨੂੰਨਾਂ ਵਿਰੁੱਧ ਆਪਣੀ ਕਮਜ਼ੋਰੀ ਮੰਨਣ ਉੱਤੇ ਮਜਬੂਰ ਹੋ ਗਿਆ ਸੀ ਅਤੇ ਇਹਨਾਂ ਮੱਧਕਾਲੀ ਤੇ ਗੈਰਅਮਲੀ ਕਾਨੂੰਨਾਂ ਨੂੰ ਮੁੜ ਚਾਲੂ ਕਰਨਾ "ਪੂੰਜੀ ਦੀ ਉਪਜਾਇਕਤਾ ਨੂੰ ਸਿੰਙਾਂ ਤੋਂ ਫੜਨਾ" ਹੈ ? ਹਰ ਕੋਈ ਵੇਖ ਸਕਦਾ ਹੈ ਕਿ ਪਰੂਧੋਂਵਾਦ ਦੀ ਜਿੰਨੀ ਨੇੜਵੀਂ ਘੋਖ ਕੀਤੀ ਜਾਂਦੀ ਹੈ, ਓਨਾ ਹੀ ਵਧੇਰੇ ਇਹ ਪਿਛੇਖਿੱਚੂ ਜਾਪਦਾ ਹੈ।

ਅਤੇ ਜਦੋਂ ਇਸ ਤਰ੍ਹਾਂ ਨਾਲ਼ ਸੂਦ ਦੀ ਦਰ ਘਟਾ ਕੇ ਸਿਫ਼ਰ ਕਰ ਦਿੱਤੀ ਜਾਵੇ ਅਤੇ ਇਸ ਲਈ ਪੂੰਜੀ ਉੱਤੇ ਸੂਦ ਖ਼ਤਮ ਕਰ ਦਿੱਤਾ ਜਾਵੇ ਤਾਂ "ਪੂੰਜੀ ਦੇ ਵਟਾਂਦਰੇ ਲਈ ਲੋੜੀਂਦੀ ਕਿਰਤ ਨਾਲ਼ੋਂ ਵਧੇਰੇ ਕਿਸੇ ਵੀ ਹੋਰ ਚੀਜ਼ ਦੀ ਅਦਾਇਗੀ ਨਹੀਂ ਕੀਤੀ ਜਾਵੇਗੀ।" ਇਸ ਦਾ ਇਹ ਅਰਥ ਹੋਣ ਦਾ ਅਨੁਮਾਨ ਲਾਇਆ ਗਿਆ ਹੈ ਕਿ ਸੂਦ ਦਾ ਖਾਤਮਾ ਕਰਨਾ ਮੁਨਾਫੇ ਦਾ ਤੇ ਇੱਥੋਂ ਤੱਕ ਕਿ ਵਾਫ਼ਰ ਕਦਰ ਦਾ ਖਾਤਮਾ ਕਰਨ ਦੇ ਬਰਾਬਰ ਹੈ। ਪਰ ਜੇਕਰ ਫ਼ਰਮਾਨ ਰਾਹੀਂ ਸੂਦ ਨੂੰ ਖ਼ਤਮ ਕਰਨਾ ਅਸਲੋਂ ਹੀ ਸੰਭਵ ਹੋਵੇ ਤਾਂ ਇਹਦਾ ਕੀ ਨਤੀਜਾ ਨਿਕਲੇਗਾ ? ਧਨੀ ਲੋਕਾਂ ਦੀ ਜਮਾਤ ਲਈ ਕਰਜ਼ੇ ਦੇ ਰੂਪ ਵਿੱਚ ਆਪਣੀ ਪੂੰਜੀ ਪੇਸ਼ ਕਰਨ ਲਈ ਕੋਈ ਉਤਸ਼ਾਹ ਬਾਕੀ ਨਹੀਂ ਰਹਿ ਜਾਵੇਗਾ ਸਗੋਂ ਉਹ ਖ਼ੁਦ ਆਪਣੇ ਹੀ ਸਨਅਤੀ ਅਦਾਰਿਆਂ

ਵਿੱਚ ਖੁਦ ਆਪਣੇ ਹਿਸਾਬ-ਕਿਤਾਬ ਲਈ ਲਾਗਤ ਕਰਨਗੇ ਜਾਂ ਜਾਇੰਟ-ਸਟਾਕ ਕੰਪਨੀਆਂ ਵਿੱਚ ਧਨ ਲਾਉਣਗੇ। ਪੂੰਜੀਵਾਦੀ ਜਮਾਤ ਵੱਲੋਂ ਮਜ਼ਦੂਰ ਜਮਾਤ ਤੋਂ ਨਿਚੋੜੀ ਹੋਈ ਵਾਫ਼ਰ ਕਦਰ ਦਾ ਸਮੂਹ ਉਵੇਂ ਦਾ ਉਵੇਂ ਰਹੇਗਾ; ਕੇਵਲ ਉਹਦੀ ਵੰਡ ਵਿੱਚ ਫ਼ਰਕ ਪਵੇਗਾ ਅਤੇ ਉਹ ਵੀ ਕੋਈ ਬਹੁਤਾ ਨਹੀਂ।

ਅਸਲ ਵਿੱਚ ਸਾਡਾ ਪਰੂਧੋਂਵਾਦੀ ਇਹ ਗੱਲ ਵੇਖਣ ਵਿੱਚ ਅਸਫਲ ਹੈ ਕਿ ਹੁਣ ਵੀ ਬੁਰਜੂਆ ਸਮਾਜ ਵਿੱਚ ਜਿਣਸ ਦੀ ਖ਼ਰੀਦ ਵਿੱਚ ਔਸਤ ਉੱਤੇ "ਪੂੰਜੀ ਦੇ ਵਟਾਂਦਰੇ ਲਈ ਲੋੜੀਂਦੀ ਕਿਰਤ" ਨਾਲ਼ੋਂ ਵਧੇਰੇ ਅਦਾਇਗੀ ਨਹੀਂ ਕੀਤੀ ਜਾਂਦੀ (ਇਹਨੂੰ ਇਉਂ ਪੜ੍ਹਿਆ ਜਾਣਾ ਚਾਹੀਦਾ ਹੈ, ਸਬੰਧਤ ਜਿਣਸ ਦੀ ਪੈਦਾਵਾਰ ਲਈ ਲੋੜੀਂਦੀ ਕਿਰਤ)। ਕਿਰਤ ਸਭਨਾਂ ਜਿਣਸਾਂ ਦੀ ਕਦਰ ਦਾ ਮਾਪ ਹੈ ਅਤੇ ਅਜੋਕੇ ਸਮਾਜ ਵਿੱਚ — ਮੰਡੀ ਦੀ ਉਤਾਰ-ਚੜ੍ਹਾਵਾਂ ਤੋਂ ਇਲਾਵਾ — ਇਹ ਗੱਲ ਬਿਲਕੁੱਲ ਅਸੰਭਵ ਹੈ ਕਿ ਸਮੁੱਚੇ ਤੌਰ 'ਤੇ ਔਸਤਨ ਜਿਣਸਾਂ ਲਈ ਉਹਨਾਂ ਦੀ ਪੈਦਾਵਾਰ ਵਾਸਤੇ ਲੋੜੀਂਦੀ ਕਿਰਤ ਨਾਲ਼ੋਂ ਵਧੇਰੇ ਅਦਾਇਗੀ ਕੀਤੀ ਜਾਵੇ। ਨਹੀਂ, ਨਹੀਂ, ਮੇਰੇ ਪਿਆਰੇ ਪਰੂਧੋਂਵਾਦੀ! ਮੁਸ਼ਕਲ ਕਿਸੇ ਹੋਰ ਥਾਂ ਹੈ। ਉਹ ਇਸ ਤੱਥ ਵਿੱਚ ਹੈ ਕਿ "ਪੂੰਜੀ ਦੇ ਵਟਾਂਦਰੇ ਲਈ ਲੋੜੀਂਦੀ ਕਿਰਤ" (ਜੇ ਕਰ ਤੁਹਾਡੀ ਅਸਪੱਸ਼ਟ ਸ਼ਬਦਾਵਲੀ ਦੀ ਵਰਤੋਂ ਕੀਤੀ ਜਾਵੇ) ਦੀ ਪੂਰਨ ਅਦਾਇਗੀ ਕੀਤੀ ਹੀ ਨਹੀਂ ਜਾਂਦੀ। ਇਹ ਗੱਲ ਕਿਵੇਂ ਵਾਪਰਦੀ ਹੈ, ਤੁਸੀਂ ਮਾਰਕਸ ਦੀ ਕਿਰਤ ਵਿੱਚੋਂ ਵੇਖ ਸਕਦੇ ਹੋ" (ਸਰਮਾਇਆ, ਜਿਲਦ-1, ਪੰਨੇ 128-60) — ਵੇਖੋ ਕਾਰਲ ਮਾਰਕਸ, ਸਰਮਾਇਆ, ਜਿਲਦ-1, ਮਾਸਕੋ, 1965, ਪੰਨੇ 164-94, —ਸੰਪਾ.।

ਪਰ ਇੰਨੀ ਗੱਲ ਹੀ ਕਾਫੀ ਨਹੀਂ। ਜੇਕਰ ਪੂੰਜੀ (ਕਾਪੀਲਤਜ਼ਿਨਸ) ਉੱਤੇ ਸੂਦ ਖਤਮ ਕਰ ਦਿੱਤਾ ਜਾਵੇ ਤਾਂ ਘਰ ਦਾ ਕਿਰਾਇਆ (ਮੀਤ ਜਿਣਸ : ਸ਼ਾਬਦਿਕ ਅਰਥ — ਕਿਰਾਏ ਉੱਤੇ ਸੂਦ) ਵੀ ਉਹਦੇ ਨਾਲ਼ ਹੀ ਖ਼ਤਮ ਹੋ ਜਾਂਦਾ ਹੈ, "ਕਿਉਂਕਿ ਦੂਜੀਆਂ ਸਾਰੀਆਂ ਚੀਜ਼ਾਂ ਨਾਲ਼ ਘਰ ਤੇ ਰਿਹਾਇਸ਼ੀ ਥਾਂਵਾਂ ਵੀ, ਕੁਦਰਤੀ ਤੌਰ 'ਤੇ ਇਸ ਕਾਨੂੰਨ ਦੇ ਘੇਰੇ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ।" ਇਹ ਗੱਲ ਉਸ ਬੁੱਢੇ ਮੇਜਰ ਦੀ ਐਨ ਭਾਵਨਾ ਵਿੱਚ ਹੈ ਜੀਹਨੇ ਆਪਣੇ ਇੱਕ ਸਾਲ ਤੋਂ ਆਏ ਵਾਲੰਟੀਅਰ ਰੰਗਰੂਟ ਨੂੰ ਬੁਲਾਇਆ ਅਤੇ ਐਲਾਨ ਕੀਤਾ:

"ਮੈਂ ਆਖਿਆ, ਮੈਂ ਸੁਣਿਆ ਹੈ ਕਿ ਤੂੰ ਇੱਕ ਡਾਕਟਰ ਹੈ; ਤੂੰ ਕਿਸੇ ਸਮੇਂ ਮੇਰੇ ਕੁਆਟਰ ਵਿੱਚ ਆਇਆ ਕਰ; ਜਦੋਂ ਬੰਦੇ ਦੇ ਇੱਕ ਘਰ ਵਾਲ਼ੀ ਤੇ ਸੱਤ ਬੱਚੇ ਹੋਣ ਤਾਂ ਹਮੇਸ਼ਾ ਹੀ ਅਹੁੜ-ਪਹੁੜ ਕਰਨ ਵਾਲ਼ਾ ਕੁੱਝ ਨਾ ਕੁੱਝ ਤਾਂ ਹੁੰਦਾ ਹੀ ਹੈ।"

ਰੰਗਰੂਟ : "ਮੁਆਫ ਕਰਨਾ ਮੇਜਰ ਸਾਹਿਬ ? ਮੈਂ ਤਾਂ ਫ਼ਲਸਫੇ ਦਾ ਡਾਕਟਰ ਹਾਂ।"

ਮੇਜਰ : ਮੈਨੂੰ ਇਸ ਨਾਲ਼ ਕੋਈ ਫ਼ਰਕ ਨਹੀਂ ਪੈਂਦਾ; ਇੱਕ ਸਰਜਨ ਦੂਜੇ ਵਰਗਾ ਹੀ ਤਾਂ ਹੁੰਦਾ ਹੈ:"

ਸਾਡਾ ਪਰੂਧੋਂਵਾਦੀ ਵੀ ਇਸੇ ਤਰ੍ਹਾਂ ਕਰ ਰਿਹਾ ਹੈ : ਘਰ ਦਾ ਕਿਰਾਇਆ (ਮੀਤਜ਼ਿਨਸ) ਹੋਵੇ ਜਾਂ ਪੂੰਜੀ (ਕਾਪੀਤਲਜ਼ਿਨਸ) ਉੱਤੇ ਸੂਦ, ਉਹਦੇ ਲਈ ਇੱਕੋ ਗੱਲ ਹੈ। ਸੂਦ ਸੂਦ ਹੁੰਦਾ ਹੈ ਅਤੇ ਸਰਜਨ ਸਰਜਨ ਹੁੰਦਾ ਹੈ। ਅਸੀਂ ਉੱਪਰ ਵੇਖ ਚੁੱਕੇ ਹਾਂ ਕਿ ਕਿਰਾਇਆ

ਕੀਮਤ ਵਿੱਚ (ਮੀਤਪਰੀਸ) ਜਿਸ ਨੂੰ ਆਮ ਤੌਰ ’ਤੇ ਘਰ ਦਾ ਕਿਰਾਇਆ (ਮੀਤਜ਼ਿਨਸ) ਆਖਿਆ ਜਾਂਦਾ ਹੈ, ਹੇਠਾਂ ਲਿਖੀਆਂ ਚੀਜ਼ਾਂ ਸ਼ਾਮਲ ਹੁੰਦੀਆਂ ਹਨ : (1) ਇੱਕ ਹਿੱਸਾ ਜਿਹੜਾ ਜ਼ਮੀਨ ਦਾ ਲਗਾਨ ਹੁੰਦਾ ਹੈ; (2) ਇੱਕ ਹਿੱਸਾ ਜੋ ਉਸਰੱਈਏ ਦੇ ਮੁਨਾਫ਼ੇ ਸਮੇਤ, ਉਸਾਰੀ ਪੂੰਜੀ ਉੱਤੇ ਸੂਦ ਹੁੰਦਾ ਹੈ; (3) ਇੱਕ ਹਿੱਸਾ ਜੋ ਮੁਰੰਮਤਾਂ ਤੇ ਬੀਮੇ ਲਈ ਹੁੰਦਾ ਹੈ; (4) ਇੱਕ ਹਿੱਸਾ ਜਿਸ ਨੇ ਉਸਾਰੀ ਪੂੰਜੀ ਦਾ ਵਕਫ਼ੀ ਇੰਤਕਾਲ ਕਰਨਾ ਹੁੰਦਾ ਹੈ ਜਿਸ ਵਿੱਚ ਉਸ ਦਰ ਅਨੁਸਾਰ ਜਿਸ ਨਾਲ਼ ਘਰ ਦੀ ਸਹਿਜੇ ਸਹਿਜੇ ਕਦਰ-ਘਟਾਈ ਹੁੰਦੀ ਹੈ, ਸਾਲਾਨਾ ਕਟੌਤੀਆਂ ਦੇ ਰੂਪ ਵਿੱਚ ਮੁਨਾਫ਼ਾ ਸ਼ਾਮਲ ਹੁੰਦਾ ਹੈ।

ਅਤੇ ਹੁਣ ਇੱਕ ਗੱਲ ਅੰਨ੍ਹੇ ਤੋਂ ਅੰਨ੍ਹੇ ਨੂੰ ਵੀ ਸਪੱਸ਼ਟ ਹੋ ਜਾਣੀ ਚਾਹੀਦੀ ਹੈ ਕਿ “ਖੁਦ ਮਾਲਕ ਹੀ ਸਭ ਤੋਂ ਪਹਿਲਾ ਆਦਮੀ ਹੋਵੇਗਾ ਜੋ ਵੇਚਣ ਲਈ ਸਹਿਮਤ ਹੋਵੇਗਾ ਕਿਉਂਕਿ ਨਹੀਂ ਤਾਂ ਉਹਦਾ ਘਰ ਅਣਵਰਤਿਆ ਰਹਿ ਜਾਵੇਗਾ ਅਤੇ ਲਾਈ ਗਈ ਪੂੰਜੀ ਬਸ ਵਿਅਰਥ ਹੀ ਹੋ ਜਾਵੇਗੀ।” ਇਸ ਵਿੱਚ ਕੋਈ ਸ਼ੱਕ ਨਹੀਂ। ਜੇਕਰ ਉਧਾਰ ਦਿੱਤੇ ਉੱਤੇ ਸੂਦ ਖਤਮ ਕਰ ਦਿੱਤਾ ਜਾਵੇ ਤਾਂ ਉਸ ਤੋਂ ਮਗਰੋਂ ਕੋਈ ਵੀ ਮਾਲਕ-ਮਕਾਨ ਆਪਣੇ ਘਰ ਤੋਂ ਕਿਰਾਏ ਦੇ ਰੂਪ ਵਿੱਚ ਧੇਲਾ ਵੀ ਹਾਸਲ ਨਹੀਂ ਕਰ ਸਕੇਗਾ ਕਿਉਂਕਿ ਘਰ ਦੇ ਕਿਰਾਏ (ਮੀਤੇ) ਨੂੰ ਕਿਰਾਇਆ ਰੂਪੀ ਸੂਦ ਵੀ ਆਖਿਆ ਜਾ ਸਕਦਾ ਹੈ ਅਤੇ ਕਿਉਂਕਿ ਅਜਿਹੇ “ਕਿਰਾਇਆ ਰੂਪੀ ਸੂਦ” ਵਿੱਚ ਉਹ ਹਿੱਸਾ ਵੀ ਸ਼ਾਮਲ ਹੁੰਦਾ ਹੈ ਜੋ ਪੂੰਜੀ ਉੱਤੇ ਅਸਲ ਸੂਦ ਹੁੰਦਾ ਹੈ। ਸਰਜਨ ਸਰਜਨ ਹੀ ਹੁੰਦਾ ਹੈ। ਜਦੋਂ ਕਿ ਪੂੰਜੀ ਉੱਤੇ ਸਾਧਾਰਨ ਸੂਦ ਸਬੰਧੀ ਸੂਦਖੋਰੀ ਦੇ ਕਾਨੂੰਨ ਕੇਵਲ ਉਹਨਾਂ ਨੂੰ ਲਾਂਭੇ ਛੱਡ ਕੇ ਹੀ ਨਾਕਾਰਾ ਬਣਾਏ ਜਾ ਸਕਦੇ ਹਨ, ਫੇਰ ਵੀ ਉਹਨਾਂ ਨੇ ਕਿਤੇ ਦੂਰੋਂ ਵੀ, ਘਰ ਦੇ ਕਿਰਾਏ ਦੀ ਦਰ ਨੂੰ ਨਹੀਂ ਛੇੜਿਆ। ਇਸ ਗੱਲ ਦਾ ਅਨੁਮਾਨ ਲਾਉਣਾ ਕੇਵਲ ਪਰੂਧੋਂ ਦੇ ਹਿੱਸੇ ਹੀ ਆਇਆ ਹੈ ਕਿ ਸੂਦਖੋਰੀ ਦਾ ਉਹਦਾ ਨਵਾਂ ਕਾਨੂੰਨ ਬਹੁਤਾ ਰੌਲ਼ਾ ਪਾਏ ਬਿਨਾਂ ਹੀ ਕੇਵਲ ਪੂੰਜੀ ਉੱਤੇ ਸਾਦਾ ਸੂਦ ਨੂੰ ਹੀ ਨਹੀਂ ਸਗੋਂ ਘਰ ਦੇ ਗੁੰਝਲਦਾਰ ਕਿਰਾਏ (ਮੀਤਜ਼ਿਨਸ) ਨੂੰ ਵੀ ਤਰਤੀਬ ਦੇਵੇਗਾ ਅਤੇ ਸਹਿਜੇ ਸਹਿਜੇ ਖਤਮ ਕਰ ਦੇਵੇਗਾ। ਪਰ ਮਾਲਕ ਮਕਾਨ ਤੋਂ ਚੰਗੇ ਧਨ ਬਦਲੇ “ਕੇਵਲ ਵਿਅਰਥ” ਮਕਾਨ ਕਿਉਂ ਖਰੀਦਿਆ ਜਾਵੇ ਤੇ ਇਹ ਗੱਲ ਕਿਵੇਂ ਹੋ ਗਈ ਕਿ ਇਹਨਾਂ ਹਾਲਤਾਂ ਵਿੱਚ ਮਾਲਕ ਮਕਾਨ ਇਸ “ਕੇਵਲ ਵਿਅਰਥ” ਮਕਾਨ ਤੋਂ ਪਿੱਛਾ ਛੁਡਾਉਣ ਲਈ ਤਾਂ ਜੋ ਉਹ ਉਹਦੀ ਮੁਰੰਮਤ ਦੇ ਖਰਚੇ ਤੋਂ ਬਚ ਸਕੇ, ਖੁਦ ਧਨ ਕਿਉਂ ਅਦਾ ਨਹੀਂ ਕਰਦਾ — ਇਸ ਬਾਰੇ ਸਾਨੂੰ ਕੁੱਝ ਵੀ ਨਹੀਂ ਦੱਸਿਆ ਗਿਆ।

ਉਚੇਰੇ ਸਮਾਜਵਾਦ (ਉਸਤਾਦ ਪਰੂਧੋਂ ਨੇ ਇਹ ਨੂੰ ਸੁਪਰ-ਸੋਸ਼ਲਿਜ਼ਮ ਆਖਿਆ ਸੀ) ਵਿੱਚ ਇਸ ਜੇਤੂ ਪ੍ਰਾਪਤੀ ਤੋਂ ਮਗਰੋਂ ਸਾਡਾ ਪਰੂਧੋਂਵਾਦੀ ਹੋਰ ਵੀ ਉਚੇਰਾ ਉੱਡਣ ਵਿੱਚ ਆਪਣੇ ਆਪ ਨੂੰ ਹੱਕੀ ਸਮਝਦਾ ਹੈ :

“ਹੁਣ ਜੋ ਸਾਰਾ ਕੁੱਝ ਕਰਨਾ ਅਜੇ ਬਾਕੀ ਹੈ ਉਹ ਹੈ ਕੁੱਝ ਨਤੀਜੇ ਕੱਢਣਾ ਤਾਂ ਜੋ ਸਾਡੇ ਲਈ ਇੰਨੇ ਅਹਿਮ ਵਿਸ਼ੇ ਉੱਤੇ ਸਾਰੇ ਪਾਸਿਆਂ ਤੋਂ ਮੁਕੰਮਲ ਰੋਸ਼ਨੀ ਪਾਈ ਜਾਵੇ।”

ਅਤੇ ਇਹ ਨਤੀਜੇ ਕੀ ਹਨ ? ਉਹੀ ਗੱਲਾਂ ਹਨ ਜਿਨ੍ਹਾਂ ਵਿੱਚੋਂ ਸੂਦ ਨੂੰ ਖਤਮ ਕਰਨ ਨਾਲ਼ ਰਿਹਾਇਸ਼ੀ ਘਰਾਂ ਦੀ ਵਿਅਰਥਤਾ ਵਾਂਗ, ਪਹਿਲੋਂ ਆਖੀਆਂ ਗੱਲਾਂ ਵਾਂਗ ਘੱਟ ਹੀ ਕੁੱਝ

ਨਿਕਲਦਾ ਹੈ। ਸਾਡੇ ਲੇਖਕ ਦੀ ਜੇਕਰ ਲਿਸ਼ਕਵੀ-ਪੋਚਵੀਂ ਸੰਜੀਦਾ ਸ਼ਬਦਾਵਲੀ ਉਹਨਾਂ ਵਿੱਚੋਂ ਕੱਢ ਦੇਈਏ ਤਾਂ ਇਹਨਾਂ ਦਾ ਅਰਥ ਇਸ ਗੱਲ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਬਣਦਾ ਕਿ ਕਿਰਾਏ ਵਾਲ਼ੇ ਘਰਾਂ ਦਾ ਮੁੱਲ ਤਾਰਨ ਦੇ ਕਾਰੋਬਾਰ ਨੂੰ ਸੌਖਿਆਂ ਬਣਾਉਣ ਲਈ ਹੇਠ ਲਿਖੀਆਂ ਗੱਲਾਂ ਉਚਿਤ ਹਨ : (1) ਵਿਸ਼ੇ ਬਾਰੇ ਸਹੀ ਅੰਕੜੇ; (2) ਸਫ਼ਾਈ ਦੀ ਪੜਤਾਲ਼ ਕਰਨ ਵਾਲ਼ਾ ਚੰਗਾ ਦਲ; (3) ਨਵੇਂ ਘਰਾਂ ਦੀ ਉਸਾਰੀ ਆਪਣੇ ਹੱਥ ਵਿੱਚ ਲੈਣ ਲਈ ਉਸਾਰੀ ਮਜ਼ਦੂਰਾਂ ਦੀਆਂ ਸਹਿਕਾਰੀ ਸਭਾਵਾਂ। ਇਹ ਸਾਰੀਆਂ ਗੱਲਾਂ ਯਕੀਨੀ ਤੌਰ ’ਤੇ ਬਹੁਤ ਸ਼ਾਨਦਾਰ ਤੇ ਚੰਗੀਆਂ ਹਨ, ਪਰ ਸਮੁੱਚੇ ਜ਼ੋਰਦਾਰ ਵਾਕਾਂ ਦੇ ਬਾਵਜੂਦ ਜਿਨ੍ਹਾਂ ਵਿੱਚ ਇਹ ਲਪੇਟੇ ਹਨ, ਉਹ ਕਿਸੇ ਤਰ੍ਹਾਂ ਵੀ ਪਰੂਧੋਂਵਾਦੀ ਦਿਮਾਗੀ ਘਚੋਲੇ ਦੇ ਹਨ੍ਹੇਰੇ ਉੱਤੇ “ਮੁਕੰਮਲ ਰੌਸ਼ਨੀ” ਨਹੀਂ ਪਾਉਂਦੇ।

ਉਸ ਆਦਮੀ ਨੂੰ ਜੀਹਨੇ ਅਜਿਹੀਆਂ ਮਹਾਨ ਗੱਲਾਂ ਦੀ ਪ੍ਰਾਪਤੀ ਕੀਤੀ ਹੋਵੇ, ਜਰਮਨ ਮਜ਼ਦੂਰਾਂ ਨੂੰ ਗੰਭੀਰ ਉਪਦੇਸ਼ ਸੰਬੋਧਨ ਕਰਨ ਦਾ ਹੱਕ ਹੋ ਸਕਦਾ ਹੈ :

“ਇਹ ਅਤੇ ਅਜਿਹੇ ਸਵਾਲ, ਸਾਨੂੰ ਇਉਂ ਜਾਪੇਗਾ, ਸੋਸ਼ਲ-ਡੈਮੋਕਰੈਸੀ ਦੇ ਧਿਆਨ ਦੇ ਚੰਗੀ ਤਰ੍ਹਾਂ ਯੋਗ ਹਨ....ਆਓ! ਅਸੀਂ ਇਹਦਾ ਦਿਮਾਗ ਜਿਵੇਂ ਇੱਥੇ ਘਰਾਂ ਦੇ ਸਵਾਲ ਬਾਰੇ, ਉਸੇ ਤਰ੍ਹਾਂ ਦੂਜੇ ਅਹਿਮ ਸਵਾਲਾਂ ਬਾਰੇ ਜਿਵੇਂ ਕਿ ਉਧਾਰ, ਰਾਜਕੀ ਕਰਜ਼ੇ, ਨਿੱਜੀ ਕਰਜ਼ੇ, ਟੈਕਸ ਆਦਿ ਬਾਰੇ ਸਾਫ਼ ਕਰੀਏ”।

ਇਸ ਤਰ੍ਹਾਂ ਇੱਥੇ ਸਾਡਾ ਪਰੂਧੋਂਵਾਦੀ ਸਾਡੇ ਸਾਹਮਣੇ “ਅਜਿਹੇ ਸਵਾਲਾਂ” ਬਾਰੇ ਲੇਖਾਂ ਦੀ ਸਮੁੱਚੀ ਲੜੀ ਦੀ ਸੰਭਾਵਨਾ ਪੇਸ਼ ਕਰ ਰਿਹਾ ਹੈ ਅਤੇ ਜੇਕਰ ਉਹ ਉਹਨਾਂ ਸਾਰਿਆਂ ਨਾਲ਼ ਹੀ ਉਸੇ ਤਰ੍ਹਾਂ ਤਫ਼ਸੀਲ ਨਾਲ਼ ਸਿਝਿਆ ਜਿਵੇਂ ਵਰਤਮਾਨ “ਇੰਨੇ ਅਹਿਮ ਵਿਸ਼ੇ” ਨਾਲ਼ ਸਿਝਿਆ ਹੈ, ਤਾਂ ਵੋਲਕਸਤਾਤ ਨੂੰ ਨਕਲ ਕਰਨ ਲਈ ਇੱਕ ਸਾਲ ਦਾ ਸਮਾਂ ਲੱਗ ਜਾਵੇਗਾ। ਪਰ ਅਸੀਂ ਪੂਰਵ-ਅਨੁਮਾਨ ਲਾਉਣ ਦੀ ਪੋਜੀਸ਼ਨ ਵਿੱਚ ਹਾਂ — ਇਸ ਸਾਰੇ ਕੁੱਝ ਦਾ ਉਹੀ ਅਰਥ ਹੈ ਜੋ ਹੁਣ ਤੱਕ ਆਖਿਆ ਜਾ ਚੁੱਕਿਆ ਹੈ : ਪੂੰਜੀ ਉੱਤੇ ਸੂਦ ਖਤਮ ਕਰ ਦੇਣਾ ਚਾਹੀਦਾ ਹੈ ਅਤੇ ਉਸ ਨਾਲ਼ ਜਨਤਕ ਤੇ ਨਿਜੀ ਕਰਜ਼ਿਆ ਉੱਤੇ ਸੂਦ ਅਲੋਪ ਹੋ ਜਾਵੇਗਾ, ਉਧਾਰ ਮੁਫ਼ਤ ਵਿੱਚ ਦਿੱਤਾ ਜਾਇਆ ਕਰੇਗਾ ਆਦਿ। ਜਾਦੂ ਦਾ ਇਹੋ ਗੁਰ ਕਿਸੇ ਵਿਸ਼ੇ ਤੇ ਹਰ ਇੱਕ ਵਿਸ਼ੇ ਉੱਤੇ ਲਾਗੂ ਕੀਤਾ ਜਾਂਦਾ ਹੈ ਅਤੇ ਹਰ ਵਿਸ਼ੇਸ਼ ਮਾਮਲੇ ਵਿੱਚ ਅਟੱਲ ਮੰਤਕ ਨਾਲ਼ ਉਹੀ ਅਚੰਭੇ ਭਰਿਆ ਨਤੀਜਾ ਹਾਸਲ ਹੁੰਦਾ ਹੈ ਭਾਵ ਜਦੋਂ ਪੂੰਜੀ ਉੱਤੇ ਸੂਦ ਖ਼ਤਮ ਕਰ ਦਿੱਤਾ ਜਾਂਦਾ ਹੈ ਤਾਂ ਕਰਜ਼ ਲਏ ਧਨ ਉੱਤੇ ਕੋਈ ਸੂਦ ਅਦਾ ਨਹੀਂ ਕਰਨਾ ਪਵੇਗਾ।

ਉਂਜ ਇਹ ਬੜੇ ਸ਼ਾਨਦਾਰ ਸਵਾਲ ਹਨ ਜਿਨ੍ਹਾਂ ਨਾਲ਼ ਸਾਡਾ ਪਰੂਧੋਂਵਾਦੀ ਸਾਨੂੰ ਧਮਕਾਉਂਦਾ ਹੈ : ਕਰਜ਼ਾ! ਹਫ਼ਤੇਵਾਰ ਕਰਜ਼ੇ ਤੋਂ ਇਲਾਵਾ ਜਾਂ ਉਸ ਕਰਜ਼ੇ ਤੋਂ ਇਲਾਵਾ ਜੋ ਉਹ ਸੂਦਖੋਰ ਤੋਂ ਹਾਸਲ ਕਰਦਾ ਹੈ, ਮਜ਼ਦੂਰ ਨੂੰ ਕਿਹੜੇ ਕਰਜ਼ੇ ਦੀ ਲੋੜ ਪੈਂਦੀ ਹੈ? ਕੀ ਉਹ ਇਹ ਕਰਜ਼ਾ ਮੁਫ਼ਤ ਜਾਂ ਸੂਦ ਉੱਤੇ ਇੱਥੋਂ ਤੱਕ ਸੂਦਖੋਰ ਵੱਲੋਂ ਲਏ ਜਾਂਦੇ ਸੂਦ ਦੀ ਭਾਰੀ ਦਰ ਉੱਤੇ ਹਾਸਲ ਕਰਦਾ ਹੈ। ਇਸ ਨਾਲ਼ ਉਹਨੂੰ ਕਿੰਨਾ ਕੁ ਫ਼ਰਕ ਪੈਂਦਾ ਹੈ? ਅਤੇ ਜੇਕਰ ਉਹ, ਆਮ ਤੌਰ ’ਤੇ, ਇਸ ਤੋਂ ਕੁੱਝ ਲਾਭ ਹਾਸਲ ਕਰਦਾ ਵੀ ਹੈ ਭਾਵ ਜੇਕਰ ਕਿਰਤ ਸ਼ਕਤੀ ਦੀ

ਪੈਦਾਵਾਰ ਦਾ ਖਰਚਾ ਘੱਟ ਕੀਤਾ ਜਾਵੇ ਤਾਂ ਕੀ ਕਿਰਤ ਸ਼ਕਤੀ ਦੀ ਕੀਮਤ ਜ਼ਰੂਰੀ ਤੌਰ ’ਤੇ ਘੱਟ ਨਹੀਂ ਹੋ ਜਾਵੇਗੀ ? ਪਰ ਬੁਰਜੂਆਜ਼ੀ ਲਈ, ਖਾਸ ਕਰਕੇ ਨਿੱਕ-ਬੁਰਜੂਆਜ਼ੀ ਲਈ ਕਰਜ਼ਾ ਇੱਕ ਅਹਿਮ ਮਾਮਲਾ ਹੁੰਦਾ ਹੈ ਅਤੇ ਨਿੱਕ-ਬੁਰਜੂਆਜ਼ੀ ਲਈ ਇਹ ਗੱਲ ਖਾਸ ਤੌਰ ’ਤੇ ਬਹੁਤ ਵਧੀਆਂ ਹੋਵੇਗੀ ਜੇਕਰ ਕਿਸੇ ਵੀ ਸਮੇਂ ਕਰਜ਼ਾ ਹਾਸਲ ਕੀਤਾ ਜਾ ਸਕੇ ਅਤੇ ਉਹ ਵੀ ਬਿਨਾਂ ਸੂਦ ਦੀ ਅਦਾਇਗੀ ਕੀਤਿਆਂ। “ਰਾਜਕੀ ਕਰਜ਼ੇ।” ਮਜ਼ਦੂਰ ਜਮਾਤ ਜਾਣਦੀ ਹੈ ਕਿ ਉਹਨੇ ਇਹ ਨਹੀਂ ਬਣਾਏ ਅਤੇ ਜਦੋਂ ਉਹ ਸੱਤ੍ਹਾ ਵਿੱਚ ਆ ਜਾਵੇਗੀ ਤਾਂ ਇਹ ਉਹਨਾਂ ਦੀ ਅਦਾਇਗੀ ਉਹਨਾਂ ਲੋਕਾਂ ਉੱਤੇ ਛੱਡ ਦੇਵੇਗੀ ਜਿਨ੍ਹਾਂ ਨੇ ਇਹਦਾ ਇਕਰਾਰ ਕੀਤਾ ਹੋਵੇਗਾ। “ਨਿੱਜੀ ਕਰਜ਼ੇ!” — ਵੇਖੋ ਕਰਜ਼ਾ। “ਟੈਕਸ”। ਇਹ ਅਜਿਹਾ ਮਾਮਲਾ ਹੈ ਜਿਸ ਵਿੱਚ ਬੁਰਜੂਆਜ਼ੀ ਨੂੰ ਬਹੁਤ ਜ਼ਿਆਦਾ ਦਿਲਚਸਪੀ ਹੁੰਦੀ ਹੈ ਅਤੇ ਮਜ਼ਦੂਰ ਨੂੰ ਬਹੁਤ ਹੀ ਘੱਟ। ਜੋ ਕੁੱਝ ਮਜ਼ਦੂਰ ਟੈਕਸਾਂ ਵਿੱਚ ਦਿੰਦਾ ਹੈ, ਅਖ਼ੀਰ ਵਿੱਚ ਉਹ ਕਿਰਤ ਸ਼ਕਤੀ ਦੀ ਪੈਦਾਵਾਰ ਦੇ ਖ਼ਰਚੇ ਵਿੱਚ ਚਲਿਆ ਜਾਂਦਾ ਹੈ ਅਤੇ ਸਰਮਾਏਦਾਰ ਨੂੰ ਇਹਦਾ ਮੁਆਵਜ਼ਾ ਅਦਾ ਕਰਨਾ ਪੈਂਦਾ ਹੈ। ਇਹ ਸਾਰੀਆਂ ਗੱਲਾਂ ਜੋ ਇੱਥੇ ਸਾਨੂੰ ਮਜ਼ਦੂਰ ਜਮਾਤ ਲਈ ਬਹੁਤ ਹੀ ਅਹਿਮ ਸਵਾਲ ਹੋਣ ਵਜੋਂ ਪੇਸ਼ ਕੀਤੀਆਂ ਗਈਆਂ ਹਨ ਅਸਲ ਵਿੱਚ ਕੇਵਲ ਬੁਰਜੂਆਜ਼ੀ ਲਈ ਹੀ ਜ਼ਰੂਰੀ ਦਿਲਚਸਪੀ ਵਾਲੀਆਂ ਹਨ ਅਤੇ ਇਸ ਨਾਲ਼ੋਂ ਵੀ ਨਿੱਕ-ਬੁਰਜੂਆਜ਼ੀ ਲਈ ਹਨ; ਅਤੇ ਪਰੂਧੋਂ ਦੇ ਬਾਵਜੂਦ ਸਾਡਾ ਵਿਚਾਰ ਇਹ ਹੈ ਕਿ ਮਜ਼ਦੂਰ ਜਮਾਤ ਨੂੰ ਇਹਨਾਂ ਜਮਾਤਾਂ ਦੇ ਹਿੱਤਾਂ ਦੀ ਰਾਖੀ ਕਰਨ ਦੀ ਕੋਈ ਲੋੜ ਨਹੀਂ।

ਸਾਡੇ ਪਰੂਧੋਂਵਾਦੀ ਕੋਲ਼ ਉਸ ਵੱਡੇ ਸਵਾਲ ਬਾਰੇ ਜੋ ਅਸਲ ਵਿੱਚ ਮਜ਼ਦੂਰਾਂ ਨਾਲ਼ ਸਬੰਧਤ ਹੈ, ਭਾਵ ਸਰਮਾਏਦਾਰ ਤੇ ਉਜਰਤੀ-ਮਜ਼ਦੂਰ ਵਿਚਕਾਰ ਸਬੰਧ ਦੇ ਸਵਾਲ ਬਾਰੇ ਆਖਣ ਨੂੰ ਇੱਕ ਵੀ ਸ਼ਬਦ ਨਹੀਂ ਹੈ, ਸਵਾਲ ਕਿ ਇਹ ਗੱਲ ਕਿਵੇਂ ਵਾਪਰ ਜਾਂਦੀ ਹੈ ਕਿ ਸਰਮਾਏਦਾਰ ਆਪਣੇ ਮਜ਼ਦੂਰ ਦੀ ਕਿਰਤ ਰਾਹੀਂ ਆਪਣੇ ਆਪ ਨੂੰ ਅਮੀਰ ਬਣਾ ਸਕਦਾ ਹੈ। ਇਹ ਗੱਲ ਸੱਚ ਹੈ ਕਿ ਉਹਦਾ ਮਾਲਕ ਇਸ ਨਾਲ਼ ਸਿਝਿਆ ਹੈ, ਪਰ ਉਹਨੇ ਮਾਮਲੇ ਨੂੰ ਉੱਕਾ ਹੀ ਕੋਈ ਸਪੱਸ਼ਟਤਾ ਨਹੀਂ ਬਖ਼ਸ਼ੀ। ਇੱਥੋਂ ਤੱਕ ਕਿ ਆਪਣੀਆਂ ਸਭ ਤੋਂ ਤਾਜ਼ਾ ਲਿਖਤਾਂ ਵਿੱਚ ਉਹ ਜ਼ਰੂਰੀ ਤੌਰ ’ਤੇ ਉਸ ਨਾਲ਼ੋਂ ਹੋਰ ਅੱਗੇ ਨਹੀਂ ਗਿਆ ਜਿੰਨਾ ਉਹ ਆਪਣੀ ਰਚਨਾ ਗ਼ਰੀਬੀ ਦਾ ਫ਼ਲਸਫਾ ਵਿੱਚ ਗਿਆ ਸੀ ਜੀਹਦੀਆਂ ਮਾਰਕਸ ਨੇ ਇੰਨੇ ਉਘੜਵੇਂ ਰੂਪ ਵਿੱਚ 1847 ਵਿੱਚ ਧੱਜੀਆਂ ਉਡਾਈਆਂ ਸਨ (ਕਾਰਲ ਮਾਰਕਸ, ਫ਼ਲਸਫੇ ਦੀ ਗਰੀਬੀ। ਐਮ. ਪਰੂਧੋਂ ਦੀ ਰਚਨਾ ਗ਼ਰੀਬੀ ਦਾ ਫ਼ਲਸਫ਼ਾ ਦਾ ਉੱਤਰ —ਸੰਪਾ.)।

ਇਹ ਗੱਲ ਬੜੀ ਮਾੜੀ ਸੀ ਕਿ ਪੰਚੀ ਸਾਲਾਂ ਲਈ ਲਾਤੀਨੀ ਅਮਰੀਕੀ ਮਜ਼ਦੂਰਾਂ ਨੂੰ ਇਸ “ਦੂਜੀ ਸਲਤਨਤ ਦੇ ਸਮਾਜਵਾਦੀ” ਦੀਆਂ ਲਿਖਤਾਂ ਤੋਂ ਇਲਾਵਾ ਹੋਰ ਕੋਈ ਸਮਾਜਵਾਦੀ ਦਿਮਾਗ਼ੀ ਖੁਰਾਕ ਹਾਸਲ ਨਹੀਂ ਸੀ ਅਤੇ ਇਹ ਦੂਗਣੀ ਬਦਕਿਸਮਤੀ ਹੋਵੇਗੀ ਜੇਕਰ ਹੁਣ ਵੀ ਪਰੂਧੋਂਵਾਦੀ ਸਿਧਾਂਤ ਦਾ ਜਰਮਨੀ ਵਿੱਚ ਛਾ ਜਾਵੇ। ਪਰ ਇਹਦਾ ਕੋਈ ਖ਼ਤਰਾ ਨਹੀਂ ਹੈ। ਜਰਮਨੀ ਦੇ ਮਜ਼ਦੂਰਾਂ ਦਾ ਸਿਧਾਂਤਕ ਦ੍ਰਿਸ਼ਟੀਕੋਣ ਪਰੂਧੋਂਵਾਦ ਦੇ ਦ੍ਰਿਸ਼ਟੀਕੋਣ ਨਾਲੋਂ ਪੰਜਾਹ ਵਰ੍ਹੇ ਅੱਗੇ ਹੈ ਅਤੇ ਇਸੇ ਇੱਕ ਸਵਾਲ, ਘਰਾਂ ਦੇ ਸਵਾਲ ਦੀ ਮਿਸਾਲ ਲੈਣੀ ਹੀ ਕਾਫ਼ੀ ਹੋਵੇਗੀ ਤਾਂ ਜੋ ਇਸ ਸਬੰਧੀ ਹੋਰ ਮੁਸ਼ਕਿਲ ਤੋਂ ਬਚਿਆ ਜਾਵੇ।

## ਭਾਗ ਦੂਜਾ

# ਬੁਰਜੂਆਜ਼ੀ ਘਰਾਂ ਦਾ ਸਵਾਲ ਕਿਵੇਂ ਹੱਲ ਕਰਦੀ ਹੈ

## I

ਘਰਾਂ ਦੇ ਸਵਾਲ ਦੇ ਪਰੂਧੋਂਵਾਦੀ ਹੱਲ ਬਾਰੇ ਹਿੱਸੇ ਵਿੱਚ ਇਹ ਗੱਲ ਦਰਸਾਈ ਗਈ ਸੀ ਕਿ ਇਸ ਸਵਾਲ ਵਿੱਚ ਨਿੱਕ–ਬੁਰਜੂਆਜ਼ੀ ਸਿੱਧੇ ਤੌਰ 'ਤੇ ਕਿੰਨੀ ਭਾਰੀ ਦਿਲਚਸਪੀ ਰੱਖਦੀ ਹੈ। ਪਰ ਵੱਡੀ ਬੁਰਜੂਆਜ਼ੀ ਵੀ ਇਸ ਵਿੱਚ ਬਹੁਤ ਜ਼ਿਆਦਾ ਦਿਲਚਸਪੀ ਰੱਖਦੀ ਹੈ ਭਾਵੇਂ ਇਹ ਅਸਿੱਧੇ ਤੌਰ 'ਤੇ ਹੀ ਹੈ। ਆਧੁਨਿਕ ਕੁਦਰਤੀ ਵਿਗਿਆਨ ਨੇ ਸਿੱਧ ਕਰ ਦਿੱਤਾ ਹੈ ਕਿ ਕਥਿਤ "ਗ਼ਰੀਬ ਇਲਾਕੇ" ਜਿਨ੍ਹਾਂ ਵਿੱਚ ਮਜ਼ਦੂਰਾਂ ਦੀ ਸੰਘਣੀ ਆਬਾਦੀ ਹੁੰਦੀ ਹੈ, ਉਹਨਾਂ ਸਾਰੀਆਂ ਮਹਾਂਮਾਰੀਆਂ ਪੈਦਾ ਕਰਨ ਵਾਲ਼ੀਆਂ ਥਾਵਾਂ ਹੁੰਦੇ ਹਨ ਜੋ ਸਮੇਂ ਸਮੇਂ ਸਾਡੇ ਸ਼ਹਿਰਾਂ ਵਿੱਚ ਫੈਲਦੀਆਂ ਹਨ। ਹੈਜ਼ਾ, ਟਾਈਫਸ, ਬੁਖ਼ਾਰ, ਚੇਚਕ ਅਤੇ ਦੂਜੀਆਂ ਤਬਾਹੀ ਉਠਾਉਣ ਵਾਲ਼ੀਆਂ ਬੀਮਾਰੀਆਂ ਆਪਣੇ ਜਿਰਮ ਇਹਨਾਂ ਹੀ ਮਜ਼ਦੂਰ ਜਮਾਤ ਕੁਆਟਰਾਂ ਦੀ ਵਬਾਈ ਹਵਾ ਤੇ ਜ਼ਹਿਰੀ ਪਾਣੀ ਵਿੱਚ ਫੈਲਾਉਂਦੀਆਂ ਹਨ। ਇੱਥੇ ਜਿਰਮ ਕਦੀ ਵੀ ਪੂਰੀ ਤਰ੍ਹਾਂ ਨਹੀਂ ਮਰਦੇ ਅਤੇ ਜਦੋਂ ਹਾਲਾਤ ਆਗਿਆ ਦਿੰਦੇ ਹਨ ਉਹ ਮਹਾਂਮਾਰੀਆਂ ਦਾ ਰੂਪ ਧਾਰਨ ਕਰ ਲੈਂਦੇ ਹਨ ਅਤੇ ਆਪਣੇ ਪਲ਼ਣ ਵਾਲ਼ੀਆਂ ਥਾਵਾਂ ਤੋਂ ਪਰੇ ਸ਼ਹਿਰ ਦੇ ਵਧੇਰੇ ਖੁਲ੍ਹੀ ਹਵਾ ਵਾਲ਼ੇ ਅਤੇ ਸਿਹਤਮੰਦ ਭਾਗਾਂ ਵਿੱਚ ਜਿੱਥੇ ਸਰਮਾਏਦਾਰ ਵੱਸਦੇ ਹਨ, ਫੈਲ ਜਾਂਦੇ ਹਨ। ਪੂੰਜੀਵਾਦੀ ਹਕੂਮਤ ਮਜ਼ਦੂਰ ਜਮਾਤ ਵਿੱਚ ਬਿਨਾਂ ਕਿਸੇ ਰੋਕ ਟੋਕ ਦੇ ਮਹਾਂਮਾਰੀਆਂ ਪੈਦਾ ਕਰਨ ਦੀ ਖੁਲ੍ਹ ਨਹੀਂ ਲੈ ਸਕਦੀ; ਇਹਦੇ ਨਤੀਜੇ ਉਸੇ ਉੱਤੇ ਪੁੱਠੇ ਪੈਂਦੇ ਹਨ ਅਤੇ ਮੌਤ ਦਾ ਫ਼ਰਿਸ਼ਤਾ ਉਹਦੀਆਂ ਸਫ਼ਾਂ ਵਿੱਚ ਵੀ ਉਨੀ ਹੀ ਭਿਆਨਕਤਾ ਨਾਲ਼ ਦਨਦਨਾਉਂਦਾ ਹੈ ਜਿੰਨਾ ਮਜ਼ਦੂਰਾਂ ਦੀਆਂ ਸਫ਼ਾਂ ਵਿੱਚ।

ਜਿਉਂ ਹੀ ਇਹ ਤੱਥ ਵਿਗਿਆਨਕ ਰੂਪ ਵਿੱਚ ਸਿੱਧ ਹੋ ਗਿਆ, ਦਇਆਵਾਨ ਬੁਰਜੂਆਜ਼ੀ ਆਪਣੇ ਮਜ਼ਦੂਰਾਂ ਦੀ ਸਿਹਤ ਲਈ ਚਿੰਤਾ ਦੀ ਨੇਕ ਭਾਵਨਾ ਨਾਲ਼ ਉਤਸਾਹਤ ਹੋ ਗਈ। ਸੁਸਾਇਟੀਆਂ ਬਣਾਈਆਂ ਗਈਆਂ ਕਿਤਾਬਾਂ ਲਿਖੀਆਂ ਗਈਆਂ, ਸੁਝਾਅ ਤਿਆਰ ਕੀਤੇ ਗਏ, ਕਾਨੂੰਨ ਉੱਤੇ ਬਹਿਸ ਕੀਤੀ ਗਈ ਅਤੇ ਉਹ ਪਾਸ ਕੀਤੇ ਗਏ ਤਾਂ ਜੋ ਸਦਾ ਮੁੜ ਫੈਲਣ ਵਾਲ਼ੀਆਂ ਮਹਾਂਮਾਰੀਆਂ ਦੇ ਸੋਮੇ ਬੰਦ ਕਰ ਦਿੱਤੇ ਜਾਣ। ਮਜ਼ਦੂਰਾਂ ਦੀਆਂ ਰਿਹਾਇਸ਼ੀ ਘਰਾਂ ਦੀਆਂ ਹਾਲਤਾਂ ਦੀ ਪੜਤਾਲ਼ ਕੀਤੀ ਗਈ ਅਤੇ ਉਹਨਾਂ ਵਿਚਲੀਆਂ ਸਭ ਤੋਂ ਫ਼ੌਰੀ ਬੁਰਾਈਆਂ ਨੂੰ ਦੂਰ ਕਰਨ ਦੇ ਯਤਨ ਕੀਤੇ ਗਏ। ਖ਼ਾਸ ਕਰਕੇ ਇੰਗਲੈਂਡ ਵਿੱਚ ਜਿੱਥੇ ਵੱਡੇ ਸ਼ਹਿਰਾਂ ਦੀ ਗਿਣਤੀ ਸਭ ਤੋਂ ਵੱਧ ਸੀ ਅਤੇ ਇਸੇ ਲਈ ਜਿੱਥੇ ਖੁਦ ਬੁਰਜੂਆਜ਼ੀ ਨੂੰ ਸਭ ਤੋਂ ਵੱਧ ਖ਼ਤਰਾ ਦਰਪੇਸ਼ ਸੀ, ਵਿਸ਼ਾਲ ਸਰਗਰਮੀ ਸ਼ੁਰੂ ਕੀਤੀ ਗਈ। ਮਜ਼ਦੂਰ ਜਮਾਤਾਂ ਦੀਆਂ

ਸਫ਼ਾਈ ਸਬੰਧੀ ਹਾਲਤਾਂ ਦੀ ਪੜਤਾਲ਼ ਕਰਨ ਲਈ ਸਰਕਾਰੀ ਕਮਿਸ਼ਨ ਨਿਯੁੱਕਤ ਕੀਤੇ ਗਏ। ਉਹਨਾਂ ਦੀਆਂ ਰਿਪੋਰਟਾਂ ਨੇ ਜੋ ਆਪਣੀ ਸ਼ੁੱਧਤਾਈ, ਪੂਰਨਤਾ ਤੇ ਨਿਰਪੱਖਤਾ ਦੇ ਪੱਖੋਂ ਸਮੁੱਚੇ ਮਹਾਂਦੀਪੀ ਸਾਧਨਾਂ ਨਾਲ਼ੋਂ ਨਿਖਰਵੀਆਂ ਖਲੋਤੀਆਂ ਹਨ, ਨਵੇਂ ਤੇ ਲਗਭਗ ਮੁਕੰਮਲ ਕਾਨੂੰਨਾਂ ਲਈ ਅਧਾਰ ਮੁਹੱਈਆ ਕੀਤਾ। ਇਹ ਕਾਨੂੰਨ ਜਿਨ੍ਹਾਂ ਵਿੱਚ ਕਮਜ਼ੋਰੀਆਂ ਤਾਂ ਹਨ, ਪਰ ਅਜੇ ਤੱਕ ਹਰ ਉਸ ਗੱਲ ਨਾਲ਼ੋਂ ਅਥਾਹ ਰੂਪ ਵਿੱਚ ਚੰਗੇਰੇ ਹਨ ਜੋ ਮਹਾਂਦੀਪ ਵਿੱਚ ਹੁਣ ਤੱਕ ਇਸ ਦਿਸ਼ਾ ਵਿੱਚ ਕੀਤੀ ਗਈ ਹੈ। ਫੇਰ ਵੀ ਪੂੰਜੀਵਾਦੀ ਸਮਾਜਕ ਪ੍ਰਬੰਧ ਵਾਰ ਵਾਰ ਉਹ ਬੁਰਾਈਆਂ ਮੁੜ-ਪੈਦਾ ਕਰਦਾ ਹੈ ਜਿਨ੍ਹਾਂ ਨੂੰ ਦੂਰ ਕਰਨਾ ਪੈਂਦਾ ਹੈ ਅਤੇ ਉਹ ਇਉਂ ਇੰਨੀ ਅਟੱਲ ਮਜਬੂਰੀ ਨਾਲ਼ ਕਰਦਾ ਹੈ ਕਿ ਇੰਗਲੈਂਡ ਵਿੱਚ ਵੀ ਉਹਨਾਂ ਨੂੰ ਦੂਰ ਕਰਨ ਦਾ ਕੰਮ ਅਜੇ ਇੱਕ ਕਦਮ ਅੱਗੇ ਨਹੀਂ ਗਿਆ।

ਜਰਮਨੀ ਨੂੰ ਆਮ ਵਾਂਗ ਉੱਥੇ ਮੌਜੂਦ ਛੂਤ ਦੇ ਅਸਾਧ ਸਾਧਨਾਂ ਦੇ ਅਜਿਹੇ ਘੋਰ ਪੜਾਅ ਉੱਤੇ ਪਹੁੰਚਣ ਵਿੱਚ, ਜਿਹੜਾ ਪੜਾਅ ਸੁੱਤੀ ਪਈ ਵੱਡੀ ਬੁਰਜੂਆਜ਼ੀ ਨੂੰ ਜਗਾਉਣ ਲਈ ਜ਼ਰੂਰੀ ਹੈ, ਕਿਤੇ ਵਧੇਰੇ ਸਮੇਂ ਦੀ ਲੋੜ ਸੀ। ਉਹ ਆਦਮੀ ਜਿਹੜਾ ਹੌਲ਼ੀ ਹੌਲ਼ੀ ਚੱਲਦਾ ਹੈ, ਵਿਸ਼ਵਾਸ ਨਾਲ਼ ਚੱਲਦਾ ਹੈ ਅਤੇ ਸਾਡੇ ਵਿੱਚ ਵੀ, ਇਸੇ ਤਰ੍ਹਾਂ, ਅਖੀਰ ਜਨਤਕ ਸਿਹਤ ਬਾਰੇ ਅਤੇ ਘਰਾਂ ਤੇ ਸਵਾਲ ਬਾਰੇ ਬੁਰਜੂਆ ਸਾਹਿਤ ਪੈਦਾ ਹੋ ਗਿਆ ਹੈ ਜੋ ਆਪਣੇ ਵਿਦੇਸ਼ੀ, ਖਾਸ ਕਰਕੇ ਅੰਗਰੇਜ਼ ਪੂਰਵ-ਅਧਿਕਾਰੀਆਂ ਦਾ ਕਮਜ਼ੋਰ ਜਿਹਾ ਤੱਤ ਹੈ ਜੀਹਨੂੰ ਉਹਨੇ ਬੇਈਮਾਨ ਢੰਗ ਨਾਲ਼ ਮਸਾਲੇਦਾਰ ਅਤੇ ਚਿਕਨੇ ਵਾਕੰਸ਼ਾਂ ਰਾਹੀਂ, ਉਚੇਰੇ ਸੰਕਲਪ ਦਾ ਰੂਪ ਦੇਣ ਦਾ ਯਤਨ ਕੀਤਾ ਹੈ। ਡਾ. ਐਮਿਲ ਸਾਕਸ, ਵੀਆਨਾ, 1869 ਵੱਲੋਂ ਲਿਖੀ ਗਈ ਰਚਨਾ "ਕਿਰਤੀ ਜਮਾਤਾਂ ਦੀਆਂ ਘਰਾਂ ਸਬੰਧੀ ਹਾਲਤਾਂ ਅਤੇ ਉਹਨਾਂ ਦਾ ਸੁਧਾਰ" ਇਸੇ ਸਾਹਿਤ ਦਾ ਹਿੱਸਾ ਹੈ।

ਮੈਂ ਘਰਾਂ ਦੇ ਸਵਾਲ ਦਾ ਬੁਰਜੂਆ ਦ੍ਰਿਸ਼ਟੀਕੋਣ ਪੇਸ਼ ਕਰਨ ਲਈ ਇਸ ਕਿਤਾਬ ਦੀ ਚੋਣ ਕੇਵਲ ਇਸ ਲਈ ਕੀਤੀ ਹੈ ਕਿਉਂਕਿ ਇਸ ਵਿੱਚ ਵਿਸ਼ੇ ਉੱਤੇ ਲਿਖੇ ਗਏ ਬੁਰਜੂਆ ਸਾਹਿਤ ਨੂੰ ਜਿੰਨਾ ਸੰਭਵ ਹੋ ਸਕਦਾ ਹੈ, ਸੰਖੇਪ ਰੂਪ ਵਿੱਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ ਅਤੇ ਉਹ ਸਾਹਿਤ ਵੀ ਕੀ ਸ਼ਾਨਦਾਰ ਹੈ ਜੋ ਸਾਡੇ ਲੇਖਕ ਨੂੰ ਉਹਦੇ "ਸੋਮਿਆਂ" ਵਜੋਂ ਕੰਮ ਦਿੰਦਾ ਹੈ। ਇੰਗਲੈਂਡ ਦੀਆਂ ਸੰਸਦੀ ਰਿਪੋਰਟਾਂ ਵਿੱਚੋਂ, ਜੋ ਅਸਲੀ ਮੁੱਖ ਸੋਮੇਂ ਹਨ, ਕੇਵਲ ਤਿੰਨਾਂ ਦਾ, ਜੋ ਸਭ ਤੋਂ ਵੱਧ ਪੁਰਾਣੀਆਂ ਹਨ, ਨਾਂ ਲੈ ਕੇ ਜ਼ਿਕਰ ਕੀਤਾ ਗਿਆ ਹੈ; ਸਮੁੱਚੀ ਕਿਤਾਬ ਇਹ ਸਿੱਧ ਕਰਦੀ ਹੈ ਕਿ ਉਹਦੇ ਲੇਖਕ ਨੇ ਇਹਨਾਂ ਵਿੱਚੋਂ ਕੇਵਲ ਇੱਕ ਵੀ ਰਿਪੋਰਟ ਉੱਤੇ ਕਦੀ ਨਜ਼ਰ ਨਹੀਂ ਮਾਰੀ। ਦੂਜੇ ਪਾਸੇ ਤੁਛ ਬੁਰਜੂਆ, ਚੰਗੀ ਭਾਵਨਾ ਵਾਲ਼ੀਆਂ ਦਕਿਆਨੂਸੀ ਅਤੇ ਦੰਭੀ ਦਇਆਵਾਨ ਲਿਖਤਾਂ ਦਾ ਜ਼ਿਕਰ ਕੀਤਾ ਗਿਆ ਹੈ: ਡੂਪੇਤਾਕਸ, ਰਾਬਰਟਸ, ਹੋਲ, ਹਿਊਬਰ, ਸਮਾਜਕ ਵਿਗਿਆਨ ਬਾਰੇ ਇੰਗਲਿਸ਼ ਕਾਂਗਰਸਾਂ ਦੀ ਕਾਰਵਾਈ (ਜਾਂ ਸਮਾਜਕ ਬਕਵਾਸ), ਪ੍ਰਸ਼ੀਆ ਵਿੱਚ ਕਿਰਤੀ ਜਮਾਤਾਂ ਦੀ ਭਲਾਈ ਲਈ ਐਸੋਸੀਏਸ਼ਨ ਦਾ ਰਸਾਲਾ, ਪੈਰਿਸ ਵਿੱਚ ਸੰਸਾਰ ਨੁਮਾਇਸ਼ ਬਾਰੇ ਆਸਟਰੀਆ ਦੀਆਂ ਸਰਕਾਰੀ ਰਿਪੋਰਟਾਂ, ਬਾਤਸਵੀਰ ਲੰਡਨ ਨਿਊਜ਼, ਊਬੇਰ ਲੈਂਡ ਉਡ ਮੀਰ ਅਤੇ ਅੰਤ ਵਿੱਚ "ਇੱਕ ਮੰਨੀ-ਪ੍ਰਮੰਨੀ

ਅਥਾਰਟੀ" "ਤਿੱਖੀ ਅਮਲੀ ਸੂਝ" ਵਾਲ਼ਾ ਆਦਮੀ "ਤਕਰੀਰ ਨਾਲ਼ ਕਾਇਲ ਕਰਨ ਵਾਲ਼ਾ ਪ੍ਰਭਾਵੀ" ਆਦਮੀ ਜਿਸ ਦਾ ਨਾਂ ਜੁਲੀਅਸ ਫਾਕਰ ਹੈ। ਸੋਮਿਆਂ ਦੀ ਇਸ ਸੂਚੀ ਵਿੱਚੋਂ ਜਿਹੜੀ ਚੀਜ਼ ਗਾਇਬ ਹੈ ਉਹ ਹੈ ਗਾਰਟੇਨਲਾਊਬੇ, ਕਲਾਵੇਰਤਾਸ਼ ਅਤੇ ਫ਼ੂਜ਼ਲੀਅਰ ਕੁਸ਼ਕੇ।

ਤਾਂ ਜੋ ਸ਼੍ਰੀ ਸਾਕਸ ਦੇ ਦ੍ਰਿਸ਼ਟੀਕੋਣ ਬਾਰੇ ਕੋਈ ਗ਼ਲਤਫ਼ਹਿਮੀ ਪੈਦਾ ਨਾ ਹੋ ਜਾਵੇ, ਉਹ ਪੰਨਾ 22 ਉੱਤੇ ਐਲਾਨ ਕਰਦਾ ਹੈ:

"ਸਮਾਜਕ ਆਰਥਕਤਾ ਤੋਂ ਸਾਡਾ ਭਾਵ ਸਮਾਜਕ ਸਵਾਲਾਂ ਉੱਤੇ ਲਾਗੂ ਹੋਣ ਵਾਲ਼ੀ ਕੌਮੀ ਆਰਥਕਤਾ ਦਾ ਸਿਧਾਂਤ ਹੈ; ਜਾਂ ਜੇਕਰ ਇਹਨੂੰ ਵਧੇਰੇ ਨਿਸ਼ਚਿਤ ਰੂਪ ਵਿੱਚ ਬਿਆਨ ਕੀਤਾ ਜਾਵੇ, ਤਾਂ ਇਹ ਉਹ ਸਮੁੱਚੇ ਢੰਗ ਅਤੇ ਸਾਧਨ ਹਨ ਜੋ ਇਹ ਵਿਗਿਆਨ ਕਥਿਤ ਜਾਇਦਾਦ-ਰਹਿਤ ਜਮਾਤਾਂ (!) ਨੂੰ ਇਸ ਸਮੇਂ ਪ੍ਰਚੱਲਤ ਸਮਾਜੀ ਪ੍ਰਬੰਧ ਦੇ ਚੌਖਟੇ ਦੇ ਵਿੱਚ ਉਹਦੇ 'ਅਟੱਲ' ਕਾਨੂੰਨਾਂ ਦੇ ਅਧਾਰ ਉੱਤੇ ਜਾਇਦਾਦ ਦੀਆਂ ਮਾਲਕ ਜਮਾਤਾਂ ਦੇ ਪੱਧਰ ਉੱਤੇ ਪੁਚਾਉਣ ਲਈ ਸਾਨੂੰ ਪੇਸ਼ ਕਰਦਾ ਹੈ।"

ਅਸੀਂ ਇਸ ਗੱਡ-ਮਡ ਵਿਚਾਰ ਬਾਰੇ ਗੱਲ ਨਹੀਂ ਕਰਾਂਗੇ ਕਿ ਆਮ ਤੌਰ 'ਤੇ "ਕੌਮੀ ਆਰਥਕਤਾ ਦਾ ਸਿਧਾਂਤ" ਜਾਂ ਰਾਜਨੀਤਕ ਆਰਥਕਤਾ "ਸਮਾਜਕ" ਸਵਾਲਾਂ ਤੋਂ ਇਲਾਵਾ ਹੋਰਨਾਂ ਸਵਾਲਾਂ ਨਾਲ਼ ਸਿਝਦੀ ਹੈ। ਅਸੀਂ ਤੁਰੰਤ ਹੀ ਮੁੱਖ ਨੁਕਤੇ ਦੀ ਗੱਲ ਸ਼ੁਰੂ ਕਰਾਂਗੇ। ਡਾਕਟਰ ਸਾਕਸ ਮੰਗ ਕਰਦਾ ਹੈ ਕਿ ਬੁਰਜੂਆ ਅਰਥ ਵਿਗਿਆਨ ਦੇ "ਲੋਹ ਕਾਨੂੰਨ" "ਇਸ ਸਮੇਂ ਪ੍ਰਚੱਲਤ ਸਮਾਜਕ ਪ੍ਰਬੰਧ ਦਾ ਚੌਖਟਾ" ਦੂਜੇ ਸ਼ਬਦਾਂ ਵਿੱਚ ਪੈਦਾਵਾਰ ਦਾ ਪੂੰਜੀਵਾਦੀ ਢੰਗ ਉਸੇ ਤਰ੍ਹਾਂ ਚੱਲਦਾ ਰਹਿਣਾ ਚਾਹੀਦਾ ਹੈ ਪਰ ਫੇਰ ਵੀ "ਕਥਿਤ ਜਾਇਦਾਦ-ਰਹਿਤ ਜਮਾਤਾਂ" ਨੂੰ "ਜਾਇਦਾਦ ਦੀਆਂ ਮਾਲਕ ਜਮਾਤਾਂ ਦੇ ਪੱਧਰ" ਤੱਕ ਉੱਚਾ ਚੁੱਕ ਦੇਣਾ ਚਾਹੀਦਾ ਹੈ। ਹੁਣ, ਇਸ ਪੂੰਜੀਵਾਦੀ ਢੰਗ ਦੀ ਇਹ ਟਾਲ਼ੀ ਨਾ ਜਾਣ ਵਾਲ਼ੀ ਇੱਕ ਮੁੱਢਲੀ ਸ਼ਰਤ ਹੁੰਦੀ ਹੈ ਕਿ ਅਸਲੀ ਰੂਪ ਵਿੱਚ ਅਤੇ ਕਥਿਤ ਰੂਪ ਵਿੱਚ ਨਹੀਂ, ਜਾਇਦਾਦ-ਰਹਿਤ ਜਮਾਤ ਮੌਜੂਦ ਹੋਵੇ, ਅਜਿਹੀ ਜਮਾਤ ਜਿਸ ਕੋਲ਼ ਆਪਣੀ ਕਿਰਤ ਸ਼ਕਤੀ ਵੇਚਣ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਹੁੰਦਾ ਅਤੇ ਜੋ ਇਸ ਲਈ ਸਨਅਤੀ ਪੂੰਜੀਵਾਦੀਆਂ ਨੂੰ ਆਪਣੀ ਕਿਰਤ ਸ਼ਕਤੀ ਵੇਚਣ ਲਈ ਮਜਬੂਰ ਹੋ ਜਾਂਦੀ ਹੈ। ਸ਼੍ਰੀ ਸਾਕਸ ਵੱਲੋਂ ਘੜੇ ਗਏ ਸਮਾਜਕ ਆਰਥਕਤਾ ਦੇ ਨਵੇਂ ਵਿਗਿਆਨ ਦਾ ਕਾਰਜ ਅਜਿਹੇ ਢੰਗਾਂ ਤੇ ਸਾਧਨਾਂ ਨੂੰ ਲੱਭਣਾ ਹੈ — ਸਮਾਜ ਦੀ ਅਜਿਹੀ ਹਾਲਤ ਵਿੱਚ ਜੋ ਇੱਕ ਪਾਸੇ ਪੂੰਜੀਵਾਦੀਆਂ, ਸਾਰੇ ਕੱਚੇ ਮਾਲਾਂ, ਪੈਦਾਵਾਰ ਦੇ ਸਾਧਨਾਂ ਤੇ ਜਿਊਣ ਦੇ ਸਾਧਨਾਂ ਦੇ ਮਾਲਕਾਂ ਅਤੇ ਦੂਜੇ ਪਾਸੇ ਜਾਇਦਾਦ ਰਹਿਤ ਉਜਰਤੀ ਮਜ਼ਦੂਰਾਂ, ਜੋ ਆਪਣੀ ਮਿਹਨਤ ਤੋਂ ਇਲਾਵਾ ਕਿਸੇ ਵੀ ਹੋਰ ਚੀਜ਼ ਨੂੰ ਆਪਣੀ ਨਹੀਂ ਆਖ ਸਕਦੇ, ਵਿਚਕਾਰ ਵੈਰਭਾਰੀ ਵਿਰੋਧਤਾਈਆਂ ਉੱਤੇ ਅਧਾਰਤ ਹੈ — ਜਿਨ੍ਹਾਂ ਰਾਹੀਂ ਇਸ ਸਮਾਜਕ ਪ੍ਰਬੰਧ ਵਿੱਚ ਹੀ ਸਾਰੇ ਉਜਰਤੀ ਮਜ਼ਦੂਰਾਂ ਨੂੰ, ਉਜਰਤੀ ਮਜ਼ਦੂਰ ਹੋਣੋਂ ਹਟੇ ਬਿਨਾਂ, ਸਰਮਾਏਦਾਰਾਂ ਵਿੱਚ ਪਲ਼ਟਿਆਂ ਜਾ ਸਕਦਾ ਹੈ। ਹੇਰ ਸਾਕਸ ਸਮਝਦਾ ਹੈ ਕਿ ਉਹਨੇ ਇਹ ਸਵਾਲ ਹੱਲ ਕਰ ਲਿਆ ਹੈ। ਸ਼ਾਇਦ ਉਹ ਇੰਨਾ ਚੰਗਾ ਹੋਵੇ ਕਿ ਸਾਨੂੰ ਇਹ ਵਿਖਾ ਸਕੇ ਕਿ ਫ਼ਰਾਂਸੀਸੀ ਫ਼ੌਜ ਦੇ ਸਾਰੇ ਸਿਪਾਹੀਆਂ ਨੂੰ ਜਿਨ੍ਹਾਂ ਵਿੱਚੋਂ ਹਰ ਇੱਕ ਦੇ ਝੋਲ਼ੇ ਵਿੱਚ

ਪੁਰਾਣੇ ਨਪੋਲੀਅਨ ਦੇ ਦਿਨਾਂ ਤੋਂ ਹੀ ਮਾਰਸ਼ਲ ਦਾ ਡੰਡਾ ਹੈ, ਫੀਲਡ ਮਾਰਸ਼ਲ ਕਿਵੇਂ ਬਣਾਇਆ ਜਾ ਸਕਦਾ ਹੈ ਜਦੋਂ ਕਿ ਉਹ ਇਹਦੇ ਨਾਲ਼ ਹੀ ਸਿਪਾਹੀ ਵੀ ਬਣੇ ਰਹਿਣਗੇ। ਜਾਂ ਇਹ ਗੱਲ ਕਿਵੇਂ ਕੀਤੀ ਜਾ ਸਕਦੀ ਹੈ ਕਿ ਜਰਮਨ ਰੀਖ ਦੇ ਸਾਰੇ ਦੇ ਸਾਰੇ ਚਾਲ਼ੀ ਲੱਖ ਨਾਗਰਿਕ ਜਰਮਨ ਕੈਸਰ ਬਣਾਏ ਜਾ ਸਕਣ।

ਅਜੋਕੇ ਸਮਾਜ ਦੀਆਂ ਸਾਰੀਆਂ ਬੁਰਾਈਆਂ ਦੇ ਅਧਾਰ ਨੂੰ ਕਾਇਮ ਰੱਖਣ ਦੀ ਖਾਹਿਸ਼ ਕਰਨਾ ਅਤੇ ਇਹਦੇ ਨਾਲ਼ ਹੀ ਖੁਦ ਬੁਰਾਈਆਂ ਨੂੰ ਦੂਰ ਕਰਨ ਦੀ ਖਾਹਿਸ ਰੱਖਣਾ ਬੁਰਜੂਆ ਸਮਾਜਵਾਦ ਦਾ ਤੱਤ ਬਣ ਗਿਆ ਹੈ। ਜਿਵੇਂ ਕਿ ਪਹਿਲਾਂ ਕਮਿਊਨਿਸਟ ਮੈਨੀਫੈਸਟੋ ਵਿੱਚ ਧਿਆਨ ਦੁਆਇਆ ਗਿਆ ਹੈ, ਬੁਰਜੂਆ ਸੋਸ਼ਲਿਸਟ "ਸਮਾਜਕ ਤਕਲੀਫ਼ਾਂ ਨੂੰ ਦੂਰ ਕਰਨ ਦੇ ਤਾਂ ਜੋ ਬੁਰਜੂਆ ਸਮਾਜ ਦੀ ਨਿਰੰਤਰ ਹੋਂਦ ਪ੍ਰਾਪਤ ਕੀਤੀ ਜਾਵੇ" ਖ਼ਾਹਿਸ਼ਮੰਦ ਹਨ; ਉਹ "ਪ੍ਰੋਲੇਤਾਰੀ ਤੋਂ ਰਹਿਤ ਬੁਰਜੂਆਜ਼ੀ" ਚਾਹੁੰਦੇ ਹਨ। ਅਸੀਂ ਇਹ ਵੇਖਿਆ ਹੈ ਕਿ ਸ਼੍ਰੀ ਸਾਕਸ ਐਨ ਇਸੇ ਢੰਗ ਨਾਲ਼ ਹੀ ਹੱਲ ਲੱਭਦਾ ਹੈ। ਇਹਦਾ ਹੱਲ ਉਹ ਘਰਾਂ ਦੀ ਸਮੱਸਿਆ ਦੇ ਹੱਲ ਵਿੱਚ ਲੱਭਦਾ ਹੈ। ਉਹਦੀ ਇਹ ਰਾਇ ਹੈ ਕਿ "ਕਿਰਤੀ ਜਮਾਤਾਂ ਦੇ ਰਿਹਾਇਸ਼ੀ ਘਰਾਂ ਦੀ ਹਾਲਤ ਵਿੱਚ ਬਿਹਤਰੀ ਕਰਕੇ ਇਹ ਗੱਲ ਹੋ ਜਾਵੇਗੀ ਕਿ ਬਿਆਨ ਕੀਤੀ ਗਈ ਪਦਾਰਥਕ ਤੇ ਰੂਹਾਨੀ ਦੁਰਦਿਸ਼ਾ ਦਾ ਸਫ਼ਲ ਹੱਲ ਕਰਨਾ ਸੰਭਵ ਹੋ ਜਾਵੇ ਅਤੇ ਇਸ ਤਰ੍ਹਾਂ — ਕੇਵਲ ਰਿਹਾਇਸ਼ੀ ਘਰਾਂ ਦੀਆਂ ਹਾਲਤਾਂ ਦੀ ਤਿੱਖੀ ਬਿਹਤਰੀ ਰਾਹੀਂ — ਇਹਨਾਂ ਜਮਾਤਾਂ ਦੇ ਵੱਡੇਰੇ ਭਾਗ ਨੂੰ ਉਹਨਾਂ ਦੀਆਂ ਅਕਸਰ ਹੀ ਅਣਮਨੁੱਖੀ ਹੋਂਦ ਦੀਆਂ ਹਾਲਤਾਂ ਦੀ ਜਿਲ੍ਹਣ ਵਿੱਚੋਂ ਕੱਢ ਕੇ ਪਦਾਰਥਕ ਤੇ ਰੂਹਾਨੀ ਖੁਸ਼ਹਾਲੀ ਦੀਆਂ ਨਿਰੋਲ ਉਚਾਈਆਂ ਉੱਤੇ ਲੈ ਜਾਣਾ ਸੰਭਵ ਹੋ ਜਾਵੇ।"(ਪੰਨਾ-14)

ਸਬੱਬੀ ਤੌਰ 'ਤੇ, ਇਹ ਗੱਲ ਬੁਰਜੂਆਜ਼ੀ ਦੇ ਹਿੱਤ ਵਿੱਚ ਹੈ ਕਿ ਉਹ ਪੈਦਾਵਾਰ ਦੇ ਬੁਰਜੂਆ ਸਬੰਧਾਂ ਵੱਲੋਂ ਪੈਦਾ ਕੀਤੇ ਗਏ ਪ੍ਰੋਲੇਤਾਰੀ ਦੀ ਹੋਂਦ ਦੇ ਤੱਥ ਉੱਤੇ ਮੁਲੰਮਾ ਫੇਰੇ ਅਤੇ ਇਹਨਾਂ ਸਬੰਧਾਂ ਦੀ ਨਿਰੰਤਰ ਹੋਂਦ ਨੂੰ ਮਿਥੇ। ਇਸ ਲਈ ਸ਼੍ਰੀ ਸਾਕਸ ਸਾਨੂੰ ਦੱਸਦਾ ਹੈ (ਪੰਨਾ 21) ਕਿ ਸ਼ਬਦ ਕਿਰਤੀ ਜਮਾਤਾਂ ਨੂੰ ਇਸ ਤਰ੍ਹਾਂ ਸਮਝਿਆ ਜਾਵੇ ਕਿ ਇਸ ਵਿੱਚ ਸਾਰੀਆਂ "ਕੰਗਾਲ ਸਮਾਜਕ ਜਮਾਤਾਂ" ਅਤੇ "ਆਮ ਤੌਰ 'ਤੇ ਛੋਟੇ ਪੈਮਾਨੇ ਉੱਤੇ ਲੋਕ, ਜਿਵੇਂ ਕਿ ਦਸਤਕਾਰ, ਵਿਧਵਾਵਾਂ, ਪੈਨਸ਼ਨੀਏ ( !) ਛੋਟੇ ਅਧਿਕਾਰੀ ਆਦਿ" ਅਤੇ ਅਸਲੀ ਮਜ਼ਦੂਰ ਸ਼ਾਮਲ ਹੋਣ। ਬੁਰਜੂਆ ਸਮਾਜਵਾਦ ਨਿੱਕ-ਬੁਰਜੂਆ ਵੰਨਗੀ ਤੱਕ ਵੀ ਆਪਣਾ ਹੱਥ ਵਧਾਉਂਦਾ ਹੈ।

ਫੇਰ ਇਹ ਘਰਾਂ ਦੀ ਘਾਟ ਕਿੱਥੋਂ ਆ ਗਈ ? ਇਹ ਕਿਵੇਂ ਪੈਦਾ ਹੋਈ ? ਇੱਕ ਚੰਗੇ ਬੁਰਜੂਆ ਵਾਂਗ ਸ਼੍ਰੀ ਸਾਕਸ ਲਈ ਇਹ ਜਾਣਨਾ ਕੋਈ ਜ਼ਰੂਰੀ ਨਹੀਂ ਕਿ ਇਹ ਬੁਰਜੂਆ ਸਮਾਜਕ ਪ੍ਰਬੰਧ ਦੀ ਜ਼ਰੂਰੀ ਉਪਜ ਹੈ; ਕਿ ਉਹ ਅਜਿਹੀ ਹਾਲਤ ਵਿੱਚ ਜ਼ਰੂਰ ਹੀ ਮੌਜੂਦ ਹੋਵੇਗੀ ਜਿਸ ਵਿੱਚ ਵੱਡੇ ਕਿਰਤੀ ਜਨਸਮੂਹ ਕੇਵਲ ਉਜਰਤਾਂ ਉੱਤੇ ਭਾਵ ਆਪਣੀ ਹੋਂਦ ਲਈ ਤੇ ਅੱਗੇ ਔਲਾਦ ਪੈਦਾ ਕਰਨ ਲਈ ਲੋੜੀਂਦੇ ਨਿਰਵਾਹ-ਸਾਧਨਾਂ ਦੀ ਇੱਕ ਮਿਕਦਾਰ ਉੱਤੇ ਨਿਰਭਰ ਕਰਦੇ ਹਨ; ਜਿਸ ਵਿੱਚ ਮਸ਼ੀਨਰੀ ਆਦਿ ਵਿੱਚ ਬਿਹਤਰੀਆਂ ਮਜ਼ਦੂਰਾਂ ਦੇ

ਜਨਸਮੂਹਾਂ ਨੂੰ ਲਗਾਤਾਰ ਹੀ ਬੇਰੁਜ਼ਗਾਰ ਕਰਦੀਆਂ ਹਨ, ਜਿਸ ਵਿੱਚ ਤਿੱਖੇ ਤੇ ਬਕਾਇਦਗੀ ਨਾਲ਼ ਮੁੜ–ਵਾਪਰਦੇ ਸਨਅਤੀ ਉਤਾਰ–ਚੜ੍ਹਾਅ ਇੱਕ ਪਾਸੇ ਤਾਂ ਬੇਰੁਜ਼ਗਾਰ ਮਜ਼ਦੂਰਾਂ ਦੇ ਵੱਡੇ ਰੀਜ਼ਰਵ ਦਲ ਦੀ ਹੋਂਦ ਨੂੰ ਮਿਥਦੇ ਹਨ ਅਤੇ ਦੂਜੇ ਪਾਸੇ ਸਮੇਂ ਸਮੇਂ ਮਜ਼ਦੂਰਾਂ ਦੇ ਸਮੂਹਾਂ ਨੂੰ ਬੇਰੁਜ਼ਗਾਰ ਕਰਕੇ ਸੜਕਾਂ ਉੱਤੇ ਧੱਕਦੇ ਹਨ; ਜਿਸ ਵਿੱਚ ਮਜ਼ਦੂਰ ਵੱਡੇ ਸ਼ਹਿਰਾਂ ਵਿੱਚ ਵੱਡੀ ਗਿਣਤੀ ਵਿੱਚ ਘਰਾਂ ਵਿੱਚ ਇਕੱਠੇ ਤੂੜੇ ਜਾਂਦੇ ਹਨ ਜੋ ਕਿ ਵਰਤਮਾਨ ਹਾਲਤਾਂ ਵਿੱਚ ਉਹਨਾਂ ਲਈ ਰਿਹਾਇਸ਼ੀ ਘਰਾਂ ਨੂੰ ਤਿਆਰ ਕਰਨ ਨਾਲ਼ੋਂ ਵਧੇਰੇ ਤੇਜ਼ ਦਰ ਨਾਲ਼ ਹੁੰਦਾ ਹੈ; ਜਿਸ ਵਿੱਚ, ਇਸ ਲਈ, ਸਭ ਤੋਂ ਮਾੜੇ ਘੁਰਨਿਆਂ ਲਈ ਵੀ ਹਮੇਸ਼ਾ ਕਿਰਾਏਦਾਰ ਮਿਲ ਜਾਂਦੇ ਹਨ; ਜਿਸ ਵਿੱਚ ਅੰਤਮ ਗੱਲ, ਪੂੰਜੀਵਾਦੀ ਦੀ ਆਪਣੀ ਹੈਸੀਅਤ ਵਜੋਂ ਮਾਲਕ ਮਕਾਨ ਨੂੰ ਜਿੰਨਾ ਵੱਧ ਤੋਂ ਵੱਧ ਸੰਭਵ ਹੋਵੇ, ਘਰ ਦੇ ਕਿਰਾਏ ਦੇ ਰੂਪ ਵਿੱਚ ਆਪਣੀ ਜਾਇਦਾਦ ਤੋਂ ਪੈਸਾ ਕਮਾਉਣ ਦਾ ਕੇਵਲ ਅਧਿਕਾਰ ਹੀ ਨਹੀਂ ਹੈ, ਸਗੋਂ ਮੁਕਾਬਲਾ ਹੋਣ ਕਾਰਨ ਬੇਕਿਰਕੀ ਨਾਲ਼ ਇਉਂ ਕਰਨਾ ਉਹਦਾ ਫ਼ਰਜ਼ ਵੀ ਬਣ ਜਾਂਦਾ ਹੈ। ਅਜਿਹੇ ਸਮਾਜ ਵਿੱਚ ਘਰਾਂ ਦੀ ਘਾਟ ਦਾ ਹੋਣਾ ਕੋਈ ਸਬੱਬੀ ਗੱਲ ਨਹੀਂ ਹੈ; ਇਹ ਇੱਕ ਜ਼ਰੂਰੀ ਅਦਾਰਾ ਹੈ ਅਤੇ ਸਿਹਤ ਉੱਤੇ ਇਹਦੇ ਸਾਰੇ ਅਸਰ ਸਮੇਤ ਇਹਨੂੰ ਕੇਵਲ ਇਸ ਸੂਰਤ ਵਿੱਚ ਹੀ ਖਤਮ ਕੀਤਾ ਜਾ ਸਕਦਾ ਹੈ ਜੇਕਰ ਉਸ ਸਮੁੱਚੇ ਸਮਾਜਕ ਪ੍ਰਬੰਧ ਨੂੰ ਜਿਸ ਦੀ ਕੁੱਖੋਂ ਇਹ ਜਨਮਿਆ ਹੈ, ਬੁਨਿਆਦੀ ਤੌਰ ’ਤੇ ਨਵੀਂ ਤਰਤੀਬ ਦਿੱਤੀ ਜਾਵੇ। ਪਰ ਇਹ ਗੱਲ ਜਾਣਨ ਦੀ ਦਲੇਰੀ ਬੁਰਜੂਆ ਸਮਾਜਵਾਦ ਨਹੀਂ ਕਰ ਸਕਦਾ। ਉਹ ਇਹ ਸਪੱਸ਼ਟ ਕਰਨ ਦੀ ਦਲੇਰੀ ਨਹੀਂ ਰੱਖਦਾ ਕਿ ਘਰਾਂ ਦੀ ਘਾਟ ਮੌਜੂਦਾ ਹਾਲਤਾਂ ਵਿੱਚੋਂ ਪੈਦਾ ਹੋਈ ਹੈ ਅਤੇ ਇਸ ਲਈ ਇਹਦੇ ਸਾਹਮਣੇ ਇਸ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਕਿ ਉਹ ਘਰਾਂ ਦੀ ਘਾਟ ਨੂੰ ਇਹ ਉਪਦੇਸ਼ ਦੇ ਕੇ ਸਪੱਸ਼ਟ ਕਰੇ ਕਿ ਇਹ ਮਨੁੱਖ ਦੀ ਬੁਰਾਈ ਦਾ ਸਿੱਟਾ ਹੈ, ਜਿਵੇਂ ਆਖਦੇ ਹਨ, ਮੌਲਕ ਪਾਪ ਦਾ ਸਿੱਟਾ ਹੈ।

"ਅਤੇ ਇੱਥੇ ਅਸੀਂ ਇਹ ਗੱਲ ਮੰਨੇ ਬਿਨਾਂ ਨਹੀਂ ਰਹਿ ਸਕਦੇ — ਅਤੇ ਨਤੀਜੇ ਵਜੋਂ ਅਸੀਂ ਇੱਕ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ" (ਦਲੇਰੀ ਭਰਿਆ ਨਤੀਜਾ!) — ਕਿ ਇਹਦਾ ਦੋਸ਼.... ਅੰਸ਼ਕ ਰੂਪ ਵਿੱਚ ਖੁਦ ਮਜ਼ਦੂਰਾਂ ਸਿਰ ਆਉਂਦਾ ਹੈ, ਉਹਨਾਂ ਸਿਰ ਜਿਹੜੇ ਰਿਹਾਇਸ਼ੀ ਘਰ ਚਾਹੁੰਦੇ ਹਨ ਅਤੇ ਅੰਸ਼ਕ ਰੂਪ ਵਿੱਚ, ਕਿਤੇ ਵਡੇਰਾ ਹਿੱਸਾ ਸੱਚ ਹੈ, ਕਿ ਉਹਨਾਂ ਲੋਕਾਂ ਸਿਰ ਆਉਂਦਾ ਹੈ ਜੋ ਇਸ ਲੋੜ ਦੀ ਪੂਰਤੀ ਕਰਨ ਦਾ ਕੰਮ ਆਪਣੇ ਹੱਥ ਵਿੱਚ ਲੈਂਦੇ ਹਨ, ਜਾਂ ਉਹਨਾਂ ਸਿਰ ਆਉਂਦਾ ਹੈ ਜੋ ਭਾਵੇਂ ਉਹਨਾਂ ਕੋਲ਼ ਕਾਫ਼ੀ ਸਾਧਨ ਹੁੰਦੇ ਹਨ, ਲੋੜ ਦੀ ਪੂਰਤੀ ਕਰਨ ਦਾ ਕੋਈ ਯਤਨ ਨਹੀਂ ਕਰਦੇ ਭਾਵ ਜਾਇਦਾਦ ਦੀਆਂ ਮਾਲਕ, ਉਚੇਰੀਆਂ ਸਮਾਜਕ ਜਮਾਤਾਂ ਸਿਰ ਆਉਂਦਾ ਹੈ। ਜਾਇਦਾਦ ਦੀਆਂ ਮਾਲਕ, ਉਚੇਰੀਆਂ ਸਮਾਜਕ ਜਮਾਤਾਂ ਦਾ ਦੋਸ਼ ਇਸ ਕਰਕੇ ਹੈ ਕਿ ਉਹ ਚੰਗੇ ਘਰਾਂ ਦੀ ਨਿੱਗਰ ਸਪਲਾਈ ਦੀ ਵਿਵਸਥਾ ਕਰਨ ਨੂੰ ਆਪਣਾ ਕਾਰੋਬਾਰ ਨਹੀਂ ਬਣਾਉਂਦੇ।"

ਜਿਵੇਂ ਪਰੂਧੋਂ ਸਾਨੂੰ ਅਰਥ–ਵਿਗਿਆਨ ਦੇ ਖੇਤਰ ਤੋਂ ਕਾਨੂੰਨੀ ਸ਼ਬਦਾਂ ਦੇ ਖੇਤਰ ਵਿੱਚ ਲੈ ਜਾਂਦਾ ਹੈ, ਇਸੇ ਤਰ੍ਹਾਂ ਸਾਡਾ ਬੁਰਜੂਆ ਸੋਸ਼ਲਿਸਟ ਇੱਥੇ ਸਾਨੂੰ ਆਰਥਕ ਖੇਤਰ ਤੋਂ ਸਦਾਚਾਰਕ ਖੇਤਰ ਨੂੰ ਲੈ ਤੁਰਦਾ ਹੈ ਅਤੇ ਇਸ ਨਾਲ਼ੋਂ ਵਧੇਰੇ ਕੁਦਰਤੀ ਗੱਲ ਹੋਰ ਕੋਈ ਨਹੀਂ।

ਕੋਈ ਆਦਮੀ ਜਿਹੜਾ ਇਹ ਐਲਾਨ ਕਰਦਾ ਹੈ ਕਿ ਪੈਦਾਵਾਰ ਦਾ ਪੂੰਜੀਵਾਦ ਢੰਗ, ਅਜੋਕੇ ਬੁਰਜੂਆ ਸਮਾਜ ਦੇ "ਲੋਹ ਕਾਨੂੰਨ" ਅਲੰਘ ਹਨ ਅਤੇ ਇਹਦੇ ਨਾਲ਼ ਹੀ ਉਹ ਉਹਨਾਂ ਦੇ ਅਸੁਖਾਵੇਂ, ਪਰ ਜ਼ਰੂਰੀ ਨਤੀਜੇ ਖਤਮ ਕਰਨਾ ਚਾਹੁੰਦਾ ਹੈ, ਉਸ ਕੋਲ਼ ਸਰਮਾਏਦਾਰਾਂ ਨੂੰ ਨੈਤਿਕ ਉਪਦੇਸ਼ ਦੇਣ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਰਹਿ ਜਾਂਦਾ, ਅਜਿਹੇ ਨੈਤਿਕ ਉਪਦੇਸ਼ ਜਿੰਨਾ ਦੇ ਜਜ਼ਬਾਤੀ ਅਸਰ ਨਿੱਜੀ ਹਿੱਤ ਦੇ ਤੇ ਜੇ ਜ਼ਰੂਰੀ ਹੋਵੇ ਤਾਂ ਮੁਕਾਬਲੇ ਦੇ ਅਸਰ ਥੱਲੇ ਤੁਰੰਤ ਹੀ ਉੱਡ-ਪੁੱਡ ਜਾਂਦੇ ਹਨ। ਇਹ ਨੈਤਿਕ ਉਪਦੇਸ਼ ਅਸਲ ਵਿੱਚ ਤਲਾਅ ਦੇ ਕਿਨਾਰੇ ਖ਼ੜੀ ਮੁਰਗਾਬੀ ਦੇ ਉਪਦੇਸ਼ਾਂ ਵਾਂਗ ਹੀ ਹਨ ਜਿਸ ਤਲਾਅ ਵਿੱਚ ਉਹ ਉਹਨਾਂ ਚੂਚਿਆਂ ਦੀ ਡਾਰ ਨੂੰ ਵੇਖਦੀ ਹੈ ਜੋ ਉਹਨੇ ਹਰ ਰੋਜ਼ ਖੁਸ਼ੀਆਂ ਵਿੱਚ ਤੈਰਦਿਆਂ ਹੋਇਆ ਆਂਡਿਆਂ ਵਿੱਚੋਂ ਕੱਢੇ ਸਨ। ਚੂਚੇ ਪਾਣੀ ਵਿੱਚ ਤੈਰਨ ਲੱਗ ਜਾਂਦੇ ਹਨ ਭਾਵੇਂ ਉਹਦੇ ਕੋਈ ਥੰਮ੍ਹ ਨਹੀਂ ਹੁੰਦੇ ਅਤੇ ਸਰਮਾਏਦਾਰ ਮੁਨਾਫ਼ੇ ਉੱਤੇ ਟੁੱਟ ਪੈਂਦੇ ਹਨ ਭਾਵੇਂ ਇਹ ਨਿਰਦਈ ਕੰਮ ਹੈ। "ਧਨ ਦੇ ਮਾਮਲਿਆਂ ਵਿੱਚ ਜਜ਼ਬਿਆਂ ਲਈ ਕੋਈ ਥਾਂ ਨਹੀਂ ਹੁੰਦੀ", ਇਹ ਗੱਲ ਹਾਂਸੇਮਨ ਨੇ ਜੋ ਸ਼੍ਰੀ ਸਾਕਸ ਨਾਲ਼ੋਂ ਇਸ ਸਬੰਧ ਵਿੱਚ ਵਧੇਰੇ ਜਾਣਦਾ ਸੀ, ਪਹਿਲਾਂ ਹੀ ਆਖੀ ਹੋਈ ਹੈ।

"ਚੰਗੇ ਘਰ ਇੰਨੇ ਮਹਿੰਗੇ ਪੈਂਦੇ ਹਨ ਕਿ ਮਜ਼ਦੂਰਾਂ ਦੇ ਵਡੇਰੇ ਭਾਗ ਵੱਲੋਂ ਉਹਨਾਂ ਦੀ ਵਰਤੋਂ ਕਰਨੀ ਬਿਲਕੁੱਲ ਅਸੰਭਵ ਹੈ। ਵੱਡੇ ਪੂੰਜੀਪਤੀ ਕਿਰਤੀ ਜਮਾਤਾਂ ਲਈ ਘਰਾਂ ਵਿੱਚ ਲਾਗਤ ਕਰਨੋਂ ਝਿਜਕਦੇ ਹਨ....ਅਤੇ ਨਤੀਜੇ ਵਜੋਂ ਇਹ ਜਮਾਤਾਂ ਅਤੇ ਉਹਨਾਂ ਦੀਆਂ ਘਰ ਸਬੰਧੀ ਲੋੜਾਂ ਬਹੁਤਾ ਕਰ ਕੇ ਸੱਟੇਬਾਜ਼ਾਂ ਦਾ ਸ਼ਿਕਾਰ ਹੋ ਜਾਂਦੀਆਂ ਹਨ।"

ਘ੍ਰਿਣਿਤ ਸੱਟੇਬਾਜ਼ੀ — ਵੱਡਾ ਸਰਮਾਏਦਾਰ ਕੁਦਰਤੀ ਤੌਰ 'ਤੇ ਕਦੀ ਵੀ ਸੱਟਾ ਨਹੀਂ ਕਰਦਾ। ਪਰ ਇਹ ਮੰਦਭਾਵਨਾ ਨਹੀਂ ਹੈ, ਸਗੋਂ ਕੇਵਲ ਅਗਿਆਨਤਾ ਹੈ ਜੋ ਵੱਡੇ ਸਰਮਾਏਦਾਰਾਂ ਨੂੰ ਮਜ਼ਦੂਰਾਂ ਦੇ ਘਰਾਂ ਵਿੱਚ ਸੱਟੇਬਾਜ਼ੀ ਤੋਂ ਹੋੜਦੀ ਹੈ।

"ਘਰਾਂ ਦੇ ਮਾਲਕ ਇਹ ਗੱਲ ਉੱਕਾ ਹੀ ਨਹੀਂ ਜਾਣਦੇ ਕਿ ਰਿਹਾਇਸ਼ੀ ਘਰਾਂ ਦੀਆਂ ਲੋੜਾਂ ਦੀ ਸਾਧਾਰਨ ਪੂਰਤੀ ਬਹੁਤ ਵੱਡਾ ਤੇ ਅਹਿਮ ਰੋਲ਼ ਅਦਾ ਕਰਦੀ ਹੈ, ਉਹ ਇਹ ਨਹੀਂ ਜਾਣਦੇ ਕਿ ਉਹ ਲੋਕਾਂ ਨਾਲ਼ ਕੀ ਕਰ ਰਹੇ ਹੁੰਦੇ ਹਨ ਜਦੋਂ ਉਹ ਉਹਨਾਂ ਨੂੰ ਆਮ ਤੌਰ 'ਤੇ ਗ਼ੈਰ-ਜ਼ਿੰਮੇਵਾਰੀ ਨਾਲ਼ ਭੈੜੇ ਤੇ ਹਾਨੀਕਾਰਕ ਘਰ ਪੇਸ਼ ਕਰਦੇ ਹਨ ਅਤੇ ਅਖ਼ੀਰੀ ਗੱਲ, ਉਹ ਇਹ ਨਹੀਂ ਜਾਣਦੇ ਕਿ ਉਹ ਇਉਂ ਕਰਕੇ ਆਪਣੇ ਆਪ ਨੂੰ ਕਿੰਨਾ ਨੁਕਸਾਨ ਪੁਚਾਉਂਦੇ ਹਨ।" (ਪੰਨਾ-27)

ਪਰ ਘਰਾਂ ਦੀ ਘਾਟ ਪੈਦਾ ਕਰਨ ਤੋਂ ਪਹਿਲਾਂ ਸਰਮਾਏਦਾਰਾਂ ਦੀ ਅਗਿਆਨਤਾ ਵਿੱਚ ਮਜ਼ਦੂਰਾਂ ਦੀ ਅਗਿਆਨਤਾ ਸ਼ਾਮਲ ਕੀਤੀ ਜਾਣੀ ਚਾਹੀਦੀ ਹੈ। ਸ਼੍ਰੀ ਸਾਕਸ ਵੱਲੋਂ ਇਹ ਗੱਲ ਮੰਨੇ ਜਾਣ ਤੋਂ ਮਗਰੋਂ ਕਿ ਮਜ਼ਦੂਰਾਂ ਦੇ "ਸਭ ਤੋਂ ਨੀਵੇਂ ਹਿੱਸੇ" "ਇੱਕ ਰਾਤ ਦੀ ਰਿਹਾਇਸ਼ ਲਈ ਥਾਂ ਦੀ ਭਾਲ਼ ਕਰਨ ਉੱਤੇ ਮਜਬੂਰ (!) ਹੋ ਜਾਂਦੇ ਹਨ ਭਾਵੇਂ ਇਹ ਉਹਨਾਂ ਨੂੰ ਕਿਸੇ ਵੀ ਥਾਂ ਅਤੇ ਕਿਵੇਂ ਵੀ ਮਿਲੇ, ਤਾਂ ਜੋ ਉਹ ਕਿਤੇ ਉੱਕਾ ਹੀ ਕਿਸੇ ਆਸਰੇ ਤੋਂ ਬਿਨਾਂ ਨਾ ਰਹਿ ਜਾਣ ਅਤੇ ਇਸ ਸਬੰਧ ਵਿੱਚ ਉਹ ਬਿਲਕੁੱਲ ਹੀ ਨਿਹੱਥੇ ਅਤੇ ਮਜਬੂਰ ਹੁੰਦੇ ਹਨ", ਉਹ ਸਾਨੂੰ ਦੱਸਦਾ ਹੈ :

"ਕਿਉਂਕਿ ਇਹ ਤੱਥ ਆਮ ਜਾਣਿਆਂ ਜਾਂਦਾ ਹੈ ਕਿ ਉਹਨਾਂ (ਮਜ਼ਦੂਰਾਂ) ਵਿੱਚੋਂ ਬਹੁਤ ਸਾਰੇ ਲੋਕ ਬੇਧਿਆਨੀ ਕਾਰਨ, ਪ੍ਰਮੁੱਖ ਤੌਰ 'ਤੇ ਅਗਿਆਨਤਾ ਕਾਰਨ ਆਪਣੇ ਸਰੀਰਾਂ ਨੂੰ, ਲਗਭਗ ਇਹੋ ਆਖਣ ਨੂੰ ਦਿਲ ਕਰਦਾ ਹੈ, ਰਸਿਕਤਾ ਨਾਲ਼, ਕੁਦਰਤੀ ਵਿਕਾਸ ਅਤੇ ਸਿਹਤਮੰਦ ਜ਼ਿੰਦਗੀ ਤੋਂ ਇਸ ਕਰਕੇ ਵਾਂਝਿਆ ਕਰ ਲੈਂਦੇ ਹਨ ਕਿ ਉਹਨਾਂ ਨੂੰ ਯੁਕਤੀ ਪੂਰਨ ਸਫ਼ਾਈ ਦਾ, ਖਾਸ ਕਰਕੇ ਉਸ ਭਾਰੀ ਅਹਿਮੀਅਤ ਦਾ ਜੋ ਇਸ ਸਫ਼ਾਈ ਵਿੱਚ ਰਿਹਾਇਸ਼ੀ ਘਰ ਨੂੰ ਹਾਸਲ ਹੈ, ਨਿਗੂਣਾ ਜਿਹਾ ਖ਼ਿਆਲ ਵੀ ਨਹੀਂ ਹੁੰਦਾ।" (ਪੰਨਾ-27)

ਪਰ ਇੱਥੇ ਬੁਰਜੂਆ ਖੋਤੇ ਦੇ ਕੰਨ ਬਾਹਰ ਨਿਕਲ ਆਏ ਹਨ। ਜਿੱਥੇ ਸਰਮਾਏਦਾਰ ਸਬੰਧਤ ਹੋਣ ਉੱਥੇ "ਦੋਸ਼" ਅਗਿਆਨਤਾ ਦੇ ਰੂਪ ਵਿੱਚ "ਉੱਡ-ਪੁੱਡ" ਜਾਂਦਾ ਹੈ, ਪਰ ਜਿੱਥੇ ਮਜ਼ਦੂਰਾਂ ਦਾ ਸਬੰਧ ਹੋਵੇ, ਉੱਥੇ ਅਗਿਆਨਤਾ ਹੀ ਉਹਨਾਂ ਦੇ ਕਸੂਰ ਦਾ ਕਾਰਨ ਬਣਾਈ ਜਾਂਦੀ ਹੈ। ਰਤਾ ਸੁਣੋ ਉਹ ਕੀ ਫ਼ਰਮਾਉਂਦਾ ਹੈ :

"ਇਸ ਤਰ੍ਹਾਂ ਗੱਲ ਇਹ ਬਣ ਜਾਂਦੀ ਹੈ (ਭਾਵ ਅਗਿਆਨਤਾ ਰਾਹੀਂ) ਕਿ ਜੇ ਕਰ ਉਹ ਥੋੜ੍ਹਾ ਬਹੁਤ ਕਿਰਾਏ ਦੀ ਬੱਚਤ ਕਰਨਗੇ ਤਾਂ ਉਹ ਹਨ੍ਹੇਰੇ, ਸਿਲ੍ਹੇ ਤੇ ਛੋਟੇ ਘਰਾਂ ਵਿੱਚ ਪ੍ਰਵੇਸ਼ ਕਰਨਗੇ, ਜੋ, ਮੁਕਦੀ ਗੱਲ, ਸਫ਼ਾਈ ਦੀਆਂ ਸਾਰੀਆਂ ਮੰਗਾਂ ਨਾਲ਼ ਮਜ਼ਾਕ ਕਰਨਾ ਹੈ... ਕਿ ਅਕਸਰ ਹੀ ਕਈ ਟੱਬਰ ਮਿਲ ਕੇ ਇੱਕ ਘਰ ਜਾਂ ਇੱਥੋਂ ਤੱਕ ਕਿ ਇੱਕੋ ਕਮਰਾ ਕਿਰਾਏ ਉੱਤੇ ਲੈ ਲੈਂਦੇ ਹਨ — ਇਹ ਸਾਰਾ ਕੁੱਝ ਇਸ ਲਈ ਕੀਤਾ ਜਾਂਦਾ ਹੈ ਤਾਂ ਜੋ ਕਿਰਾਏ ਉੱਤੇ ਜਿੰਨਾ ਘੱਟ ਤੋਂ ਘੱਟ ਸੰਭਵ ਹੋ ਸਕੇ ਖ਼ਰਚ ਕੀਤਾ ਜਾਵੇ ਜਦੋਂ ਕਿ ਦੂਜੇ ਪਾਸੇ ਉਹ ਸਹੀ ਅਰਥਾਂ ਵਿੱਚ ਪਾਪੀ ਢੰਗ ਨਾਲ਼ ਸ਼ਰਾਬ ਉੱਤੇ ਅਤੇ ਸਭਨਾਂ ਕਿਸਮਾਂ ਦੀ ਫ਼ਜੂਲ ਐਸ਼ ਉੱਤੇ ਆਪਣੀ ਆਮਦਨੀ ਬਰਬਾਦ ਕਰ ਦਿੰਦੇ ਹਨ।"

ਉਹ ਧਨ ਜੋ ਮਜ਼ਦੂਰ "ਸ਼ਰਾਬ ਤੇ ਤੰਬਾਕੂ ਉੱਤੇ ਬਰਬਾਦ ਕਰਦੇ ਹਨ" (ਪੰਨਾ-28) "ਸ਼ਰਾਬਖਾਨਿਆਂ ਵਿਚਲੇ ਜੀਵਨ ਉੱਤੇ, ਜੀਹਦੇ ਬਹੁਤ ਮਾੜੇ ਨਤੀਜੇ ਨਿਕਲਦੇ ਹਨ, ਬਰਬਾਦ ਕਰਦੇ ਹਨ, ਜੋ ਮਜ਼ਦੂਰਾਂ ਨੂੰ ਫ਼ਾਲਤੂ ਬੋਝ ਵਾਂਗ ਵਾਰ ਵਾਰ ਦਲਦਲ ਵਿੱਚ ਖਿੱਚਦਾ ਹੈ, ਸ਼੍ਰੀ ਸਾਕਸ ਦੇ ਢਿੱਡ ਵਿੱਚ ਨਿਰਸੰਦੇਹ, ਫ਼ਾਲਤੂ ਬੋਝ ਬਣ ਕੇ ਪਿਆ ਹੈ। ਇਹ ਹਕੀਕਤ ਕਿ ਵਰਤਮਾਨ ਹਾਲਤਾਂ ਵਿੱਚ ਮਜ਼ਦੂਰਾਂ ਅੰਦਰ ਸ਼ਰਾਬਨੋਸ਼ੀ ਉਹਨਾਂ ਦੀਆਂ ਜੀਵਨ ਹਾਲਤਾਂ ਦੀ ਜ਼ਰੂਰੀ ਉਪਜ ਹੈ ਜਿਵੇਂ ਕਿ ਟਾਈਫਸ, ਜੁਰਮ, ਕੀੜੇ-ਮਕੌੜੇ, ਬੇਲਿਫ ਤੇ ਦੂਜੀਆਂ ਸਮਾਜਕ ਬੁਰਾਈਆਂ ਜ਼ਰੂਰੀ ਹਨ, ਅਸਲ ਵਿੱਚ ਏਨੀਆਂ ਜ਼ਰੂਰੀ ਕਿ ਉਹਨਾਂ ਲੋਕਾਂ ਦੇ ਜੋ ਨਸ਼ਿਆਂ ਦਾ ਸ਼ਿਕਾਰ ਹੋ ਜਾਂਦੇ ਹਨ, ਔਸਤ ਅੰਕੜਿਆਂ ਬਾਰੇ ਪਹਿਲੋਂ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਅਤੇ ਇਹ ਗੱਲ ਫੇਰ ਅਜਿਹੀ ਹੈ ਜੋ ਸ਼੍ਰੀ ਸਾਕਸ ਨਹੀਂ ਜਾਣਨਾ ਚਾਹੁੰਦਾ। ਮੇਰਾ ਪ੍ਰਾਇਮਰੀ ਸਕੂਲ ਦਾ ਬੁੱਢਾ ਉਸਤਾਦ ਕਿਹਾ ਕਰਦਾ ਸੀ : "ਆਮ ਆਦਮੀ ਪੱਬਾਂ ਵਿੱਚ ਜਾਂਦੇ ਹਨ, ਉੱਚੇ ਲੋਕ ਕਲੱਬਾਂ ਵਿੱਚ ਜਾਂਦੇ ਹਨ" ਅਤੇ ਮੈਂ ਕਿਉਂਕਿ ਦੋਵਾਂ ਵਿੱਚ ਹੀ ਗਿਆ ਹਾਂ, ਮੈਂ ਇਹਦੀ ਪੁਸ਼ਟੀ ਕਰ ਸਕਦਾ ਹਾਂ।

ਦੋਵਾਂ ਧਿਰਾਂ ਦੀ "ਅਗਿਆਨਤਾ" ਬਾਰੇ ਸਮੁੱਚੀ ਗੱਲਬਾਤ ਦਾ ਅਰਥ ਕਿਰਤ ਅਤੇ ਪੂੰਜੀ ਦੇ ਹਿੱਤਾਂ ਦੀ ਇੱਕਸੁਰਤਾ ਬਾਰੇ ਪੁਰਾਣੀਆਂ ਗੱਲਾਂ ਤੋਂ ਬਿਨਾਂ ਹੋਰ ਕੁੱਝ ਨਹੀਂ

ਬਣਦਾ। ਜੇ ਸਰਮਾਏਦਾਰਾਂ ਨੂੰ ਸਹੀ ਅਰਥਾਂ ਵਿੱਚ ਆਪਣੇ ਹਿੱਤਾਂ ਬਾਰੇ ਸੂਝਬੂਝ ਹੋਵੇ ਤਾਂ ਉਹ ਮਜ਼ਦੂਰਾਂ ਨੂੰ ਚੰਗੇ ਘਰ ਦੇਣ ਅਤੇ ਉਹਨਾਂ ਦੀ ਪੋਜੀਸ਼ਨ ਆਮ ਤੌਰ 'ਤੇ ਬਿਹਤਰ ਬਣਾਉਣ; ਅਤੇ ਜੇਕਰ ਮਜ਼ਦੂਰਾਂ ਨੂੰ ਆਪਣੇ ਅਸਲੀ ਹਿੱਤਾਂ ਦਾ ਪਤਾ ਹੋਵੇ ਤਾਂ ਉਹ ਹੜਤਾਲ ਨਾ ਕਰਨ, ਉਹ ਸੋਸ਼ਲ-ਡੈਮੋਕਰੇਸੀ ਨੂੰ ਪਸੰਦ ਨਾ ਕਰਨ, ਉਹ ਰਾਜਨੀਤੀ ਦੀ ਖੇਡ ਨਾ ਖੇਡਣ ਸਗੋਂ ਬੜੇ ਬੀਬੇ ਬਣਨ ਅਤੇ ਆਪਣੇ ਤੋਂ ਚੰਗੇ ਲੋਕਾਂ, ਸਰਮਾਏਦਾਰਾਂ ਦੇ ਪਿੱਛੇ ਤੁਰਨ। ਮੰਦੇ ਭਾਗਾਂ ਨੂੰ ਦੋਵੇਂ ਧਿਰਾਂ ਆਪਣੇ ਹਿੱਤ ਸ਼੍ਰੀ ਸਾਕਸ ਅਤੇ ਉਹਦੇ ਅਣਗਿਣਤ ਪੂਰਵ-ਅਧਿਕਾਰੀਆਂ ਦੇ ਉਪਦੇਸ਼ਾਂ ਦੀ ਬਜਾਏ ਬਿਲਕੁੱਲ ਹੀ ਵੱਖਰੀ ਥਾਂ ਉੱਤੇ ਵੇਖਦੀਆਂ ਹਨ। ਪੂੰਜੀ ਅਤੇ ਕਿਰਤ ਵਿਚਕਾਰ ਇੱਕਸੁਰਤਾ ਦੀ ਧਾਰਮਕ ਸਿੱਖਿਆ ਹੁਣ ਲਗਭਗ ਪੰਜਾਹ ਸਾਲਾਂ ਤੋਂ ਪ੍ਰਚਾਰੀ ਜਾ ਰਹੀ ਹੈ ਅਤੇ ਬੁਰਜੂਆ ਪਰਉਪਕਾਰ ਨੇ ਇਸ ਇੱਕਸੁਰਤਾ ਨੂੰ ਸਿੱਧ ਕਰਨ ਲਈ ਨਮੂਨੇ ਦੇ ਅਦਾਰੇ ਉਸਾਰ ਕੇ ਧਨ ਦੀਆਂ ਵੱਡੀਆਂ ਰਕਮਾਂ ਖ਼ਰਚ ਕਰ ਦਿੱਤੀਆਂ ਹਨ; ਫੇਰ ਵੀ ਜਿਵੇਂ ਅੱਗੇ ਜਾ ਕੇ ਵੇਖਾਂਗੇ, ਅਸੀਂ ਅੱਜ ਐਨ ਉੱਥੇ ਹੀ ਹਾਂ ਜਿੱਥੇ ਅਸੀਂ ਪੰਜਾਹ ਵਰ੍ਹੇ ਪਹਿਲਾਂ ਸੀ।

ਹੁਣ ਸਾਡਾ ਲੇਖਕ ਸਮੱਸਿਆ ਦੇ ਅਮਲੀ ਹੱਲ ਵੱਲ ਵੱਧਦਾ ਹੈ। ਮਜ਼ਦੂਰਾਂ ਨੂੰ ਆਪਣੇ ਘਰਾਂ ਦਾ ਮਾਲਕ ਬਣਾਉਣ ਸਬੰਧੀ ਪਰੂਧੋਂ ਦਾ ਸੁਝਾਅ ਕਿੰਨਾ ਘੱਟ ਇਨਕਲਾਬੀ ਹੈ, ਇਹ ਗੱਲ ਇਸ ਤੱਥ ਤੋਂ ਵੇਖੀ ਜਾ ਸਕਦੀ ਹੈ ਕਿ ਉਸ ਤੋਂ ਵੀ ਪਹਿਲਾਂ ਬੁਰਜੂਆ ਸਮਾਜਵਾਦ ਨੇ ਇਹਨੂੰ ਅਮਲ ਵਿੱਚ ਲਿਆਉਣ ਦਾ ਯਤਨ ਕੀਤਾ ਸੀ ਅਤੇ ਉਹ ਅਜੇ ਵੀ ਇਉਂ ਕਰਨ ਦਾ ਯਤਨ ਕਰ ਰਿਹਾ ਹੈ। ਸ਼੍ਰੀ ਸਾਕਸ ਇਹ ਐਲਾਨ ਵੀ ਕਰਦਾ ਹੈ ਕਿ ਰਿਹਾਇਸ਼ੀ ਘਰਾਂ ਦੀ ਸਮੱਸਿਆ ਦਾ ਮੁਕੰਮਲ ਹੱਲ ਕੇਵਲ ਮਜ਼ਦੂਰਾਂ ਨੂੰ ਘਰਾਂ ਦੀ ਜਾਇਦਾਦ ਦੇ ਕੇ ਹੀ ਕੀਤਾ ਜਾ ਸਕਦਾ ਹੈ। (ਪੰਨੇ-58-59) ਇਸ ਤੋਂ ਵੀ ਅੱਗੇ ਉਹ ਵਿਚਾਰ ਨੂੰ ਭਾਵਿਕ ਰੂਪ ਵਿੱਚ ਪੇਸ਼ ਕਰਦਾ ਹੈ ਅਤੇ ਆਪਣੀਆਂ ਭਾਵਨਾਵਾਂ ਜੋਸ਼ ਦੇ ਹੇਠਾਂ ਦਿੱਤੇ ਉਮਾਹ ਵਿੱਚ ਪ੍ਰਗਟ ਕਰਦਾ ਹੈ:

"ਜ਼ਮੀਨ ਦਾ ਮਾਲਕ ਬਣਨ ਲਈ ਮਨੁੱਖ ਵਿੱਚ ਇੱਕ ਕਿਸਮ ਦੀ ਖਾਸ ਸੁਭਾਵਿਕ ਲਾਲਸਾ ਹੁੰਦੀ ਹੈ; ਇਹ ਅਜਿਹੀ ਉਮੰਗ ਹੈ ਜਿਸ ਨੂੰ ਅਜੋਕਾ ਤੇਜ਼ੀ ਨਾਲ਼ ਧੜਕਦਾ ਕਾਰੋਬਾਰੀ ਜੀਵਨ ਵੀ ਮੱਠਾ ਨਹੀਂ ਕਰ ਸਕਿਆ। ਇਹ ਜ਼ਮੀਨ ਦੀ ਮਾਲਕੀ ਦੇ ਰੂਪ ਵਿੱਚ ਆਰਥਕ ਪ੍ਰਾਪਤੀ ਦੀ ਅਹਿਮੀਅਤ ਬਾਰੇ ਅਚੇਤ ਸੂਝਬੂਝ ਹੈ। ਇਹਦੇ ਨਾਲ਼ ਵਿਅਕਤੀ ਨੂੰ ਇੱਕ ਸੁਰੱਖਿਅਤ ਸਹਾਰਾ ਮਿਲ ਜਾਂਦਾ ਹੈ; ਉਹਦੀਆਂ ਜੜਾਂ ਪੱਕੀ ਤਰ੍ਹਾਂ ਜ਼ਮੀਨ ਵਿੱਚ ਹਨ ਅਤੇ ਹਰ ਇੱਕ ਅਦਾਰੇ ਦਾ ( !) ਇਸੇ ਵਿੱਚ ਹੀ ਸਭ ਤੋਂ ਵੱਧ ਸਥਾਈ ਅਧਾਰ ਹੁੰਦਾ ਹੈ। ਪਰ ਜ਼ਮੀਨ ਦੀ ਮਾਲਕੀ ਦੀਆਂ ਬਰਕਤਾਂ ਇਹਨਾਂ ਪਦਾਰਥਕ ਲਾਭਾਂ ਨਾਲ਼ੋਂ ਵੀ ਕਿਤੇ ਅੱਗੇ ਚਲੀਆਂ ਜਾਂਦੀਆਂ ਹਨ। ਜੋ ਵੀ ਕੋਈ ਇੰਨਾ ਖੁਸ਼ਕਿਸਮਤ ਹੈ ਕਿ ਉਹ ਜ਼ਮੀਨ ਦੇ ਇੱਕ ਟੁਕੜੇ ਨੂੰ ਆਪਣਾ ਆਖ ਸਕੇ, ਤਾਂ ਉਹ ਆਰਥਕ ਅਜ਼ਾਦੀ ਦੇ ਚਿਤਵੇ ਗਏ ਸਭ ਤੋਂ ਉੱਚੇ ਪੜਾਅ ਉੱਤੇ ਪੁੱਜ ਗਿਆ ਹੁੰਦਾ ਹੈ; ਉਸ ਕੋਲ਼ ਅਜਿਹੀ ਧਰਤੀ ਹੁੰਦੀ ਹੈ ਜਿਸ ਉੱਤੇ ਉਹ ਖੁਦਮੁਖਤਿਆਰੀ ਨਾਲ਼ ਹਕੂਮਤ ਕਰ ਸਕਦਾ ਹੈ; ਉਹ ਖੁਦ ਹੀ ਆਪਣਾ ਮਾਲਕ ਬਣ ਜਾਂਦਾ

ਹੈ; ਲੋੜ ਦੇ ਸਮੇਂ ਲਈ ਉਹਦੇ ਕੋਲ਼ ਖਾਸ ਤਾਕਤ ਅਤੇ ਯਕੀਨੀ ਸਹਾਰਾ ਹੁੰਦਾ ਹੈ; ਉਸ ਵਿੱਚ ਸਵੈ ਵਿਸ਼ਵਾਸ ਪੈਦਾ ਹੋ ਜਾਂਦਾ ਹੈ ਅਤੇ ਇਹਦੇ ਨਾਲ਼ ਉਹਦੀ ਨੈਤਿਕ ਸ਼ਕਤੀ ਵਿਕਾਸ ਕਰਦੀ ਹੈ। ਇਸੇ ਲਈ ਸਾਡੇ ਸਾਹਮਣੇ ਸਵਾਲ ਵਿੱਚ ਜਾਇਦਾਦ ਦੀ ਡੂੰਘੀ ਅਹਿਮੀਅਤ ਹੋ ਜਾਂਦੀ ਹੈ....ਮਜ਼ਦੂਰ ਨੂੰ ਜੋ ਅੱਜ ਆਰਥਕ ਜੀਵਨ ਦੇ ਉਤਾਰ-ਚੜ੍ਹਾਵਾਂ ਸਾਹਮਣੇ ਬੇਬਸ ਖਲੋਤਾ ਹੈ ਅਤੇ ਜੋ ਆਪਣੇ ਮਾਲਕ ਉੱਤੇ ਨਿਰੰਤਰ ਨਿਰਭਰ ਕਰਦਾ ਹੈ, ਇਸ ਨਾਲ਼ ਕੁੱਝ ਹੱਦ ਤੱਕ ਇਸ ਡਾਵਾਂਡੋਲ ਹਾਲਤ ਤੋਂ ਬਚਾਇਆ ਜਾ ਸਕੇਗਾ। ਉਹ ਇੱਕ ਸਰਮਾਏਦਾਰ ਬਣ ਜਾਵੇਗਾ ਅਤੇ ਉਹ ਉਸ ਇਤਬਾਰ ਕਰਕੇ ਜੋ ਉਹਦੀ ਅਮਲੀ ਜਾਇਦਾਦ ਉਸ ਨੂੰ ਖੱਟ ਕੇ ਦੇਵੇਗੀ, ਬੇਰੁਜ਼ਗਾਰੀ ਜਾਂ ਅੰਗਹੀਣਤਾ ਦੇ ਖਤਰਿਆਂ ਤੋਂ ਬਚਿਆ ਰਹੇਗਾ। ਉਹਨੂੰ ਜਾਇਦਾਦ ਰਹਿਤ ਜਮਾਤ ਦੀਆਂ ਸਫ਼ਾਂ ਤੋਂ ਚੁੱਕ ਕੇ ਜਾਇਦਾਦ ਦੀ ਮਾਲਕ ਜਮਾਤ ਵਿੱਚ ਪੁਚਾ ਦਿੱਤਾ ਜਾਵੇਗਾ।" (ਪੰਨਾ-63)

ਜਾਪਦਾ ਹੈ ਸ਼੍ਰੀ ਸਾਕਸ ਇਹ ਫ਼ਰਜ਼ ਕਰ ਰਿਹਾ ਹੈ ਕਿ ਮਨੁੱਖ ਜ਼ਰੂਰੀ ਤੌਰ 'ਤੇ ਇੱਕ ਕਿਸਾਨ ਹੁੰਦਾ ਹੈ ਨਹੀਂ ਤਾਂ ਉਹ ਸਾਡੇ ਵੱਡੇ ਸ਼ਹਿਰਾਂ ਦੇ ਮਜ਼ਦੂਰਾਂ ਨਾਲ਼ ਅਜਿਹੀ ਲਾਲਸਾ ਝੂਠੀ ਹੀ ਨਾ ਜੋੜਦਾ ਜੋ ਕਿਸੇ ਹੋਰ ਨੂੰ ਉਹਨਾਂ ਵਿੱਚ ਨਹੀਂ ਲੱਭੀ। ਵੱਡੇ ਸ਼ਹਿਰਾਂ ਵਿੱਚ ਸਾਡੇ ਮਜ਼ਦੂਰਾਂ ਲਈ ਚੱਲਣ ਫਿਰਨ ਦੀ ਅਜ਼ਾਦੀ ਹੋਂਦ ਦੀ ਮੁੱਖ ਸ਼ਰਤ ਹੁੰਦੀ ਹੈ ਅਤੇ ਜ਼ਮੀਨ ਦੀ ਮਾਲਕੀ ਉਹਨਾਂ ਨੂੰ ਕੇਵਲ ਜ਼ੰਜੀਰਾਂ ਦਾ ਹੀ ਕੰਮ ਦੇ ਸਕਦੀ ਹੈ। ਉਹਨਾਂ ਨੂੰ ਘਰ ਦੇ ਦਿਓ, ਉਹਨਾਂ ਨੂੰ ਇੱਕ ਵਾਰ ਫੇਰ ਜ਼ਮੀਨ ਨਾਲ਼ ਬੰਨ੍ਹ ਦਿਓ ਤਾਂ ਫੇਰ ਤੁਸੀਂ ਫੈਕਟਰੀ ਦੇ ਮਾਲਕਾਂ ਵੱਲੋਂ ਉਜਰਤਾਂ ਵਿੱਚ ਕੀਤੀ ਕਟੌਤੀ ਦੀ ਮੁਜ਼ਾਹਮਤ ਕਰਨ ਦੀ ਉਹਨਾਂ ਦੀ ਸ਼ਕਤੀ ਭੰਨ ਦਿੰਦੇ ਹੋ। ਇੱਕ ਵਿਅਕਤੀਗਤ ਮਜ਼ਦੂਰ ਕਿਸੇ ਮੌਕੇ ਉੱਤੇ ਆਪਣਾ ਘਰ ਵੇਚਣ ਦੇ ਸਮਰੱਥ ਹੋ ਸਕਦਾ ਹੈ, ਪਰ ਇੱਕ ਵੱਡੀ ਹੜਤਾਲ ਜਾਂ ਆਮ ਸਨਅਤੀ ਸੰਕਟ ਦੌਰਾਨ ਉਹਨਾਂ ਮਜ਼ਦੂਰਾਂ ਦੇ ਜਿਨ੍ਹਾਂ ਉੱਤੇ ਇਹਦਾ ਅਸਰ ਪੈਂਦਾ ਹੈ, ਸਾਰੇ ਘਰ ਵਿਕਾਊ ਹੋ ਜਾਣਗੇ ਅਤੇ ਇਸ ਲਈ ਉਹਨਾਂ ਦੇ ਖਰੀਦਦਾਰ ਨਹੀਂ ਲੱਭਣਗੇ ਜਾਂ ਉਹ ਉਹਨਾਂ ਨੂੰ ਕੀਤੇ ਖਰਚੇ ਨਾਲ਼ੋਂ ਬਹੁਤ ਘੱਟ ਕੀਮਤ ਉੱਤੇ ਵੇਚਣੇ ਪੈਣਗੇ ਅਤੇ ਜੇਕਰ ਉਹਨਾਂ ਸਾਰਿਆਂ ਦੇ ਖਰੀਦਦਾਰ ਲੱਭ ਵੀ ਗਏ ਤਾਂ ਸ਼੍ਰੀ ਸਾਕਸ ਦਾ ਘਰਾਂ ਦਾ ਸਮੁੱਚਾ ਸ਼ਾਨਦਾਰ ਸੁਧਾਰ ਸਿਫ਼ਰ ਹੋ ਜਾਵੇਗਾ ਅਤੇ ਮੁੱਢ ਤੋਂ ਇੱਕ ਵਾਰ ਫੇਰ ਸ਼ੁਰੂ ਕਰਨਾ ਪਵੇਗਾ। ਪਰ ਕਵੀ ਕਲਪਨਾ ਦੇ ਸੰਸਾਰ ਵਿੱਚ ਰਹਿੰਦੇ ਹਨ ਇਹੀ ਹਾਲ ਸ਼੍ਰੀ ਸਾਕਸ ਦਾ ਹੈ ਜਿਹੜਾ ਇਹ ਕਲਪਨਾ ਕਰਦਾ ਹੈ ਕਿ ਇੱਕ ਜ਼ਮੀਨ ਮਾਲਕ "ਆਰਥਕ ਅਜ਼ਾਦੀ ਦੇ ਸਭ ਤੋਂ ਉੱਚੇ ਪੜਾਅ ਉੱਤੇ ਪੁੱਜ" ਗਿਆ ਹੈ, ਕਿ ਉਹਨੂੰ "ਇੱਕ ਯਕੀਨੀ ਢੋਅ" ਮਿਲ ਗਈ ਹੈ, ਕਿ "ਉਹ ਇੱਕ ਸਰਮਾਏਦਾਰ ਬਣ ਜਾਵੇਗਾ ਅਤੇ ਉਸ ਸਾਖ ਕਰਕੇ ਜੋ ਉਹਦੀ ਅਸਲੀ ਜਾਇਦਾਦ ਉਸ ਲਈ ਪੈਦਾ ਕਰੇਗੀ, ਉਹਦੀ ਬੇਰੁਜ਼ਗਾਰੀ ਜਾਂ ਅੰਗ-ਹੀਣਤਾ ਦੇ ਖਤਰਿਆਂ ਤੋਂ ਰਾਖੀ ਹੋ ਸਕੇਗੀ" ਆਦਿ। ਸ਼੍ਰੀ ਸਾਕਸ ਨੂੰ ਫ਼ਰਾਂਸ ਦੇ ਅਤੇ ਸਾਡੇ ਆਪਣੇ ਰ੍ਹਾਈਨ ਦੇ ਨਿੱਕੇ ਕਿਸਾਨਾਂ ਉੱਤੇ ਝਾਤ ਮਾਰਨੀ ਚਾਹੀਦੀ ਹੈ। ਉਹਨਾਂ ਦੇ ਘਰ ਤੇ ਖੇਤ ਗਹਿਣੇ ਦੀਆਂ ਭਾਰੀ ਰਕਮਾਂ ਦੇ ਬੋਝ ਥੱਲੇ ਹਨ, ਉਹਨਾਂ ਦੀਆਂ ਫਸਲਾਂ ਵਾਢੀ ਤੋਂ ਪਹਿਲਾਂ ਹੀ ਉਹਨਾਂ ਦੇ ਕਰਜ਼ਦਾਰਾਂ ਦੇ ਬੋਝੇ ਪੈ ਜਾਂਦੀਆਂ ਹਨ ਅਤੇ ਉਹਨਾਂ ਦੀ "ਜ਼ਮੀਨ" ਉੱਤੇ ਖੁਦ-

ਮੁਖਤਿਆਰੀ ਨਾਲ਼ ਉਹ ਹਕੂਮਤ ਨਹੀਂ ਕਦੇ ਸਗੋਂ ਉਹ ਤਾਂ ਸੂਦਖੋਰ, ਵਕੀਲ ਤੇ ਬੈਲਫ਼ਾਂ ਦੀ ਹਕੂਮਤ ਹੁੰਦੀ ਹੈ। ਯਕੀਨੀ ਤੌਰ 'ਤੇ ਇਹ ਆਰਥਕ ਅਜ਼ਾਦੀ ਦੇ ਸਭ ਤੋਂ ਉੱਚੇ ਚਿਤਵੇ ਗਏ ਪੜਾਅ ਦੀ ਪ੍ਰਤੀਕ ਹੈ — ਪਰ ਹੈ ਸੂਦਖੋਰ ਲਈ ਅਤੇ ਇਸ ਗੱਲ ਲਈ ਕਿ ਮਜ਼ਦੂਰ ਆਪਣੇ ਨਿੱਕੇ ਘਰਾਂ ਨੂੰ ਸੂਦਖੋਰ ਦੀ ਪ੍ਰਭੁਤਾ ਥੱਲੇ ਜਿੰਨਾ ਛੇਤੀ ਤੋਂ ਛੇਤੀ ਹੋ ਸਕੇ, ਲਿਆਉਣ, ਸਾਡਾ ਚੰਗਾ ਸ਼੍ਰੀ ਸਾਕਸ ਬੜੀ ਸਾਵਧਾਨੀ ਨਾਲ਼ ਉਸ ਕਰਜ਼ੇ ਵੱਲ ਧਿਆਨ ਦੁਆਉਂਦਾ ਹੈ ਜੋ ਉਹਨਾਂ ਦੀ ਅਸਲੀ ਜਾਇਦਾਦ ਬੇਰੁਜ਼ਗਾਰੀ ਜਾਂ ਅੰਗਹੀਣਤਾ ਦੇ ਸਮਿਆਂ ਵਿੱਚ ਉਹਨਾਂ ਲਈ ਹਾਸਲ ਕਰ ਸਕਦੀ ਹੈ ਅਤੇ ਉਹ ਪੂਅਰ ਰੇਟ ਉੱਤੇ ਬੋਝ ਨਹੀਂ ਬਣਦੇ।

ਗੱਲ ਭਾਵੇਂ ਕੋਈ ਵੀ ਹੋਵੇ, ਸ਼੍ਰੀ ਸਾਕਸ ਨੇ ਸ਼ੁਰੂ ਵਿੱਚ ਉਠਾਏ ਗਏ ਸਵਾਲ ਨੂੰ ਹੱਲ ਕਰ ਲਿਆ ਹੈ: ਮਜ਼ਦੂਰ ਖੁਦ ਆਪਣਾ ਨਿੱਕਾ ਜਿਹਾ ਘਰ ਹਾਸਲ ਕਰਕੇ "ਇੱਕ ਸਰਮਾਏਦਾਰ ਬਣ ਜਾਂਦਾ ਹੈ।"

"ਪੂੰਜੀ ਬਿਨਾਂ ਅਦਾਇਗੀ ਕੀਤੀ ਕਿਰਤ ਉੱਤੇ ਕਮਾਈ ਕਰਨ ਦਾ ਨਾਂ ਹੈ। ਇੱਕ ਮਜ਼ਦੂਰ ਦਾ ਨਿੱਕਾ ਜਿਹਾ ਘਰ ਉਦੋਂ ਹੀ ਪੂੰਜੀ ਬਣ ਸਕਦਾ ਹੈ ਜਦੋਂ ਉਹ ਇਹਨੂੰ ਕਿਸੇ ਤੀਜੇ ਆਦਮੀ ਨੂੰ ਕਿਰਾਏ ਉੱਤੇ ਦਿੰਦਾ ਹੈ ਅਤੇ ਕਿਰਾਏ ਦੇ ਰੂਪ ਵਿੱਚ ਇਸ ਤੀਜੇ ਆਦਮੀ ਦੀ ਕਿਰਤ ਦੀ ਉਪਜ ਦਾ ਇੱਕ ਭਾਗ ਹੜੱਪ ਕਰ ਲੈਂਦਾ ਹੈ। ਪਰ ਘਰ ਐਨ ਇਸੇ ਤੱਥ ਕਾਰਨ ਪੂੰਜੀ ਨਹੀਂ ਬਣਦਾ ਕਿ ਮਜ਼ਦੂਰ ਆਪ ਉਸ ਵਿੱਚ ਰਹਿੰਦਾ ਹੈ, ਜਿਵੇਂ ਕਿ ਇੱਕ ਕੋਟ ਉਸ ਸਮੇਂ ਪੂੰਜੀ ਨਹੀਂ ਰਹਿੰਦਾ ਜਦੋਂ ਉਹ ਇਹਨੂੰ ਦਰਜ਼ੀ ਤੋਂ ਖਰੀਦ ਲੈਂਦਾ ਹੈ ਅਤੇ ਪਹਿਨ ਲੈਂਦਾ ਹੈ। ਉਹ ਮਜ਼ਦੂਰ ਜਿਹੜਾ ਇੱਕ ਹਜ਼ਾਰ ਟਾਲੇਰਜ਼ ਦੇ ਮੁੱਲ ਦੇ ਨਿੱਕੇ ਜਿਹੇ ਘਰ ਦਾ ਮਾਲਕ ਹੈ, ਸੱਚ ਹੈ ਕਿ ਹੁਣ ਪ੍ਰੋਲੇਤਾਰੀ ਨਹੀਂ ਰਿਹਾ, ਪਰ ਇਹ ਕੰਮ ਸ਼੍ਰੀ ਸਾਕਸ ਦਾ ਹੈ ਕਿ ਉਹਨੂੰ ਇੱਕ ਸਰਮਾਏਦਾਰ ਆਖਿਆ ਜਾਵੇ।

ਪਰ ਸਾਡੇ ਮਜ਼ਦੂਰ ਦੇ ਲੱਗੀ ਇਹ ਸਰਮਾਏਦਾਰ ਦੀ ਪੂਛ ਦਾ ਇੱਕ ਹੋਰ ਪੱਖ ਵੀ ਹੈ। ਆਓ ਅਸੀਂ ਫ਼ਰਜ਼ ਕਰੀਏ ਕਿ ਕਿਸੇ ਖਾਸ ਸਨਅਤੀ ਇਲਾਕੇ ਵਿੱਚ ਇਹ ਗੱਲ ਆਮ ਹੋ ਗਈ ਹੈ ਕਿ ਹਰ ਇੱਕ ਮਜ਼ਦੂਰ ਦਾ ਆਪਣਾ ਨਿੱਕਾ ਜਿਹਾ ਘਰ ਹੈ। ਇਸ ਮਾਮਲੇ ਵਿੱਚ ਉਸ ਇਲਾਕੇ ਦੀ ਮਜ਼ਦੂਰ ਜਮਾਤ ਬਿਨਾਂ ਕੋਈ ਕਿਰਾਇਆ ਦਿੱਤੇ ਰਹਿ ਰਹੀ ਹੈ; ਰਿਹਾਇਸ਼ੀ ਘਰ ਦੇ ਖਰਚੇ ਹੁਣ ਉਹਦੀ ਕਿਰਤ ਸ਼ਕਤੀ ਦੀ ਕਦਰ ਵਿੱਚ ਸ਼ਾਮਲ ਨਹੀਂ ਹੁੰਦੇ। ਕਿਰਤ ਸ਼ਕਤੀ ਦੀ ਪੈਦਾਵਾਰ ਦੇ ਖਰਚੇ ਵਿੱਚ ਹੋਈ ਹਰ ਕਟੌਤੀ ਭਾਵ ਮਜ਼ਦੂਰ ਦੀਆਂ ਜੀਵਨ ਲਈ ਲੋੜੀਂਦੀਆਂ ਚੀਜ਼ਾਂ ਵਿੱਚ ਕੀਮਤਾਂ ਦੀ ਹਰ ਸਥਾਈ ਕਟੌਤੀ "ਕੌਮੀ ਆਰਥਕਤਾ ਦੇ ਸਿਧਾਂਤ ਦੇ ਲੋਹ-ਕਾਨੂੰਨਾਂ ਦੇ ਅਧਾਰ ਉੱਤੇ" ਕਿਰਤ ਸ਼ਕਤੀ ਦੀ ਕਦਰ ਵਿੱਚ ਕਮੀਂ ਦੇ ਬਰਾਬਰ ਹੁੰਦੀ ਹੈ ਅਤੇ ਇਸੇ ਲਈ ਇਹਦਾ ਆਖਰੀ ਨਤੀਜਾ ਉਜਰਤਾਂ ਵਿੱਚ ਬਰਾਬਰ ਦੀ ਕਮੀ ਹੋ ਜਾਣ ਦੇ ਰੂਪ ਵਿੱਚ ਨਿਕਲੇਗਾ। ਇਸ ਤਰ੍ਹਾਂ ਉਜਰਤਾਂ ਔਸਤਨ ਉਨੀਆਂ ਹੀ ਘੱਟ ਜਾਣਗੀਆਂ ਜਿੰਨੀ ਔਸਤ ਰਕਮ ਦੀ ਕਿਰਾਏ ਵਿੱਚ ਬੱਚਤ ਹੋਵੇਗੀ, ਭਾਵ ਮਜ਼ਦੂਰ ਆਪਣੇ ਘਰ ਦਾ ਕਿਰਾਇਆ ਆਪ ਹੀ ਅਦਾ ਕਰੇਗਾ, ਪਰ ਪਹਿਲਾਂ ਵਾਂਗ ਘਰ ਦੇ ਮਾਲਕ ਨੂੰ ਧਨ ਦੇਣ ਦੇ ਰੂਪ ਵਿੱਚ ਨਹੀਂ ਸਗੋਂ ਉਸ ਫੈਕਟਰੀ ਮਾਲਕ ਨੂੰ ਜਿਸ ਕੋਲ਼ ਉਹ ਕੰਮ ਕਰਦਾ ਹੈ, ਅਦਾਇਗੀ ਤੋਂ ਬਿਨਾਂ

ਕਿਰਤ ਦੇ ਰੂਪ ਵਿੱਚ ਅਦਾ ਕਰੇਗਾ। ਇਸ ਤਰ੍ਹਾਂ ਉਹਦੇ ਨਿੱਕੇ ਜਿਹੇ ਘਰ ਵਿੱਚ ਮਜ਼ਦੂਰ ਵੱਲੋਂ ਆਪਣੀ ਬੱਚਤ ਦੀ ਕੀਤੀ ਗਈ ਲਾਗਤ ਇੱਕ ਤਰ੍ਹਾਂ ਨਾਲ਼ ਪੂੰਜੀ ਬਣ ਜਾਵੇਗੀ, ਪਰ ਇਹ ਪੂੰਜੀ ਉਹਦੇ ਲਈ ਨਹੀਂ ਸਗੋਂ ਉਹਨੂੰ ਨੌਕਰ ਰੱਖਣ ਵਾਲ਼ੇ ਸਰਮਾਏਦਾਰ ਲਈ ਹੋਵੇਗੀ।

ਇਸ ਤਰ੍ਹਾਂ ਸ਼੍ਰੀ ਸਾਕਸ ਵਿੱਚ ਇਹ ਸਮਰੱਥਾ ਨਹੀਂ ਕਿ ਉਹ ਕਾਗਜ਼ ਉੱਤੇ ਵੀ, ਆਪਣੇ ਮਜ਼ਦੂਰ ਨੂੰ ਸਰਮਾਏਦਾਰ ਬਣਾ ਸਕੇ।

ਸਬੱਬੀ ਤੌਰ 'ਤੇ ਜੋ ਕੁੱਝ ਉੱਪਰ ਆਖਿਆ ਗਿਆ ਹੈ, ਸਾਰੇ ਕਥਿਤ ਸਮਾਜਕ ਸੁਧਾਰਾਂ ਉੱਤੇ ਲਾਗੂ ਹੁੰਦਾ ਹੈ ਜਿਨ੍ਹਾਂ ਨੂੰ ਬੱਚਤ ਦੀਆਂ ਸਕੀਮਾਂ ਤੱਕ ਜਾਂ ਮਜ਼ਦੂਰ ਦੇ ਜੀਊਣ ਦੇ ਸਾਧਨਾਂ ਨੂੰ ਸਸਤਾ ਕਰਨ ਤੱਕ ਲਿਆਂਦਾ ਜਾ ਸਕਦਾ ਹੈ। ਜਾਂ ਤਾਂ ਉਹ ਆਮ ਹੋ ਜਾਂਦੇ ਹਨ ਤੇ ਫੇਰ ਉਹਨਾਂ ਦੇ ਬਰਾਬਰ ਦੀ ਕਟੌਤੀ ਉਜਰਤਾਂ ਵਿੱਚ ਹੋ ਜਾਂਦੀ ਹੈ ਜਾਂ ਉਹ ਇੱਕਾਦੁਕਾ ਤਜ਼ਰਬੇ ਬਣ ਕੇ ਰਹਿ ਜਾਂਦੇ ਹਨ ਅਤੇ ਫੇਰ ਇੱਕਾਦੁਕਾ ਛੋਟਾਂ ਵਜੋਂ ਉਹਨਾਂ ਦੀ ਹੋਂਦ ਹੀ ਇਹ ਸਿੱਧ ਕਰ ਦਿੰਦੀ ਹੈ ਕਿ ਵਿਸ਼ਾਲ ਪੈਮਾਨੇ ਉੱਤੇ ਉਹਨਾਂ ਦੀ ਪ੍ਰਾਪਤੀ ਪੈਦਾਵਰ ਦੇ ਮੌਜੂਦ ਪੂੰਜੀਵਾਦੀ ਢੰਗ ਨਾਲ਼ ਮੇਲ ਨਹੀਂ ਖਾਂਦੀ। ਆਓ! ਅਸੀਂ ਇਹ ਫ਼ਰਜ਼ ਕਰ ਲਈਏ ਕਿ ਇੱਕ ਖਾਸ ਇਲਾਕੇ ਵਿੱਚ ਖਪਤਕਾਰਾਂ ਦੀਆਂ ਸਹਿਕਾਰੀ ਸਭਾਵਾਂ ਆਮ ਤੌਰ 'ਤੇ ਚਾਲੂ ਕਰਨ ਨਾਲ਼ ਮਜ਼ਦੂਰਾਂ ਲਈ ਜੀਊਣ ਦੇ ਸਾਧਨਾਂ ਦੇ ਖਰਚੇ ਵਿੱਚ 20 ਫੀਸਦੀ ਕਟੌਤੀ ਕਰਨ ਵਿੱਚ ਸਫ਼ਲਤਾ ਮਿਲ ਜਾਂਦੀ ਹੈ। ਇਸ ਲਈ ਉਸ ਇਲਾਕੇ ਵਿੱਚ ਲੰਮੇ ਸਮੇਂ ਵਿਚ ਉਜਰਤਾਂ ਲਗਭਗ 20 ਫੀਸਦੀ ਘੱਟ ਜਾਣਗੀਆਂ, ਭਾਵ ਉਸੇ ਨਿਸਬਤ ਵਿੱਚ ਘੱਟ ਜਾਣਗੀਆਂ ਜਿਵੇਂ ਜੀਊਣ ਦੇ ਸਾਧਨਾਂ ਦਾ ਸਵਾਲ ਮਜ਼ਦੂਰਾਂ ਦੇ ਬਜਟ ਵਿੱਚ ਸ਼ਾਮਲ ਹੁੰਦਾ ਹੈ। ਮਿਸਾਲ ਵਜੋਂ, ਜੇਕਰ ਇੱਕ ਮਜ਼ਦੂਰ ਆਪਣੀ ਹਫ਼ਤੇਵਾਰ ਉਜਰਤ ਦਾ 3/4 ਹਿੱਸਾ ਜੀਊਣ ਦੇ ਸਾਧਨਾਂ ਉੱਤੇ ਖਰਚ ਕਰਦਾ ਹੈ, ਤਾਂ ਅਖੀਰ ਵਿੱਚ ਜਾ ਕੇ ਉਜਰਤਾਂ ਵਿੱਚ $3/4 \times 20 = 15$ ਫੀਸਦੀ ਕਟੌਤੀ ਹੋ ਜਾਵੇਗੀ। ਗੱਲ ਕੀ, ਜਿਉਂ ਹੀ ਬੱਚਤ ਦਾ ਅਜਿਹਾ ਸੁਧਾਰ ਆਮ ਹੋ ਜਾਂਦਾ ਹੈ, ਮਜ਼ਦੂਰਾਂ ਦੀਆਂ ਉਜਰਤਾਂ ਓਨੀਆਂ ਹੀ ਘੱਟ ਜਾਣਗੀਆਂ ਜਿੰਨਾ ਉਹਨਾਂ ਦੀਆਂ ਬੱਚਤਾਂ ਉਹਨੂੰ ਸਸਤਾ ਜੀਊਣਾ ਸੰਭਵ ਬਣਾਉਂਦੀਆਂ ਹਨ। ਹਰ ਇੱਕ ਮਜ਼ਦੂਰ ਨੂੰ 52 ਟਾਲੇਰਜ਼ ਦੀ ਅਜ਼ਾਦ ਆਮਦਨੀ ਜੋ ਉਹਨੇ ਬੱਚਤ ਵਿੱਚੋਂ ਹਾਸਲ ਕੀਤੀ ਹੋਵੇ, ਦੇ ਦਿਓ ਅਤੇ ਉਹਦੀ ਹਫ਼ਤੇਵਾਰ ਉਜਰਤ ਅਖੀਰ ਵਿੱਚ, ਲਾਜ਼ਮੀ ਤੌਰ 'ਤੇ ਇੱਕ ਟਾਲੇਰ ਘੱਟ ਹੋ ਜਾਵੇਗੀ। ਇਸ ਲਈ ਜਿੰਨੀ ਵੱਧ ਉਹ ਬੱਚਤ ਕਰਦਾ ਹੈ, ਉਨੀ ਹੀ ਘੱਟ ਉਹਨੂੰ ਉਜਰਤ ਮਿਲੇਗੀ। ਇਸ ਲਈ ਉਹ ਖੁਦ ਆਪਣੇ ਹਿੱਤ ਵਿੱਚ ਨਹੀਂ ਸਗੋਂ ਸਰਮਾਏਦਾਰ ਦੇ ਹਿੱਤ ਵਿੱਚ ਬੱਚਤ ਕਰਦਾ ਹੈ। ਉਸ ਵਿੱਚ.... "ਸਭ ਤੋਂ ਸ਼ਕਤੀਸ਼ਾਲੀ ਢੰਗ ਨਾਲ਼... ਮੁੱਢਲਾ ਆਰਥਕ ਗੁਣ, ਬੱਚਤ" "ਉਤਸ਼ਾਹਤ ਕਰਨ ਲਈ" ਹੋਰ ਕਿਹੜੀ ਚੀਜ਼ ਦੀ ਲੋੜ ਹੈ ? (ਪੰਨਾ-64)

ਇਸ ਤੋਂ ਉਪਰੰਤ ਸ਼੍ਰੀ ਸਾਕਸ ਸਾਨੂੰ ਤੁਰੰਤ ਹੀ ਮਗਰੋਂ ਇਹ ਦੱਸਦਾ ਹੈ ਕਿ ਮਜ਼ਦੂਰਾਂ ਨੇ ਇੰਨਾਂ ਖੁਦ ਆਪਣੇ ਹਿੱਤ ਵਿੱਚ ਨਹੀਂ ਜਿੰਨਾ ਸਰਮਾਏਦਾਰਾਂ ਦੇ ਹਿੱਤ ਵਿੱਚ ਮਾਲਕ-ਮਕਾਨ ਬਣਨਾ ਹੈ:

"ਪਰ ਕੇਵਲ ਮਜ਼ਦੂਰ ਜਮਾਤ ਨੂੰ ਹੀ ਨਹੀਂ ਸਗੋਂ ਸਮੁੱਚੇ ਸਮਾਜ ਨੂੰ ਇਸ ਗੱਲ

ਵਿੱਚ ਬਹੁਤ ਵੱਡੀ ਦਿਲਚਸਪੀ ਹੁੰਦੀ ਹੈ ਕਿ ਉਹਦੇ ਵੱਧ ਤੋਂ ਵੱਧ ਸੰਭਵ ਗਿਣਤੀ ਵਿੱਚ ਮੈਂਬਰ ਜ਼ਮੀਨ ਨਾਲ਼ ਬੱਝ ( ! ) ਜਾਣ" (ਮੈਂ ਸ਼੍ਰੀ ਸਾਕਸ ਨੂੰ, ਭਾਵੇਂ ਇੱਕ ਵਾਰ ਹੀ ਸਹੀ, ਇਸ ਪੋਜੀਸ਼ਨ ਵਿੱਚ ਵੇਖਣਾ ਚਾਹੁੰਦਾ ਹਾਂ)। "...ਉਹ ਸਾਰੀਆਂ ਗੁਪਤ ਤਾਕਤਾਂ ਜੋ ਸਮਾਜਕ ਸਵਾਲ ਨਾਂ ਦੇ ਜੁਆਲਾਮੁਖੀ ਨੂੰ ਅੱਗ ਲਾਉਂਦੀਆਂ ਹਨ, ਜਿਹੜਾ ਕਿ ਸਾਡੇ ਪੈਰਾਂ ਹੇਠ ਦਘ ਰਿਹਾ ਹੈ, ਪ੍ਰੋਲੇਤਾਰੀ ਕੁੜੱਤਣ, ਨਫ਼ਰਤ... ਵਿਚਾਰਾਂ ਦਾ ਖ਼ਤਰਨਾਕ ਘਚੋਲਾ... ਇਹ ਸਭ ਕੁੱਝ ਸਵੇਰ ਦੇ ਸੂਰਜ ਸਾਹਮਣੇ ਧੁੰਦ ਵਾਂਗ ਅਲੋਪ ਹੋ ਜਾਣਾ ਚਾਹੀਦਾ ਹੈ ਜਦੋਂ.... ਖ਼ੁਦ ਮਜ਼ਦੂਰ ਇਸ ਢੰਗ ਨਾਲ਼ ਜਾਇਦਾਦ ਦੀਆਂ ਮਾਲਕ ਜਮਾਤਾਂ ਦੀਆਂ ਸਫ਼ਾਂ ਵਿੱਚ ਦਾਖਲ ਹੋ ਜਾਂਦੇ ਹਨ।" (ਪੰਨਾ-65)

ਦੂਜੇ ਸ਼ਬਦਾਂ ਵਿੱਚ ਸ਼੍ਰੀ ਸਾਕਸ ਨੂੰ ਆਸ ਹੈ ਕਿ ਉਹਨਾਂ ਦੇ ਪ੍ਰੋਲੇਤਾਰੀ ਰੁਤਬੇ ਵਿੱਚ ਤਬਦੀਲੀ ਨਾਲ਼, ਜੋ ਕਿ ਇੱਕ ਘਰ ਦੀ ਪ੍ਰਾਪਤੀ ਵੱਲੋਂ ਲਿਆਂਦੀ ਜਾਵੇਗੀ, ਮਜ਼ਦੂਰ ਆਪਣਾ ਪ੍ਰੋਲੇਤਾਰੀ ਲੱਛਣ ਵੀ ਗੁਆ ਬੈਠਣਗੇ ਅਤੇ ਆਪਣੇ ਪੁਰਖਿਆਂ ਵਾਂਗ ਜਿਹੜੇ ਆਪ ਵੀ ਮਾਲਕ-ਮਕਾਨ ਹੁੰਦੇ ਸਨ, ਇੱਕ ਵਾਰ ਫੇਰ ਆਗਿਆਕਾਰ ਟੋਡੀ ਬਣ ਜਾਣਗੇ। ਪਰੂਧੋਂਵਾਦੀਆਂ ਨੂੰ ਇਹ ਗੱਲ ਭਵਿੱਖੀ ਅਗਵਾਈ ਲਈ ਚੇਤੇ ਰੱਖਣੀ ਚਾਹੀਦੀ ਹੈ।

ਸ਼੍ਰੀ ਸਾਕਸ ਨੂੰ ਵਿਸ਼ਵਾਸ ਹੈ ਕਿ ਇਸ ਨਾਲ਼ ਉਹਨੇ ਸਮਾਜਕ ਸਵਾਲ ਹੱਲ ਕਰ ਲਿਆ ਹੈ:

"ਚੀਜ਼ਾਂ ਦੀ ਵਧੇਰੇ ਇਨਸਾਫ਼ੀ ਵੰਡ, ਸਫੀਨਿਕਾਸ ਦੀ ਅੜਾਉਣੀ ਜਿਸ ਨੂੰ ਬਹੁਤ ਸਾਰੇ ਲੋਕਾਂ ਨੇ ਹੁਣ ਤੱਕ ਸੁਲਝਾਉਣ ਦਾ ਅਸਫਲ ਯਤਨ ਕੀਤਾ ਹੈ, ਕੀ ਹੁਣ ਇਹ ਸਾਡੇ ਸਾਹਮਣੇ ਇੱਕ ਨਿੱਗਰ ਤੱਥ ਬਣੀ ਨਹੀਂ ਪਈ, ਕੀ ਇਸ ਤਰ੍ਹਾਂ ਇਹਨੂੰ ਆਦਰਸ਼ਾਂ ਦੀਆਂ ਹੱਦਾਂ ਵਿੱਚੋਂ ਕੱਢ ਕੇ ਅਸਲੀਅਤ ਦੇ ਸੰਸਾਰ ਵਿੱਚ ਨਹੀਂ ਲਿਆਂਦਾ ਗਿਆ ? ਅਤੇ ਜੇ ਕਰ ਇਹਨੂੰ ਨੇਪਰੇ ਚਾੜ੍ਹਿਆ ਜਾਵੇ ਤਾਂ ਕੀ ਇਹਦਾ ਅਰਥ ਸਭ ਤੋਂ ਉੱਚੇ ਮੰਤਵਾਂ ਵਿੱਚੋਂ ਇੱਕ ਦੀ ਪ੍ਰਾਪਤੀ ਨਹੀਂ ਬਣੇਗਾ, ਅਜਿਹਾ ਮੰਤਵ ਜੀਹਨੂੰ ਸਭ ਤੋਂ ਸਿਰੇ ਦੇ ਰੁਝਾਨ ਵਾਲ਼ੇ ਸੋਸ਼ਲਿਸ਼ਟ ਵੀ ਆਪਣੇ ਸਿਧਾਂਤਾਂ ਦੇ ਸਿਖਰੀ ਨੁਕਤੇ ਵਜੋਂ ਪੇਸ਼ ਕਰਦੇ ਹਨ ?" (ਪੰਨਾ-66)

ਇਹ ਗੱਲ ਅਸਲੋਂ ਹੀ ਚੰਗੇ ਭਾਗਾਂ ਵਾਲ਼ੀ ਹੈ ਕਿ ਅਸੀਂ ਇੱਥੋਂ ਤੱਕ ਆ ਗਏ ਹਾਂ ਕਿਉਂਕਿ ਜਿੱਤ ਦਾ ਇਹ ਨਾਅਰਾ ਸਾਕਸ ਦੀ ਕਿਤਾਬ ਦੀ "ਸਿਖਰ" ਹੈ। ਇਸ ਤੋਂ ਅੱਗੇ ਅਸੀਂ ਇੱਕ ਵਾਰ ਫੇਰ ਵਧੇਰੇ ਧੀਮੇ ਰੂਪ ਵਿੱਚ "ਆਦਰਸ਼ਾਂ ਦੇ ਖੇਤਰਾਂ" ਤੋਂ ਪੱਧਰ ਅਸਲੀਅਤ ਵਿੱਚ ਜਾ ਉਤਰਾਂਗੇ ਅਤੇ ਜਦੋਂ ਅਸੀਂ ਹੇਠਾਂ ਉੱਤਰ ਆਵਾਂਗੇ ਤਾਂ ਸਾਨੂੰ ਪਤਾ ਲੱਗੇਗਾ ਕਿ ਸਾਡੀ ਗੈਰ-ਹਾਜ਼ਰੀ ਵਿੱਚ ਉੱਕਾ ਹੀ ਕੋਈ ਤਬਦੀਲੀ ਨਹੀਂ ਵਾਪਰੀ।

ਸਾਡਾ ਗਾਈਡ ਸਾਨੂੰ ਇਹ ਸੂਚਨਾ ਦੇ ਕੇ ਇੱਕ ਕਦਮ ਹੇਠਾਂ ਲੈ ਆਉਂਦਾ ਹੈ ਕਿ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੀਆਂ ਦੋ ਪ੍ਰਣਾਲੀਆਂ ਮੌਜੂਦ ਹਨ : ਕਾਟੇਜ ਪ੍ਰਣਾਲੀ ਜਿਸ ਵਿੱਚ ਹਰ ਇੱਕ ਮਜ਼ਦੂਰ ਜਮਾਤ ਟੱਬਰ ਦਾ ਆਪਣਾ ਨਿੱਕਾ ਜਿਹਾ ਘਰ ਹੁੰਦਾ ਹੈ ਤੇ ਜੇ ਸੰਭਵ ਹੋਵੇ ਤਾਂ ਨਿੱਕਾ ਜਿਹਾ ਬਾਗ ਵੀ ਹੁੰਦਾ ਹੈ, ਜਿਵੇਂ ਕਿ ਇੰਗਲੈਂਡ ਵਿੱਚ ਹੈ; ਅਤੇ ਬਾਰਕ ਪ੍ਰਣਾਲੀ ਜਿਸ ਵੱਡੇ ਵੱਡੇ ਕਮਰਿਆਂ ਵਾਲ਼ੇ ਘਰ ਹੁੰਦੇ ਹਨ ਜਿਨ੍ਹਾਂ ਵਿੱਚ ਬਹੁਤ ਸਾਰੇ ਮਜ਼ਦੂਰਾਂ

ਦੇ ਰਿਹਾਇਸ਼ ਘਰ ਹੁੰਦੇ ਹਨ, ਜਿਵੇਂ ਕਿ ਪੈਰਿਸ ਅਤੇ ਵੀਆਨਾ ਵਿੱਚ ਹੈ। ਇਹਨਾਂ ਦੋਵਾਂ ਪ੍ਰਣਾਲੀਆਂ ਦੇ ਵਿਚਕਾਰ ਇੱਕ ਹੋਰ ਪ੍ਰਣਾਲੀ ਹੈ ਜੋ ਉੱਤਰੀ ਜਰਮਨੀ ਵਿੱਚ ਪ੍ਰਚੱਲਿਤ ਹੈ। ਹੁਣ ਇਹ ਗੱਲ ਤਾਂ ਸੱਚੀ ਹੈ ਕਿ ਉਹ ਸਾਨੂੰ ਇਹ ਦੱਸਦਾ ਹੈ ਕਿ ਕਾਟੇਜ ਪ੍ਰਣਾਲੀ ਹੀ ਇੱਕੋ ਇੱਕ ਠੀਕ ਪ੍ਰਣਾਲੀ ਹੈ, ਇੱਕੋ ਇੱਕ ਅਜਿਹੀ ਪ੍ਰਣਾਲੀ ਜਿਸ ਰਾਹੀਂ ਮਜ਼ਦੂਰ ਖ਼ੁਦ ਆਪਣੇ ਘਰ ਦੀ ਮਾਲਕੀ ਹਾਸਲ ਕਰ ਸਕਦਾ ਹੈ; ਇਸ ਤੋਂ ਇਲਾਵਾ ਉਹ ਦਲੀਲ ਦਿੰਦਾ ਹੈ ਕਿ ਬਾਰਕ ਪ੍ਰਣਾਲੀ ਸਫਾਈ, ਸਦਾਚਾਰ ਤੇ ਘਰੇਲੂ ਸ਼ਾਂਤੀ ਦੇ ਪੱਖੋਂ ਬਹੁਤ ਹੀ ਜ਼ਿਆਦਾ ਨੁਕਸਦਾਰ ਹੈ। ਪਰ, ਅਫਸੋਸ, ਸਦ ਅਫਸੋਸ! ਉਹ ਆਖਦਾ ਹੈ ਕਿ ਕਾਟੇਜ ਪ੍ਰਣਾਲੀ ਘਰਾਂ ਦੀ ਘਾਟ ਦੇ ਕੇਂਦਰਾਂ ਵਿੱਚ, ਵੱਡੇ ਸ਼ਹਿਰਾਂ ਵਿੱਚ, ਜ਼ਮੀਨ ਦੀ ਉੱਚੀ ਕੀਮਤ ਕਰਕੇ ਪ੍ਰਾਪਤੀਯੋਗ ਨਹੀਂ ਅਤੇ ਇਸੇ ਲਈ ਇਸ ਗੱਲ ਉੱਤੇ ਹੀ ਖੁਸ਼ੀ ਹੋਣੀ ਚਾਹੀਦੀ ਹੈ ਜੇ ਕਰ ਅਜਿਹੇ ਘਰਾਂ ਦੀ ਉਸਾਰੀ ਕੀਤੀ ਜਾਵੇ ਜਿਨ੍ਹਾਂ ਵਿੱਚ ਵੱਡੀਆਂ ਬਾਰਕਾਂ ਦੀ ਥਾਂ ਉੱਤੇ ਚਾਰ ਤੋਂ ਛੇ ਫ਼ਲੈਟ ਵਾਲ਼ੇ ਘਰ ਹੋਣ ਜਾਂ ਜੇਕਰ ਬਾਰਕ ਪ੍ਰਣਾਲੀ ਦੀਆਂ ਮੁੱਖ ਘਾਟਾਂ–ਉਸਾਰੀ ਦੀਆਂ ਵੱਖ ਵੱਖ ਦੇਸੀ ਜੁਗਤਾਂ ਰਾਹੀਂ ਦੂਰ ਕੀਤੀਆਂ ਜਾਣ। (ਪੰਨੇ–71–92)

ਅਸੀਂ ਹੁਣ ਤੱਕ ਕਾਫ਼ੀ ਹੇਠਾਂ ਉੱਤਰ ਆਏ ਹਾਂ, ਕੀ ਅਸੀਂ ਨਹੀਂ ਉੱਤਰ ਆਏ ? ਮਜ਼ਦੂਰਾਂ ਨੂੰ ਸਰਮਾਏਦਾਰਾਂ ਵਿੱਚ ਬਦਲ ਦੇਣਾ, ਸਮਾਜਕ ਸਵਾਲ ਦਾ ਹੱਲ ਕਰਨਾ, ਹਰ ਇੱਕ ਮਜ਼ਦੂਰ ਨੂੰ ਉਹਦਾ ਆਪਣਾ ਘਰ ਦੇ ਦੇਣਾ — ਇਹ ਸਾਰੀਆਂ ਗੱਲਾਂ ਪਿੱਛੇ, ਦੂਰ ਉੱਪਰ "ਆਦਰਸ਼ਾਂ ਦੇ ਖੇਤਰਾਂ ਵਿੱਚ" ਛੱਡ ਦਿੱਤੀਆਂ ਗਈਆਂ ਹਨ। ਹੁਣ ਸਾਡੇ ਕਰਨ ਦੀ ਸਾਰੀ ਗੱਲ ਇਹੋ ਰਹਿ ਗਈ ਹੈ ਕਿ ਪੇਂਡੂ ਇਲਾਕੇ ਵਿੱਚ ਕਾਟੇਜ ਪ੍ਰਣਾਲੀ ਸ਼ੁਰੂ ਕੀਤੀ ਜਾਵੇ ਅਤੇ ਸ਼ਹਿਰਾਂ ਵਿੱਚ ਮਜ਼ਦੂਰ ਦੀਆਂ ਬਾਰਕਾਂ ਨੂੰ ਜਿੰਨਾ ਸੰਭਵ ਹੋਵੇ, ਸਹਿਣ–ਯੋਗ ਬਣਾਇਆ ਜਾਵੇ।

ਇਸ ਲਈ ਉਹਦੇ ਆਪਣੇ ਮੰਨਣ ਅਨੁਸਾਰ ਘਰਾਂ ਦੇ ਸਵਾਲ ਦਾ ਬੁਰਜੂਆ ਹੱਲ ਮੁਸ਼ਕਿਲ ਵਿੱਚ ਫਸ ਗਿਆ ਹੈ — ਇਹ ਸ਼ਹਿਰ ਤੇ ਪਿੰਡ ਵਿਚਕਾਰ ਪਾੜੇ ਕਾਰਨ ਮੁਸ਼ਕਿਲ ਵਿੱਚ ਫਸ ਗਿਆ ਹੈ ਅਤੇ ਇਹਦੇ ਨਾਲ਼ ਅਸੀਂ ਸਮੱਸਿਆ ਦੀ ਅਹਿਮੀਅਤ ਉੱਤੇ ਪੁੱਜ ਗਏ ਹਾਂ। ਘਰ ਦਾ ਸਵਾਲ ਕੇਵਲ ਉਦੋਂ ਹੀ ਹੱਲ ਕੀਤਾ ਜਾ ਸਕਦਾ ਹੈ ਜਦੋਂ ਸਮਾਜ ਵਿੱਚ ਇੰਨੀ ਕਾਫ਼ੀ ਤਬਦੀਲੀ ਹੋ ਚੁੱਕੀ ਹੋਵੇ ਕਿ ਸ਼ਹਿਰ ਤੇ ਪਿੰਡ ਵਿਚਕਾਰ ਫ਼ਰਕ ਦੇ ਖਾਤਮੇ ਵੱਲ ਕੰਮ ਆਰੰਭ ਕੀਤਾ ਜਾ ਸਕੇ, ਜਿਹੜਾ ਫ਼ਰਕ ਅਜੋਕੇ ਪੂੰਜੀਵਾਦੀ ਸਮਾਜ ਨੇ ਉਹਦੇ ਸਿਰੇ ਦੇ ਨੁਕਤੇ ਤੱਕ ਲੈ ਆਉਂਦਾ ਹੈ। ਇਸ ਵਖਰੇਵੇਂ ਨੂੰ ਖਤਮ ਕਰਨ ਦੀ ਗੱਲ ਤਾਂ ਕਿਤੇ ਰਹੀ, ਇਹਦੇ ਉਲਟ ਪੂੰਜੀਵਾਦੀ ਸਮਾਜ ਇਹਨੂੰ ਦਿਨੋ ਦਿਨ ਤਿੱਖਾ ਕਰਨ ਉੱਤੇ ਮਜਬੂਰ ਹੋ ਗਿਆ ਹੈ। ਦੂਜੇ ਪਾਸੇ ਪਹਿਲੇ ਆਧੁਨਿਕ ਯੂਟੋਪੀਆਈ ਸੋਸ਼ਲਿਸਟਾਂ, ਓਵੇਨ ਤੇ ਫੂਰੀਅਰ, ਨੇ ਇਹਨੂੰ ਦਰੁਸਤ–ਰੂਪ ਵਿੱਚ ਸਮਝ ਲਿਆ ਹੈ। ਉਹਨਾਂ ਦੀਆਂ ਨਮੂਨੇ ਦੀਆਂ ਬਣਤਰਾਂ ਵਿੱਚ ਹੁਣ ਸ਼ਹਿਰ ਤੇ ਪਿੰਡ ਵਿਚਕਾਰ ਕੋਈ ਪਾੜਾ ਮੌਜੂਦ ਨਹੀਂ ਹੈ। ਨਤੀਜੇ ਵਜੋਂ, ਉਸ ਨਾਲ਼ੋਂ ਬਿਲਕੁੱਲ ਹੀ ਉਲਟ ਗੱਲ ਵਾਪਰਦੀ ਹੈ ਜਿਸ ਦਾ ਸ਼੍ਰੀ ਸਾਕਸ ਦਾਅਵਾ ਕਰਦਾ ਹੈ; ਗੱਲ ਇਹ ਨਹੀਂ ਹੈ ਕਿ ਘਰਾਂ ਦੇ ਸਵਾਲ ਦੇ ਹੱਲ ਦੇ ਨਾਲ਼ ਹੀ ਸਮਾਜਕ ਸਵਾਲ ਵੀ ਹੱਲ ਹੋ ਜਾਂਦਾ ਹੈ, ਸਗੋਂ ਗੱਲ

ਇਹ ਹੈ ਕਿ ਕੇਵਲ ਸਮਾਜਕ ਸਵਾਲ ਦੇ ਹੱਲ ਨਾਲ਼, ਭਾਵ ਪੈਦਾਵਾਰ ਦੇ ਪੂੰਜੀਵਾਦੀ ਢੰਗ ਦੇ ਖਾਤਮੇਂ ਨਾਲ਼ ਘਰਾਂ ਦੇ ਸਵਾਲ ਦਾ ਹੱਲ ਸੰਭਵ ਹੋ ਜਾਂਦਾ ਹੈ। ਘਰਾਂ ਦੇ ਸਵਾਲ ਨੂੰ ਹੱਲ ਕਰਨ ਦੀ ਖਾਹਿਸ਼ ਰੱਖਣਾ ਅਤੇ ਇਹਦੇ ਨਾਲ਼ ਹੀ ਆਧੁਨਿਕ ਵੱਡੇ ਸ਼ਹਿਰਾਂ ਨੂੰ ਕਾਇਮ ਰੱਖਣ ਦੀ ਖਾਹਿਸ਼ ਕਰਨਾ ਇੱਕ ਬੇਤੁਕੀ ਗੱਲ ਹੈ। ਪਰ ਆਧੁਨਿਕ ਵੱਡੇ ਸ਼ਹਿਰ ਤਾਂ ਕੇਵਲ ਪੈਦਾਵਾਰ ਦੇ ਪੂੰਜੀਵਾਦੀ ਢੰਗ ਦੇ ਖਾਤਮੇ ਰਾਹੀਂ ਹੀ ਖਤਮ ਕੀਤੇ ਜਾ ਸਕਦੇ ਹਨ ਅਤੇ ਜਦੋਂ ਇੱਕ ਵਾਰ ਇਹ ਕੰਮ ਸ਼ੁਰੂ ਹੋ ਗਿਆ ਤਾਂ ਫੇਰ ਮਜ਼ਦੂਰ ਨੂੰ ਉਹਦਾ ਆਪਣਾ ਨਿੱਕਾ ਜਿਹਾ ਘਰ ਸਪਲਾਈ ਕਰਨ ਦੀ ਬਜਾਏ ਬਿਲਕੁੱਲ ਹੀ ਵੱਖਰੇ ਮਸਲੇ ਹੋਣਗੇ।

ਪਰ ਸ਼ੁਰੂ ਵਿੱਚ ਹਰ ਸਮਾਜਕ ਇਨਕਲਾਬ ਨੂੰ ਚੀਜ਼ਾਂ ਉਵੇਂ ਹੀ ਲੈਣੀਆਂ ਪੈਣਗੀਆਂ ਜਿਵੇਂ ਉਹ ਉਹਨਾਂ ਨੂੰ ਹਾਸਲ ਕਰਦਾ ਹੈ ਅਤੇ ਉਹ ਨੂੰ ਆਪਣੇ ਕੋਲ਼ ਸਾਧਨਾਂ ਰਾਹੀਂ ਸਭ ਤੋਂ ਵੱਧ ਫ਼ੌਰੀ ਬੁਰਾਈਆਂ ਤੋਂ ਛੁਟਕਾਰਾ ਪਾਉਣ ਲਈ ਆਪਣੀ ਪੂਰੀ ਵਾਹ ਲਾਉਣੀ ਪਵੇਗੀ ਅਤੇ ਅਸੀਂ ਹੁਣ ਤੱਕ ਇਹ ਵੇਖ ਚੁੱਕੇ ਹਾਂ ਕਿ ਘਰਾਂ ਦੀ ਘਾਟ ਜਾਇਦਾਦ ਦੀਆਂ ਮਾਲਕ ਜਮਾਤਾਂ ਦੇ ਅੱਯਾਸ਼ੀ ਵਾਲ਼ੇ ਘਰਾਂ ਦੇ ਇੱਕ ਹਿੱਸੇ ਨੂੰ ਜ਼ਬਤ ਕਰਕੇ ਅਤੇ ਜ਼ਬਰੀ ਤੌਰ 'ਤੇ ਬਾਕੀ ਦੇ ਹਿੱਸੇ ਵਿੱਚ ਲੋਕਾਂ ਨੂੰ ਵਸਾ ਕੇ ਤੁਰੰਤ ਹੀ ਦੂਰ ਕੀਤੀ ਜਾ ਸਕਦੀ ਹੈ।

ਜੇਕਰ ਹੁਣ ਵੀ ਸ਼੍ਰੀ ਸਾਕਸ ਆਪਣੀ ਗੱਲ ਜਾਰੀ ਰੱਖਦਿਆਂ ਇੱਕ ਵਾਰ ਫੇਰ ਵੱਡੇ ਸ਼ਹਿਰਾਂ ਨੂੰ ਛੱਡ ਜਾਂਦਾ ਹੈ ਅਤੇ ਸ਼ਹਿਰਾਂ ਦੇ ਨੇੜੇ ਕਾਇਮ ਕੀਤੀਆਂ ਜਾਣ ਵਾਲ਼ੀਆਂ ਮਜ਼ਦੂਰ ਜਮਾਤ ਬਸਤੀਆਂ ਉੱਤੇ ਲਫ਼ਜ਼ੀ ਵਿਖਿਆਨ ਦਿੰਦਾ ਹੈ, ਜੇਕਰ ਉਹ ਉਹਨਾਂ ਦੀ ਸਾਂਝੀ ਪਾਣੀ ਸਪਲਾਈ, ਗੈਸ, ਲਾਈਟਨਿੰਗ, ਹਵਾ ਜਾਂ ਗਰਮ ਪਾਣੀ ਨਾਲ਼ ਗਰਮ ਹੋਣ ਵਾਲ਼ੀ ਲਾਂਡਰੀਜ਼, ਖੁਸ਼ਕ ਕਰਨ ਵਾਲ਼ੇ ਕਮਰਿਆਂ, ਨਹਾਉਣ ਕਮਰਿਆਂ ਆਦਿ" ਵਾਲ਼ੀਆਂ ਬਸਤੀਆਂ ਦੀਆਂ ਜਿਨ੍ਹਾਂ ਵਿੱਚ ਹਰ ਇੱਕ ਦੀ ਆਪਣੀ "ਨਰਸਰੀ, ਸਕੂਲ, ਪ੍ਰਾਰਥਨਾ ਹਾਲ (!), ਪੜ੍ਹਨ ਘਰ, ਲਾਇਬ੍ਰੇਰੀ... ਸ਼ਰਾਬ ਤੇ ਬੀਅਰ ਪੀਣ ਵਾਲ਼ੀਆਂ ਥਾਂਵਾਂ, ਨਾਚ ਤੇ ਕੌਸਰਟ ਹਾਲ ਪੂਰੀ ਇੱਜ਼ਤਦਾਰੀ ਸਮੇਤ" ਹੋਣਗੇ ਅਤੇ ਸਮੁੱਚੇ ਘਰਾਂ ਵਿੱਚ ਭਾਫ਼ ਸ਼ਕਤੀ ਲੱਗੀ ਹੋਵੇਗੀ, ਸਮੁੱਚੀਆਂ ਖ਼ੂਬਸੂਰਤੀਆਂ ਦਾ ਵਰਨਣ ਕਰਦਾ ਹੈ, ਤਾਂ ਜੋ "ਪੈਦਾਵਾਰ ਕੁੱਝ ਹੱਦ ਤੱਕ ਫ਼ੈਕਟਰੀ ਤੋਂ ਘਰੇਲੂ ਵਰਕਸ਼ਾਪ ਵੱਲ ਨੂੰ ਲੈ ਜਾਈ ਜਾ ਸਕੇ" — ਇਸ ਨਾਲ਼ ਉੱਕਾ ਹੀ ਹਾਲਤ ਵਿੱਚ ਕੋਈ ਤਬਦੀਲੀ ਨਹੀਂ ਆਉਂਦੀ। ਜਿਸ ਬਸਤੀ ਦਾ ਉਹ ਜ਼ਿਕਰ ਕਰਦਾ ਹੈ, ਉਹ ਸ਼੍ਰੀ ਹਿਊਬਰ ਨੇ ਸਿੱਧੇ ਤੌਰ 'ਤੇ ਸੋਸ਼ਲਿਸਟਾਂ ਓਵੇਨ ਅਤੇ ਫੂਰੀਅਰ ਤੋਂ ਲਈ ਹੈ ਅਤੇ ਕੇਵਲ ਉਸ ਵਿੱਚੋਂ ਹਰ ਸਮਾਜਵਾਦੀ ਚੀਜ਼ ਨੂੰ ਰੱਦ ਕਰਦਿਆਂ ਪੂਰੀ ਤਰ੍ਹਾਂ ਨਾਲ਼ ਬੁਰਜੂਆ ਬਣਾ ਦਿੱਤਾ ਹੈ। ਪਰ ਇਸ ਤਰ੍ਹਾਂ ਕਰਨ ਨਾਲ਼ ਇਹ ਅਸਲੋਂ ਹੀ ਯੂਟੋਪੀਆਈ ਬਣ ਗਈ ਹੈ। ਕਿਸੇ ਵੀ ਸਰਮਾਏਦਾਰ ਨੂੰ ਅਜਿਹੀਆਂ ਬਸਤੀਆਂ ਸਥਾਪਤ ਕਰਨ ਵਿੱਚ ਕੋਈ ਦਿਲਚਸਪੀ ਨਹੀਂ ਹੁੰਦੀ ਅਤੇ ਅਸਲ ਵਿੱਚ ਅਜਿਹੀ ਕੋਈ ਵੀ ਬਸਤੀ ਸੰਸਾਰ ਵਿੱਚ ਕਿਸੇ ਥਾਂ ਮੌਜੂਦ ਨਹੀਂ ਹੈ ਸਵਾਏ ਇੱਕ ਦੇ ਜੋ ਗੁਏਸੇ ਵਿੱਚ, ਫ਼ਰਾਂਸ ਵਿੱਚ ਹੈ ਅਤੇ ਉਹ ਫੂਰੀਅਰ ਦੇ ਇੱਕ ਪੈਰੋਕਾਰ ਨੇ ਮੁਨਾਫਾ ਲੈਣ ਲਈ ਨਹੀਂ ਸਗੋਂ ਇੱਕ ਸਮਾਜਵਾਦੀ ਤਜ਼ਰਬੇ ਵਜੋਂ ਉਸਾਰੀ ਸੀ (ਅਤੇ ਇਹ ਵੀ ਅਖੀਰ ਮਜ਼ਦੂਰ ਜਮਾਤ ਦੀ ਲੁੱਟਚੋਂਘ ਦਾ ਇੱਕ ਸਥਾਨ ਬਣ ਚੁੱਕੀ ਹੈ) — (ਵੇਖੋ 1886

ਦਾ ਪੈਰਿਸ ਸੋਮਲਿਪਤੇ) (1887 ਦੇ ਐਡੀਸ਼ਨ ਦਾ ਏਂਗਲਜ਼ ਵੱਲੋਂ ਨੋਟ)। ਸ਼੍ਰੀ ਸਾਕਸ ਆਪਣੇ ਖ਼ਿਆਲੀ ਬੁਰਜੂਆ-ਪ੍ਰੋਜੈਕਟ ਦੇ ਸਮਰਥਨ ਵਿੱਚ "ਹਾਰਮਾਨੀ ਹਾਲ" ਨਾਂ ਦੀ ਕਮਿਊਨਿਸਟ ਬਸਤੀ ਦੀ ਮਿਸਾਲ ਵੀ ਦੇ ਸਕਦਾ ਸੀ, ਜੋ ਚਾਲ਼ੀਵਿਆਂ ਦੇ ਸ਼ੁਰੂ ਵਿੱਚ ਓਵੇਨ ਨੇ ਹੈਮਪਸ਼ਾਇਰ ਵਿੱਚ ਸ਼ੁਰੂ ਕੀਤੀ ਸੀ ਅਤੇ ਜੋ ਬੜੇ ਚਿਰ ਤੋਂ ਖਤਮ ਹੋ ਚੁੱਕੀ ਹੈ।

ਗੱਲ ਭਾਵੇਂ ਕੋਈ ਵੀ ਹੋਵੇ, ਬਸਤੀਆਂ ਦੀ ਉਸਾਰੀ ਕਰਨ ਦੀ ਸਮੁੱਚੀ ਗੱਲਬਾਤ "ਆਦਰਸ਼ਾਂ ਦੇ ਖੇਤਰ" ਵਿੱਚ ਇੱਕ ਵਾਰ ਫੇਰ ਉੱਪਰ ਚੜ੍ਹਨ ਦੇ ਕੋਝੇ ਯਤਨ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਹੈ ਅਤੇ ਇਹਨੂੰ ਤੁਰੰਤ ਮਗਰੋਂ ਹੀ ਇੱਕ ਵਾਰ ਫੇਰ ਛੱਡ ਦਿੱਤਾ ਜਾਂਦਾ ਹੈ। ਅਸੀਂ ਫੇਰ ਬੜੀ ਤੇਜ਼ੀ ਨਾਲ਼ ਹੇਠਾਂ ਉਤਰਦੇ ਹਾਂ। ਸਭ ਤੋਂ ਸਾਦਾ ਹੱਲ ਹੁਣ ਇਹ ਹੈ "ਕਿ ਮਾਲਕਾਂ, ਫ਼ੈਕਟਰੀ ਮਾਲਕਾਂ ਨੂੰ ਢੁੱਕਵੇਂ ਰਿਹਾਇਸ਼ੀ ਘਰ ਹਾਸਲ ਕਰਨ ਵਿੱਚ ਮਜ਼ਦੂਰਾਂ ਦੀ ਮਦਦ ਕਰਨੀ ਚਾਹੀਦੀ ਹੈ, ਭਾਵੇਂ ਉਹ ਇਹ ਮਦਦ ਖੁਦ ਅਜਿਹੇ ਘਰਾਂ ਦੀ ਉਸਾਰੀ ਕਰਕੇ ਜਾਂ ਉਹਨਾਂ ਘਰਾਂ ਦੀ ਉਸਾਰੀ ਕਰਨ ਵਿੱਚ ਮਜ਼ਦੂਰਾਂ ਦੀ ਮਦਦ ਕਰਕੇ ਤੇ ਉਹਨਾਂ ਨੂੰ ਉਤਸ਼ਾਹ ਦੇ ਕੇ ਕਰਦੇ ਹਨ ਅਤੇ ਉਹਨਾਂ ਲਈ ਜ਼ਮੀਨ ਦੀ ਤੇ ਉਹਨਾਂ ਨੂੰ ਉਸਾਰੀ ਲਈ ਪੂੰਜੀ ਦੇਣ ਦੀ ਵਿਵਸਥਾ ਕਰਦੇ ਹਨ ਆਦਿ। (ਪੰਨਾ-106)

ਇਸ ਤਰ੍ਹਾਂ ਅਸੀਂ ਇੱਕ ਵਾਰ ਫੇਰ ਵੱਡੇ ਸ਼ਹਿਰਾਂ ਤੋਂ ਜਿੱਥੇ ਅਜਿਹੀ ਕਿਸੇ ਗੱਲ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਬਾਹਰ ਆ ਜਾਂਦੇ ਹਾਂ ਅਤੇ ਮੁੜ ਕੇ ਫੇਰ ਪੇਂਡੂ ਇਲਾਕੇ ਵਿੱਚ ਪ੍ਰਵੇਸ਼ ਕਰਦੇ ਹਾਂ ਹੁਣ ਹੇਰ ਸਾਕਸ ਇਹ ਸਿੱਧ ਕਰਦਾ ਹੈ ਕਿ ਇੱਥੇ ਇਹ ਗੱਲ ਖੁਦ ਫੈਕਟਰੀਆਂ ਦੇ ਮਾਲਕਾਂ ਦੇ ਪੱਖ ਵਿੱਚ ਹੈ ਕਿ ਉਹਨਾਂ ਨੂੰ ਢੁੱਕਵੇਂ ਘਰ ਹਾਸਲ ਕਰਨ ਸਬੰਧੀ ਮਜ਼ਦੂਰਾਂ ਦੀ ਮਦਦ ਕਰਨੀ ਚਾਹੀਦੀ ਹੈ, ਕਿਉਂਕਿ ਇੱਕ ਪਾਸੇ ਇਹ ਚੰਗੀ ਲਾਗਤ ਹੈ ਅਤੇ ਦੂਜੇ ਪਾਸੇ ਕਿਉਂਕਿ ਅਟੱਲ ਰੂਪ ਵਿੱਚ "ਇਹਦੇ ਨਤੀਜੇ ਵਜੋਂ ਹੋਈ ਮਜ਼ਦੂਰਾਂ ਦੀ ਤਰੱਕੀ ਲਾਜ਼ਮੀ ਤੌਰ 'ਤੇ ਉਹਨਾਂ ਦੀ ਦਿਮਾਗੀ ਤੇ ਸਰੀਰਕ ਕੰਮ ਕਰਨ ਦੀ ਸਮੱਰਥਾ ਵਿੱਚ ਵਾਧਾ ਕਰੇਗੀ ਜੋ ਕਿ ਕੁਦਰਤੀ ਤੌਰ 'ਤੇ ਮਾਲਕਾਂ ਲਈ ਕੋਈ ਘੱਟ ਲਾਭ ਵਾਲ਼ੀ ਗੱਲ ਨਹੀਂ ਹੈ। ਇਸ ਦੇ ਨਾਲ਼ ਫੇਰ ਵੀ ਮਾਲਕਾਂ ਵੱਲੋਂ ਘਰਾਂ ਦੇ ਸਵਾਲ ਦੇ ਹੱਲ ਵਿੱਚ ਭਿਆਲੀ ਲਈ ਦਰੁੱਸਤ ਦ੍ਰਿਸ਼ਟੀਕੋਣ ਦਿੱਤਾ ਗਿਆ ਹੈ। ਇਹ ਅਦਿਖ ਸਬੰਧ ਦੇ ਨਤੀਜੇ ਵਜੋਂ, ਮਾਲਕਾਂ ਵੱਲੋਂ ਆਪਣੇ ਮਜ਼ਦੂਰਾਂ ਦੀ ਸਰੀਰਕ ਤੇ ਆਰਥਕ, ਦਿਮਾਗੀ ਤੇ ਨੈਤਿਕ ਖੁਸ਼ਹਾਲੀ ਲਈ ਫ਼ਿਕਰਮੰਦੀ ਦੇ ਨਤੀਜੇ ਵਜੋਂ ਸਾਹਮਣੇ ਆਉਂਦੀ ਹੈ ਜੋ ਕਿ ਬਹੁਤਾ ਕਰਕੇ ਮਨੁੱਖਵਾਦੀ ਯਤਨਾਂ ਦੇ ਪਰਦੇ ਥੱਲੇ ਲੁਕੀ ਹੋਈ ਹੁੰਦੀ ਹੈ ਅਤੇ ਜੋ ਆਪਣੇ ਸਫਲ ਨਤੀਜਿਆਂ ਕਰਕੇ ਉਹਦਾ ਆਪਣਾ ਮਾਲੀ ਇਨਾਮ ਹੁੰਦੀ ਹੈ; ਇੱਕ ਮਿਹਨਤੀ, ਹੁਨਰਮੰਦ, ਰਜ਼ਾਮੰਦ, ਸੰਤੁਸ਼ਟ ਅਤੇ ਸਮਰਪਤ ਮਜ਼ਦੂਰ ਜਮਾਤ ਪੈਦਾ ਕਰਨਾ ਤੇ ਉਹਦੀ ਪਾਲਣਾ ਕਰਨਾ।" (ਪੰਨਾ-108)

ਸ਼ਬਦ "ਅਦਿਖ ਸਬੰਧ" ਜਿਸ ਨਾਲ਼ ਹਿਊਬਰ ਇਸ ਬੁਰਜੂਆ ਪਰਉਪਕਾਰ ਸਬੰਧੀ ਯੱਕੜ ਨੂੰ "ਉਚੇਰੀ ਅਹਿਮੀਅਤ" ਦੇਣ ਦਾ ਯਤਨ ਕਰਦਾ ਹੈ, ਉੱਕਾ ਹੀ ਸਥਿਤੀ ਨੂੰ ਤਬਦੀਲ ਨਹੀਂ ਕਰਦਾ। ਇਹਨਾਂ ਸ਼ਬਦਾਂ ਤੋਂ ਬਿਨਾਂ ਵੀ ਵੱਡੇ ਪੇਂਡੂ ਫੈਕਟਰੀ ਮਾਲਕਾਂ ਨੇ ਖਾਸ ਕਰਕੇ ਇੰਗਲੈਂਡ ਵਿੱਚ ਇਹ ਗੱਲ ਚਿਰੋਕਣੀ ਸਮਝੀ ਹੋਈ ਹੈ ਕਿ ਮਜ਼ਦੂਰਾਂ ਦੇ ਰਿਹਾਇਸ਼ੀ

ਘਰਾਂ ਦੀ ਉਸਾਰੀ ਕਰਨਾ ਕੇਵਲ ਇੱਕ ਲੋੜ ਹੀ ਨਹੀਂ ਹੈ ਖੁਦ ਫੈਕਟਰੀ ਦੇ ਸਾਜ਼ਸਾਮਾਨ ਦਾ ਹੀ ਭਾਗ ਨਹੀਂ ਹੈ ਸਗੋਂ ਅਜਿਹੀ ਚੀਜ਼ ਵੀ ਹੈ ਜੋ ਬੜੀ ਖੱਟੀ ਕਰਾਉਂਦੀ ਹੈ। ਇੰਗਲੈਂਡ ਵਿੱਚ ਸਮੁੱਚੇ ਪਿੰਡ ਹੀ ਇਸ ਤਰ੍ਹਾਂ ਆਬਾਦ ਹੋਏ ਹਨ ਅਤੇ ਮਗਰੋਂ ਜਾ ਕੇ ਇਹਨਾਂ ਵਿੱਚੋਂ ਕੁੱਝ ਇੱਕ ਸ਼ਹਿਰ ਬਣ ਗਏ ਹਨ। ਪਰ ਮਜ਼ਦੂਰਾਂ ਨੇ ਪਰਉਪਕਾਰੀ ਸਰਮਾਏਦਾਰਾਂ ਦੀ ਧੰਨਵਾਦੀ ਹੋਣ ਦੀ ਬਜਾਏ ਹਮੇਸ਼ਾ ਹੀ ਇੱਕ "ਕਾਟੇਜ ਪ੍ਰਣਾਲੀ" ਬਾਰੇ ਬੜੇ ਨਿਗਰ ਇਤਰਾਜ਼ ਉਠਾਏ ਹਨ। ਉਹਨਾਂ ਨੂੰ ਇਹਨਾਂ ਘਰਾਂ ਲਈ ਕੇਵਲ ਇਜਾਰੇਦਾਰ ਕੀਮਤ ਅਦਾ ਕਰਨ ਲਈ, ਕਿਉਂਕਿ ਫੈਕਟਰੀ ਮਾਲਕਾਂ ਦਾ ਮੁਕਾਬਲਾ ਕਰਨ ਵਾਲ਼ੇ ਕੋਈ ਨਹੀਂ ਸਨ; ਮਜਬੂਰ ਹੀ ਨਹੀਂ ਕੀਤਾ ਜਾਂਦਾ ਸਗੋਂ ਉਦੋਂ ਤੁਰੰਤ ਹੀ ਹੜਤਾਲ ਹੋ ਜਾਂਦੀ ਹੈ ਜਦੋਂ ਉਹਨਾਂ ਨੂੰ ਬੇਘਰ ਕੀਤਾ ਜਾਂਦਾ ਹੈ ਕਿਉਂਕਿ ਫੈਕਟਰੀ ਮਾਲਕ ਉਹਨਾਂ ਨੂੰ ਬਿਨਾਂ ਕਿਸੇ ਰੌਲ਼ੇ ਰੱਪੇ ਦੇ ਆਪਣੇ ਘਰਾਂ ਤੋਂ ਬਾਹਰ ਕੱਢ ਮਾਰਦਾ ਹੈ ਅਤੇ ਇਸ ਤਰ੍ਹਾਂ ਉਹ ਕਿਸੇ ਵੀ ਮੁਜ਼ਾਹਮਤ ਨੂੰ ਬਹੁਤ ਮੁਸ਼ਕਲ ਬਣਾ ਦਿੰਦਾ ਹੈ। ਇਹਦੇ ਵਿਸਥਾਰਾਂ ਦਾ ਮੇਰੀ ਰਚਨਾ "ਇੰਗਲੈਂਡ ਵਿੱਚ ਮਜ਼ਦੂਰ ਜਮਾਤ ਦੀ ਹਾਲਤ" (ਪੰਨੇ 224-228) ਵਿੱਚ ਅਧਿਐਨ ਕੀਤਾ ਜਾ ਸਕਦਾ ਹੈ (ਵੇਖੋ ਕਾ. ਮਾਰਕਸ ਅਤੇ ਫ. ਏਂਗਲਜ਼, ਬਰਤਾਨੀਆਂ ਬਾਰੇ, ਪੰਨੇ 287, 291-92, —ਸੰਪਾ.)। ਪਰ ਸ਼੍ਰੀ ਸਾਕਸ ਦਾ ਵਿਚਾਰ ਹੈ ਕਿ ਇਹਨਾਂ ਇਤਰਾਜ਼ਾਂ ਦਾ "ਖੰਡਨ ਕਰਨ ਦੀ ਕੋਈ ਲੋੜ ਨਹੀਂ" (ਪੰਨਾ-111)। ਪਰ ਕੀ ਉਹ ਮਜ਼ਦੂਰ ਨੂੰ ਆਪਣੇ ਨਿੱਕੇ ਜਿਹੇ ਘਰ ਦਾ ਮਾਲਕ ਨਹੀਂ ਬਣਾਉਣਾ ਚਾਹੁੰਦਾ ? ਯਕੀਨੀ ਤੌਰ 'ਤੇ ਉਹ ਚਾਹੁੰਦਾ ਹੈ, ਪਰ ਕਿਉਂਕਿ "ਮਾਲਕ ਹਮੇਸ਼ਾ ਹੀ ਘਰ ਦੇਣ ਦੀ ਪੋਜੀਸ਼ਨ ਵਿੱਚ ਹੋਣੇ ਚਾਹੀਦੇ ਹਨ ਤਾਂ ਜੋ ਜਦੋਂ ਉਹ ਇੱਕ ਮਜ਼ਦੂਰ ਨੂੰ ਨੌਕਰੀ ਤੋਂ ਡਿਸਮਿਸ ਕਰਦੇ ਹਨ, ਉਹਨਾਂ ਕੋਲ਼ ਉਹਦੀ ਥਾਂ ਲੈਣ ਵਾਲ਼ੇ ਲਈ ਥਾਂ ਹੋਣੀ ਚਾਹੀਦੀ ਹੈ", ਤਾਂ ਫੇਰ ਇਸ ਤੋਂ ਬਿਨਾਂ ਹੋਰ ਕੋਈ ਗੱਲ ਨਹੀਂ ਬਣਦੀ ਕਿ "ਅਜਿਹੇ ਮਾਮਲਿਆਂ ਲਈ ਇਸ ਸ਼ਰਤ ਦੀ ਵਿਵਸਥਾ ਕੀਤੀ ਜਾਵੇ ਕਿ ਮਾਲਕੀ ਮਨਸੂਖੀ-ਯੋਗ ਹੋਵੇਗੀ।" ਪੰਨਾ-113 (ਇਸ ਸਬੰਧ ਵਿੱਚ ਵੀ ਅੰਗਰੇਜ਼ ਸਰਮਾਏਦਾਰਾਂ ਨੇ ਸ਼੍ਰੀ ਸਾਕਸ ਦੀਆਂ ਸਾਰੀਆਂ ਦਿਲੀ ਖਾਹਿਸ਼ਾਂ ਨੂੰ ਕੇਵਲ ਪੂਰੀ ਹੀ ਨਹੀਂ ਕੀਤਾ ਸਗੋਂ ਕਿਤੇ ਵੱਧ ਕਰਕੇ ਵਿਖਾਇਆ ਹੈ। ਸੋਮਵਾਰ ਵਾਲ਼ੇ ਦਿਨ, 14 ਅਕਤੂਬਰ 1872 ਨੂੰ ਪੋਰਮੈਥ ਦੀ ਅਦਾਲਤ ਨੇ ਸੰਸਦੀ ਚੋਣਕਾਰਾਂ ਦੀ ਸੂਚੀਆਂ ਪੱਕੀਆਂ ਕਰਨ ਲਈ 2000 ਖਾਣ ਕਾਮਿਆਂ ਦੀ ਦਰਖਾਸਤ ਬਾਰੇ ਕਿ ਉਹਨਾਂ ਦੇ ਨਾਂ ਸੰਸਦੀ ਵੋਟਰਾਂ ਦੀ ਸੂਚੀ ਵਿੱਚ ਦਰਜ ਕੀਤੇ ਜਾਣ, ਫੈਸਲਾ ਕਰਨਾ ਸੀ। ਗੱਲ ਇਹ ਬਣ ਗਈ ਕਿ ਉਸ ਖਾਣ ਦੇ ਨੇਮਾਂ ਅਨੁਸਾਰ ਜਿੱਥੇ ਉਹ ਕੰਮ ਕਰਦੇ ਸਨ, ਇਹਨਾਂ ਖਾਣ ਕਾਮਿਆਂ ਦੀ ਵਡੇਰੀ ਗਿਣਤੀ ਨੂੰ ਉਹਨਾਂ ਰਿਹਾਇਸ਼ੀ ਘਰਾਂ ਦੇ ਜਿਨ੍ਹਾਂ ਵਿੱਚ ਉਹ ਰਹਿੰਦੇ ਸਨ, ਪਟੇਦਾਰਾਂ ਵਜੋਂ ਨਹੀਂ ਸੀ ਸਮਝਿਆ ਜਾ ਸਕਦਾ ਸਗੋਂ ਇਹਨਾਂ ਘਰਾਂ ਵਿੱਚ ਆਗਿਆ ਨਾਲ਼ ਰਹਿਣ ਵਾਲ਼ੇ ਸਮਝਿਆ ਜਾ ਸਕਦਾ ਸੀ ਅਤੇ ਉਹਨਾਂ ਨੂੰ ਕਿਸੇ ਵੀ ਸਮੇਂ ਬਿਨਾਂ ਕੋਈ ਨੋਟਿਸ ਦਿੱਤੇ ਬਾਹਰ ਕੱਢਿਆ ਜਾ ਸਕਦਾ ਸੀ — ਇੱਥੇ ਖਾਣ ਦਾ ਮਾਲਕ ਤੇ ਘਰ ਦਾ ਮਾਲਕ ਕੁਦਰਤੀ ਤੌਰ 'ਤੇ ਇੱਕੋ ਆਦਮੀ ਸੀ। ਜੱਜ ਨੇ ਇਹ ਫ਼ੈਸਲਾ ਕੀਤਾ ਕਿ ਇਹ ਆਦਮੀ ਪਟੇਦਾਰ ਨਹੀਂ ਸਗੋਂ ਨੌਕਰ ਹਨ ਅਤੇ ਇਸ ਲਈ ਵੋਟਰਾਂ ਦੀ ਸੂਚੀ ਵਿੱਚ ਇਹ ਸ਼ਾਮਲ ਕੀਤੇ ਜਾਣ ਦੇ ਹੱਕਦਾਰ ਨਹੀਂ)

— ਡੇਲੀ ਨਿਊਜ਼, 15 ਅਕਤੂਬਰ 1872 (ਏਂਗਲਜ਼ ਦਾ ਨੋਟ)।

ਇਸ ਵਾਰ ਅਸੀਂ ਅਣਕਿਆਸੀ ਕਾਹਲੀ ਨਾਲ਼ ਹੇਠਾਂ ਉੱਤਰ ਆਏ ਹਾਂ। ਪਹਿਲਾਂ ਇਹ ਆਖਿਆ ਗਿਆ ਕਿ ਮਜ਼ਦੂਰ ਕੋਲ਼ ਆਪਣਾ ਛੋਟਾ ਜਿਹਾ ਘਰ ਜ਼ਰੂਰ ਹੋਣਾ ਚਾਹੀਦਾ ਹੈ। ਫੇਰ ਸਾਨੂੰ ਦਸਿਆ ਗਿਆ ਕਿ ਇਹ ਗੱਲ ਸ਼ਹਿਰਾਂ ਵਿਚ ਅਸੰਭਵ ਹੈ ਅਤੇ ਕੇਵਲ ਪੇਂਡੂ ਇਲਾਕੇ ਵਿੱਚ ਨੇਪਰੇ ਚਾੜ੍ਹੀ ਜਾ ਸਕਦੀ ਹੈ। ਹੁਣ ਸਾਨੂੰ ਇਹ ਦਸਿਆ ਜਾਂਦਾ ਹੈ ਕਿ ਪਿੰਡਾਂ ਵਿੱਚ ਵੀ ਮਾਲਕੀ "ਸਮਝੌਤੇ ਰਾਹੀਂ ਮਨਸੂਖੀ ਯੋਗ ਹੋਵੇਗੀ। ਮਜ਼ਦੂਰਾਂ ਲਈ ਸ਼੍ਰੀ ਸਾਕਸ ਵੱਲੋਂ ਲੱਭੀ ਗਈ ਜਾਇਦਾਦ ਦੀ ਇਸ ਨਵੀਂ ਕਿਸਮ ਨਾਲ਼ ਮਜ਼ਦੂਰਾਂ ਦੀ ਸਰਮਾਏਦਾਰਾਂ ਵਿੱਚ ਇਸ ਤਬਦੀਲੀ ਨਾਲ਼ ਜੋ "ਸਮਝੌਤੇ ਨਾਲ਼ ਮਨਸੂਖੀ ਦੇ ਯੋਗ" ਹੈ, ਅਸੀਂ ਬੜੇ ਆਰਾਮ ਨਾਲ਼ ਪੱਧਰ ਧਰਤੀ ਉੱਤੇ ਪੁੱਜ ਗਏ ਹਾਂ ਅਤੇ ਇੱਥੇ ਸਾਨੂੰ ਇਹ ਘੋਖ ਕਰਨੀ ਪਵੇਗੀ ਕਿ ਸਰਮਾਏਦਾਰਾਂ ਤੇ ਦੂਜੇ ਪਰਉਪਕਾਰੀ ਲੋਕਾਂ ਨੇ ਘਰਾਂ ਦੇ ਸਵਾਲ ਨੂੰ ਹੱਲ ਕਰਨ ਲਈ ਅਸਲ ਵਿੱਚ ਕੀ ਕੀਤਾ ਹੈ।

## II

ਜੇਕਰ ਅਸੀਂ ਸਾਡੇ ਡਾਕਟਰ ਸਾਕਸ ਉੱਤੇ ਵਿਸ਼ਵਾਸ ਕਰੀਏ ਤਾਂ ਘਰਾਂ ਦੀ ਘਾਟ ਦੀ ਸਮੱਸਿਆ ਨੂੰ ਹੱਲ ਕਰਨ ਲਈ ਇਹਨਾਂ ਭੱਦਰ ਪੁਰਸ਼ਾਂ, ਸਰਮਾਏਦਾਰਾਂ ਨੇ ਹੁਣ ਤੱਕ ਬੜਾ ਕੁੱਝ ਕਰ ਦਿੱਤਾ ਹੈ ਅਤੇ ਇਸ ਗੱਲ ਦਾ ਸਬੂਤ ਮੁਹੱਈਆ ਕੀਤਾ ਗਿਆ ਹੈ ਕਿ ਘਰਾਂ ਦੀ ਸਮੱਸਿਆ ਨੂੰ ਪੈਦਾਵਾਰ ਦੇ ਪੂੰਜੀਵਾਦੀ ਢੰਗ ਦੇ ਅਧਾਰ ਉੱਤੇ ਹੱਲ ਕੀਤਾ ਜਾ ਸਕਦਾ ਹੈ।

ਸਭ ਤੋਂ ਪਹਿਲਾਂ ਸ਼੍ਰੀ ਸਾਕਸ ਸਾਨੂੰ ਇੱਕ ਮਿਸਾਲ — ਬੋਨਾਪਾਰਟਿਸਟ ਫ਼ਰਾਂਸ — ਪੇਸ਼ ਕਰਦਾ ਹੈ। ਜਿਵੇਂ ਕਿ ਜਾਣਿਆ ਜਾਂਦਾ ਹੈ, ਲੂਈ ਬੋਨਾਪਾਰਟ ਨੇ ਪੈਰਿਸ ਸੰਸਾਰ ਨੁਮਾਇਸ਼ ਦੇ ਮੌਕੇ ਉੱਤੇ ਜ਼ਾਹਰਾ ਤੌਰ 'ਤੇ ਫ਼ਰਾਂਸ ਵਿੱਚ ਮਜ਼ਦੂਰ ਜਮਾਤ ਦੀ ਹਾਲਤ ਉੱਤੇ ਰਿਪੋਰਟ ਕਰਨ ਬਾਰੇ, ਪਰ ਅਸਲ ਵਿੱਚ ਉਹਨਾਂ ਦੀ ਸਥਿਤੀ ਸਿਰੇ ਦੇ ਸ਼ਾਨਦਾਰ ਰੂਪ ਵਿੱਚ ਸਲਤਨਤ ਦੀ ਵਡੇਰੀ ਸ਼ਾਨ ਲਈ ਵਰਨਣ ਕਰਨ ਲਈ ਰਿਪੋਰਟ ਕਰਨ ਵਾਸਤੇ ਇੱਕ ਕਮਿਸਨ ਨਿਯੁੱਕਤ ਕੀਤਾ ਅਤੇ ਇਹ ਹਵਾਲਾ ਇਸ ਕਮਿਸ਼ਨ ਦੀ ਜੋ ਕਿ ਬੋਨਾਪਾਰਟਿਜ਼ਮ ਦੇ ਸਭ ਤੋਂ ਵੱਧ ਭ੍ਰਿਸ਼ਟਾਚਾਰੀ ਸਾਧਨਾਂ ਉੱਤੇ ਸਮਿਲਤ ਸੀ, ਰਿਪੋਰਟ ਦਾ ਹੈ ਕਿ ਸ਼੍ਰੀ ਸਾਕਸ ਜ਼ਿਕਰ ਕਰਦਾ ਹੈ, ਖਾਸ ਕਰਕੇ ਇਸ ਲਈ ਕਿ ਉਹਦੇ ਕੰਮ ਦੇ ਨਤੀਜੇ "ਅਧਿਕਾਰਤ ਕਮੇਟੀ ਦੇ ਆਪਣੇ ਬਿਆਨ ਅਨੁਸਾਰ ਫ਼ਰਾਂਸ ਲਈ ਕਾਫੀ ਮੁਕੰਮਲ ਹਨ" ਅਤੇ ਇਹ ਨਤੀਜੇ ਕੀ ਹਨ ? 89 ਵੱਡੇ ਸਨਅਤਕਾਰਾਂ ਜਾਂ ਜਾਂਇੰਟ ਸਟਾਕ ਕੰਪਨੀਆਂ ਵਿੱਚੋਂ ਜਿਨ੍ਹਾਂ ਨੇ ਸੂਚਨਾ ਦਿੱਤੀ, 31 ਨੇ ਤਾਂ ਉੱਕਾ ਹੀ ਮਜ਼ਦੂਰਾਂ ਲਈ ਘਰਾਂ ਦੀ ਉਸਾਰੀ ਨਹੀਂ ਸੀ ਕੀਤੀ। ਸਾਕਸ ਦੇ ਆਪਣੇ ਅਨੁਮਾਨਾਂ ਅਨੁਸਾਰ, ਉਸਾਰੇ ਗਏ ਘਰਾਂ ਵਿੱਚ ਵੱਧ ਤੋਂ ਵੱਧ 50-60 ਹਜ਼ਾਰ ਲੋਕ ਰਹਿ ਸਕਦੇ ਸਨ ਅਤੇ ਉਹਨਾਂ ਵਿੱਚੋਂ ਹਰ ਟੱਬਰ ਲਈ ਕੇਵਲ ਦੋ ਕਮਰਿਆਂ ਤੋਂ ਵੱਧ ਦਾ ਘਰ ਨਹੀਂ ਹੈ।

ਇਹ ਗੱਲ ਪ੍ਰਤੱਖ ਹੈ ਕਿ ਹਰ ਇੱਕ ਅਜਿਹੇ ਸਰਮਾਏਦਾਰ ਨੂੰ ਜਿਹੜਾ ਸਨਅਤ

ਦੀਆਂ ਹਾਲਤਾਂ ਕਾਰਨ— ਪਾਣੀ, ਬਿਜਲੀ, ਕੋਲਾ-ਖਾਣਾਂ ਦਾ ਸਥਿਤ ਹੋਣਾ, ਕੱਚੇ ਲੋਹੇ ਦੇ ਭੰਡਾਰਾਂ, ਤੇ ਦੂਜੀਆਂ ਖਾਣਾਂ ਆਦਿ ਕਾਰਨ — ਇਸ ਖਾਸ ਪੇਂਡੂ ਥਾਂ ਨਾਲ਼ ਬੱਝਿਆ ਹੁੰਦਾ ਹੈ, ਆਪਣੇ ਮਜ਼ਦੂਰਾਂ ਲਈ, ਜੇ ਕਰ ਉਹਨਾਂ ਕੋਲ਼ ਕੋਈ ਘਰ ਨਾ ਹੋਵੇ, ਰਿਹਾਇਸ਼ੀ ਘਰਾਂ ਦੀ ਉਸਾਰੀ ਕਰਨੀ ਚਾਹੀਦੀ ਹੈ। ਇਸ ਨੂੰ "ਅਦਿਖ ਮਿਲਵਰਤਨ" ਦੇ, "ਸਵਾਲ ਬਾਰੇ ਵੱਧਦੀ ਸੂਝਬੂਝ ਤੇ ਉਹਦੀ ਅਹਿਮੀਅਤ ਦੇ ਉਘੜਵੇਂ ਸਬੂਤ" ਦੇ ਅਤੇ "ਇੱਕ ਬਹੁਤ ਹੀ ਹੋਣਹਾਰ ਆਰੰਭ" (ਪੰਨਾ-115) ਦੇ ਸਬੂਤ ਵਜੋਂ ਵੇਖਣਾ ਆਪਣੇ ਆਪ ਨੂੰ ਧੋਖਾ ਦੇਣ ਦੀ ਬਹੁਤ ਪੱਕੀ ਆਦਤ ਦਾ ਪ੍ਰਤੀਕ ਹੈ। ਬਾਕੀ ਦਿਆਂ ਬਾਰੇ ਗੱਲ ਇਹ ਹੈ ਕਿ ਇਸ ਸਬੰਧ ਵਿੱਚ ਵੀ ਵੱਖ ਵੱਖ ਦੇਸ਼ਾਂ ਦੇ ਸਨਅਤਕਾਰ ਆਪਣੇ ਕੌਮੀ ਲੱਛਣ ਅਨੁਸਾਰ ਇੱਕ ਦੂਜੇ ਨਾਲ਼ੋਂ ਵੱਖਰੇ ਹੁੰਦੇ ਹਨ। ਮਿਸਾਲ ਵਜੋਂ ਸ਼੍ਰੀ ਸਾਕਸ ਸਾਨੂੰ ਦੱਸਦਾ ਹੈ। (ਪੰਨਾ-117)

"ਇੰਗਲੈਂਡ ਵਿੱਚ ਕੇਵਲ ਪਿੱਛੇ ਜਿਹੇ ਹੀ ਮਾਲਕਾਂ ਵੱਲੋਂ ਇਸ ਦਿਸ਼ਾ ਵਿੱਚ ਵਧੀ ਸਰਗਰਮੀ ਵੇਖਣ ਵਿੱਚ ਆਈ ਹੈ। ਇਸ ਗੱਲ ਦਾ ਸਬੰਧ ਖਾਸ ਤੌਰ 'ਤੇ ਪੇਂਡੂ ਇਲਾਕਿਆਂ ਵਿੱਚ ਦੂਰ ਸਥਿਤ ਘਰਾਂ ਨਾਲ਼ ਹੈ — ਇਹ ਗੱਲ ਕਿ ਮਜ਼ਦੂਰਾਂ ਨੂੰ ਅਕਸਰ ਹੀ ਸਭ ਤੋਂ ਨੇੜੇ ਦੇ ਪਿੰਡ ਤੋਂ ਫੈਕਟਰੀ ਜਾਣ ਲਈ ਲੰਮਾ ਫ਼ਾਸਲਾ ਤੈਅ ਕਰਨਾ ਪੈਂਦਾ ਹੈ ਅਤੇ ਉਹ ਉੱਥੇ ਇੰਨੇ ਹੁੱਟੇ ਹੋਏ ਪੁੱਜਦੇ ਹਨ ਕਿ ਉਹ ਕਾਫੀ ਕੰਮ ਨਹੀਂ ਕਰਦੇ, ਇਹ ਗੱਲ ਉਹਨਾਂ ਦੇ ਮਾਲਕਾਂ ਵੱਲੋਂ ਆਪਣੇ ਮਜ਼ਦੂਰਾਂ ਲਈ ਘਰਾਂ ਦੀ ਉਸਾਰੀ ਕੀਤੇ ਜਾਣ ਦਾ ਮੁੱਖ ਮੰਤਵ ਹੈ। ਪਰ ਉਹਨਾਂ ਲੋਕਾਂ ਦੀ ਗਿਣਤੀ ਵੀ ਵੱਧਦੀ ਜਾ ਰਹੀ ਹੈ ਜਿਨ੍ਹਾਂ ਨੂੰ ਹਾਲਤਾਂ ਦੀ ਵਧੇਰੇ ਡੂੰਘੀ ਸੂਝਬੂਝ ਹੈ ਅਤੇ ਜੋ ਘਰਾਂ ਦੇ ਸੁਧਾਰ ਦੇ ਕਾਜ਼ ਨਾਲ਼ ਅਦਿਖ ਮਿਲਵਰਤਨ ਦੇ ਲਗਭਗ ਸਾਰੇ ਦੂਜੇ ਅੰਸਰਾਂ ਨੂੰ ਮੇਲਦੇ ਹਨ ਅਤੇ ਇਹੀ ਉਹ ਲੋਕ ਹਨ ਜਿਨ੍ਹਾਂ ਦੇ ਸਿਰ ਉਹਨਾਂ ਪ੍ਰਫੁੱਲਤ ਹੋ ਰਹੀਆਂ ਬਸਤੀਆਂ ਦੀ ਸਥਾਪਨਾ ਕਰਨ ਦਾ ਸਿਹਰਾ ਹੋਣਾ ਚਾਹੀਦਾ ਹੈ। ਹਾਈਡ ਵਿੱਚ ਐਸ਼ਟਨ, ਟੂਰਟੋਨ ਵਿੱਚ ਐਸ਼ਵਰਥ, ਬੂਰੀ ਵਿੱਚ ਗਰਾਂਟ, ਬੋਲਿੰਗਟਨ ਵਿੱਚ ਗਰੈਗ, ਲੀਡਜ਼ ਵਿੱਚ ਮਾਰਸ਼ਲ, ਬੈਲਪੇਰ ਵਿੱਚ ਸਟਰੱਟ, ਸਾਲਟੇਅਰ ਵਿੱਚ ਸਾਲਟ, ਕੋਪਲੇ ਵਿੱਚ ਐਕਰੋਇਡ ਦੇ ਨਾਂ ਅਤੇ ਬਹੁਤ ਸਾਰੇ ਹੋਰਨਾਂ ਦੇ ਨਾਂ ਇਸ ਪੱਖੋਂ ਸਮੁੱਚੇ ਬਰਤਾਨੀਆਂ ਵਿੱਚ ਪ੍ਰਸਿੱਧ ਹਨ।"

ਸਾਦਗੀ ਕਿੰਨੀ ਚੰਗੀ ਚੀਜ਼ ਹੈ ਅਤੇ ਇਹਦੇ ਨਾਲ਼ੋਂ ਹੀ ਚੰਗੀ ਚੀਜ਼ ਹੈ ਅਗਿਆਨਤਾ। ਇੰਗਲੈਂਡ ਦੇ ਫੈਕਟਰੀ ਮਾਲਕਾਂ ਨੇ ਕੇਵਲ "ਐਨ ਪਿੱਛੇ ਜਿਹੇ" ਹੀ ਮਜ਼ਦੂਰਾਂ ਦੇ ਘਰਾਂ ਦੀ ਉਸਾਰੀ ਕਰਨੀ ਸ਼ੁਰੂ ਕੀਤੀ ਹੈ। ਨਹੀਂ ਮੇਰੇ ਪਿਆਰੇ ਸ਼੍ਰੀ ਸਾਕਸ ਸਾਹਿਬ, ਅੰਗਰੇਜ਼ ਸਰਮਾਏਦਾਰ ਕੇਵਲ ਆਪਣੇ ਧਨ ਦੇ ਪੱਖੋਂ ਹੀ ਨਹੀਂ ਸਗੋਂ ਦਿਮਾਗ ਦੇ ਪੱਖੋਂ ਵੀ ਅਸਲੋਂ ਹੀ ਵੱਡੇ ਸਨਅਤਕਾਰ ਹਨ। ਜਰਮਨੀ ਵਿੱਚ ਅਸਲੀ ਅਰਥਾਂ ਵਿੱਚ ਵੱਡੇ ਪੱਧਰ ਉੱਤੇ ਸਨਅਤ ਹੋ ਜਾਣ ਨਾਲ਼ੋਂ ਬੜਾ ਸਮਾਂ ਪਹਿਲਾਂ ਉਹਨਾਂ ਨੇ ਇਹ ਗੱਲ ਸਮਝ ਲਈ ਸੀ ਕਿ ਪੇਂਡੂ ਇਲਾਕਿਆਂ ਵਿੱਚ ਫੈਕਟਰੀ ਦੀ ਪੈਦਾਵਾਰ ਲਈ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੀ ਉਸਾਰੀ ਦਾ ਖਰਚਾ ਪੂੰਜੀ ਦੀ ਸਮੁੱਚੀ ਲਾਗਤ ਦਾ ਇੱਕ ਜ਼ਰੂਰੀ ਭਾਗ ਹੈ ਅਤੇ ਸਿੱਧੇ ਤੇ ਅਸਿੱਧੇ ਤੌਰ 'ਤੇ ਬਹੁਤ ਹੀ ਮੁਨਾਫੇਦਾਇਕ ਭਾਗ ਵੀ ਹੈ। ਬਿਸਮਾਰਕ ਅਤੇ ਜਰਮਨ ਬੁਰਜੂਆਜ਼ੀ ਵਿਚਕਾਰ ਸੰਗਰਾਮ ਵੱਲੋਂ ਜਰਮਨ ਮਜ਼ਦੂਰਾਂ ਨੂੰ ਐਸੋਸੀਏਸ਼ਨ ਦੀ ਅਜ਼ਾਦੀ ਦਿੱਤੇ ਜਾਣ ਤੋਂ ਬੜਾ ਚਿਰ

ਪਹਿਲਾਂ ਇੰਗਲੈਂਡ ਦੇ ਫੈਕਟਰੀ ਖਾਣ ਤੇ ਫਾਊਂਡਰੀ ਮਾਲਕਾਂ ਨੂੰ ਉਸ ਦਬਾਅ ਦਾ ਅਮਲੀ ਤਜ਼ਰਬਾ ਹੋ ਚੁੱਕਿਆ ਸੀ ਜੋ ਉਹ ਹੜਤਾਲੀ ਮਜ਼ਦੂਰਾਂ ਉੱਤੇ ਪਾ ਸਕਦੇ ਹਨ ਜੇਕਰ ਉਹ ਇਹਦੇ ਨਾਲ਼ ਹੀ ਉਹਨਾਂ ਮਜ਼ਦੂਰਾਂ ਦੇ ਘਰਾਂ ਦੇ ਮਾਲਕ ਵੀ ਹੋਣ। ਕਿਸੇ ਗਰੈਗ, ਕਿਸੇ ਐਸ਼ਟਨ ਤੇ ਕਿਸੇ ਐਸ਼ਵਰਥ ਦੀਆਂ "ਪ੍ਰਫੁੱਲਤ ਹੋ ਰਹੀਆਂ ਬਸਤੀਆਂ" ਇਤਨੀਆਂ "ਤਾਜ਼ਾ" ਹਨ ਕਿ ਚਾਲ਼ੀ ਸਾਲ ਪਹਿਲਾਂ ਵੀ ਬੂਰਜੂਆਜ਼ੀ ਉਹਨਾਂ ਦੀ ਨਮੂਨਿਆਂ ਵਜੋਂ ਸ਼ਲਾਘਾ ਕਰਦੀ ਹੁੰਦੀ ਸੀ ਜਿਵੇਂ ਕਿ ਮੈਂ ਖ਼ੁਦ 28 ਸਾਲ ਪਹਿਲਾਂ ਇਹ ਗੱਲ ਲਿਖੀ ਸੀ (ਇੰਗਲੈਂਡ ਵਿੱਚ ਮਜ਼ਦੂਰ ਜਮਾਤ ਦੀ ਹਾਲਤ। 228–30 ਪੰਨਿਆਂ 'ਤੇ ਨੋਟ) (ਵੇਖੋ ਕਾ. ਮਾਰਕਸ ਤੇ ਫ. ਏਂਗਲਜ਼ ਬਾਰੇ, ਮਾਸਕੋ, 1962, ਪੰਨੇ 221–22, —ਸੰਪਾ.)। ਮਾਰਸ਼ਲ ਅਤੇ ਐਕਰਾਇਡ ਦੀਆਂ ਬਸਤੀਆਂ (ਉਹ ਇਹਨਾਂ ਦੇ ਨਾਂ ਇਹਨਾਂ ਅੱਖਰਾਂ ਵਿੱਚ ਹੀ ਲਿਖਦਾ ਹੈ) ਵੀ ਇਨੀਆਂ ਹੀ ਪੁਰਾਣੀਆਂ ਹਨ ਅਤੇ ਸਟੱਰਟ ਦੀ ਬਸਤੀ ਦਾ ਇਹਨਾਂ ਨਾਲ਼ੋਂ ਵੀ ਪਹਿਲਾਂ ਦੀ ਹੈ ਜਿਸ ਦਾ ਆਰੰਭ ਪਿਛਲੀ ਸਦੀ ਵਿੱਚ ਹੋਇਆ ਸੀ। ਇੰਗਲੈਂਡ ਵਿੱਚ ਕਿਉਂਕਿ ਇੱਕ ਮਜ਼ਦੂਰ ਦੇ ਘਰ ਦੀ ਔਸਤ ਹੰਢਣਸਾਰੀ ਚਾਲ਼ੀ ਸਾਲ ਅਨੁਮਾਨੀ ਗਈ ਹੈ, ਸ਼੍ਰੀ ਸਾਕਸ ਉਸ ਟੁੱਟੀ ਭੱਜੀ ਹਾਲਤਾਂ ਨੂੰ ਆਪਣੀਆਂ ਉਂਗਲਾਂ ਉੱਤੇ ਗਿਣ ਸਕਦਾ ਹੈ ਜਿਸ ਵਿੱਚ ਅੱਜ ਇਹ "ਪ੍ਰਫੁੱਲਤ ਹੋ ਰਹੀਆਂ" ਹਨ। ਇਸ ਤੋਂ ਉਪਰੰਤ ਇਹਨਾਂ ਵਿੱਚੋਂ ਬਹੁਤੀਆਂ ਬਸਤੀਆਂ ਹੁਣ ਪੇਂਡੂ ਇਲਾਕਿਆਂ ਵਿੱਚ ਨਹੀਂ ਰਹੀਆਂ। ਸਨਅਤ ਦੇ ਬਹੁਤ ਹੀ ਵੱਡੇ ਪਸਾਰ ਨੇ ਇਹਨਾਂ ਦੁਆਲ਼ੇ ਫੈਕਟਰੀਆਂ ਤੇ ਘਰਾਂ ਨਾਲ਼ ਇਸ ਹੱਦ ਤੱਕ ਘੇਰਾ ਪਾ ਲਿਆ ਹੈ ਕਿ ਹੁਣ ਉਹ 20,000 – 30,000 ਜਾਂ ਇਸ ਤੋਂ ਬਹੁਤੇ ਵਸਨੀਕਾਂ ਵਾਲ਼ੇ ਗੰਦੇ, ਧੂੰਏ ਵਾਲ਼ੇ ਸ਼ਹਿਰਾਂ ਦੇ ਵਿਚਕਾਰ ਆ ਗਈਆਂ ਹਨ। ਪਰ ਇਹ ਸਾਰਾ ਕੁੱਝ ਜਰਮਨ ਬੁਰਜੂਆ ਵਿਗਿਆਨ ਨੂੰ, ਜਿਸ ਦੀ ਪ੍ਰਤੀਨਿਧਤਾ ਸ਼੍ਰੀ ਸਾਕਸ ਕਰ ਰਿਹਾ ਹੈ, ਬੜੀ ਸ਼ਰਧਾ ਨਾਲ਼ 1840 ਦੇ ਪ੍ਰਸ਼ੰਸਾ ਦੇ ਪੁਰਾਣੇ ਅੰਗਰੇਜ਼ੀ ਸੋਹਲੇ ਦੁਹਰਾਉਣ ਤੋਂ ਜੋ ਹੁਣ ਉੱਕਾ ਹੀ ਲਾਗੂ ਨਹੀਂ ਹੁੰਦੇ, ਨਹੀਂ ਰੋਕਦਾ।

ਆਓ! ਅਸੀਂ ਬੁੱਢੇ ਐਕਰਾਇਡ ਦੀ ਮਿਸਾਲ ਲਈਏ! ਇਹ ਭੱਦਰਪੁਰਸ਼ ਯਕੀਨੀ ਤੌਰ 'ਤੇ ਪਹਿਲੇ ਨੰਬਰ ਦਾ ਪਰਉਪਕਾਰੀ ਪੁਰਸ਼ ਸੀ। ਉਹ ਆਪਣੇ ਮਜ਼ਦੂਰਾਂ ਨੂੰ, ਖਾਸ ਕਰਕੇ ਆਪਣੀਆਂ ਨੌਕਰ ਇਸਤਰੀਆਂ ਨੂੰ ਇਸ ਹੱਦ ਤੱਕ ਪਿਆਰ ਕਰਦਾ ਸੀ ਕਿ ਯਾਰਕਸ਼ਾਇਰ ਵਾਲ਼ੇ ਉਹਦੇ ਘੱਟ ਪਰਉਪਕਾਰੀ ਸ਼ਰੀਕ ਉਸ ਬਾਰੇ ਇਹ ਆਖਿਆ ਕਰਦੇ ਸਨ ਕਿ ਉਹ ਆਪਣੀਆਂ ਸਾਰੀਆਂ ਫੈਕਟਰੀਆਂ ਕੇਵਲ ਆਪਣੇ ਬੱਚਿਆਂ ਨਾਲ਼ ਹੀ ਚਲਾਉਂਦਾ ਹੈ। ਇਹ ਸੱਚ ਕਿ ਸ਼੍ਰੀ ਸਾਕਸ ਇਹ ਦਾਅਵਾ ਕਰਦਾ ਹੈ ਕਿ ਇਹਨਾਂ ਪ੍ਰਫੁੱਲਤ ਹੋ ਰਹੀਆਂ ਬਸਤੀਆਂ ਵਿੱਚ ਹਰਾਮੀ ਬੱਚੇ ਵਧੇਰੇ ਹੀ ਵਧੇਰੇ ਘੱਟ ਹੁੰਦੇ ਜਾ ਰਹੇ ਹਨ। (ਪੰਨਾ–118) ਹਾਂ, ਬਾਕਾਇਦਾ ਹੋਏ ਵਿਆਹ ਦੇ ਹਰਾਮੀ ਬੱਚੇ, ਕਿਉਂਕਿ ਇੰਗਲੈਂਡ ਦੇ ਸਨਅਤੀ ਇਲਾਕਿਆਂ ਵਿੱਚ ਖ਼ੂਬਸੂਰਤ ਕੁੜੀਆਂ ਬੜੀ ਨੌਜਵਾਨ ਉਮਰ ਵਿੱਚ ਸ਼ਾਦੀ ਕਰ ਲੈਂਦੀਆਂ ਹਨ।

ਇੰਗਲੈਂਡ ਵਿੱਚ ਵੱਡੀ ਪੇਂਡੂ ਫੈਕਟਰੀ ਦੇ ਨੇੜੇ ਕਰਕੇ ਤੇ ਫੈਕਟਰੀ ਦੇ ਨਾਲ਼ ਹੀ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੀ ਸਥਾਪਨਾ ਕਰਨਾ 60 ਸਾਲਾਂ ਤੇ ਇਸ ਤੋਂ ਵੀ ਵੱਧ ਸਮੇਂ ਤੋਂ ਇੱਕ ਨੇਮ ਬਣਿਆ ਚਲਿਆ ਆ ਰਿਹਾ ਹੈ। ਜਿਵੇਂ ਪਹਿਲਾਂ ਦਸਿਆ ਜਾ ਚੁੱਕਿਆ ਹੈ,

ਇਹਨਾਂ ਫੈਕਟਰੀਆਂ ਵਾਲ਼ੇ ਬਹੁਤ ਸਾਰੇ ਪਿੰਡ ਅਜਿਹਾ ਨਿਊਕਲੀਅਸ ਬਣ ਗਏ ਹਨ ਜਿਨ੍ਹਾਂ ਦਾ ਵਿਕਾਸ ਫੈਕਟਰੀਆਂ ਵਾਲ਼ੇ ਸਮੁੱਚੇ ਸ਼ਹਿਰਾਂ ਵਿੱਚ ਹੋਇਆ ਅਤੇ ਇਸ ਵਿਕਾਸ ਦੇ ਨਾਲ਼ ਨਾਲ਼ ਉਹ ਸਾਰੀਆਂ ਬੁਰਾਈਆਂ ਵੀ ਆਈਆਂ ਜੋ ਫੈਕਟਰੀਆਂ ਵਾਲ਼ਾ ਸ਼ਹਿਰ ਆਪਣੇ ਨਾਲ਼ ਲਿਆਉਂਦਾ ਹੈ। ਇਹਨਾਂ ਬਸਤੀਆਂ ਨੇ, ਇਸ ਲਈ, ਘਰਾਂ ਦਾ ਸਵਾਲ ਹੱਲ ਨਹੀਂ ਕੀਤਾ ਸਗੋਂ ਇਹਦੇ ਉਲਟ ਉਹਨਾਂ ਨੇ ਪਹਿਲਾਂ ਇਹ ਆਪਣੇ ਆਲ਼ੇ ਦੁਆਲ਼ੇ ਅਸਲੋਂ ਹੀ ਪੈਦਾ ਕੀਤਾ ਹੈ।

ਦੂਜੇ ਪਾਸੇ ਉਹਨਾਂ ਦੇਸ਼ਾਂ ਵਿੱਚ ਜੋ ਵੱਡੇ ਪੱਧਰ ਦੀ ਸਨਅਤ ਦੇ ਖੇਤਰ ਵਿੱਚ ਕੇਵਲ ਇੰਗਲੈਂਡ ਪਿੱਛੇ ਹੌਲ਼ੀ ਹੌਲ਼ੀ ਤੁਰੇ ਹਨ ਅਤੇ ਜਿਨ੍ਹਾਂ ਨੂੰ ਅਸਲੋਂ ਹੀ ਇਸ ਗੱਲ ਦਾ ਪਤਾ 1848 ਤੋਂ ਮਗਰੋਂ ਜਾ ਕੇ ਲੱਗਿਆ ਕਿ ਵੱਡੇ ਪੱਧਰ ਦੀ ਸਨਅਤ ਕੀ ਹੁੰਦੀ ਹੈ, ਖਾਸ ਕਰਕੇ ਫ਼ਰਾਂਸ ਅਤੇ ਜਰਮਨੀ ਵਿੱਚ ਹਾਲਤ ਬਿਲਕੁੱਲ ਹੀ ਵੱਖਰੀ ਹੈ। ਇੱਥੇ ਕੇਵਲ ਬਹੁਤ ਵੱਡੀਆਂ ਫਾਊਂਡਰੀਆਂ ਅਤੇ ਫੈਕਟਰੀਆਂ ਹੀ ਸਨ ਜਿਨ੍ਹਾਂ ਨੇ ਬੜੀ ਹਿਚਕਚਾਹਟ ਤੋਂ ਮਗਰੋਂ ਕੁੱਝ ਗਿਣਤੀ ਵਿੱਚ ਮਜ਼ਦੂਰਾਂ ਦੇ ਘਰਾਂ ਦੀ ਉਸਾਰੀ ਕਰਨ ਬਾਰੇ ਫੈਸਲਾ ਕੀਤਾ— ਮਿਸਾਲ ਵਜੋਂ ਕਰੇਊਸੋਟ ਵਿੱਚ ਸ਼ਨੀਦਰ ਵਰਕਸ ਅਤੇ ਏਸੈਨ ਵਿੱਚ ਕਰੁਪ ਵਰਕਸ। ਪੇਂਡੂ ਸਨਅਤਕਾਰਾਂ ਦੀ ਭਾਰੀ ਬਹੁਗਿਣਤੀ ਨੇ ਮਜ਼ਦੂਰਾਂ ਨੂੰ ਹਰ ਸਵੇਰ ਫੈਕਟਰੀਆਂ ਤੱਕ ਪੁੱਜਣ ਲਈ ਮੀਲਾਂ ਦਾ ਸਫ਼ਰ ਗਰਮੀ, ਬਰਫ਼ ਤੇ ਮੀਂਹ ਵਿੱਚ ਹੀ ਕਰਨ ਦਿੱਤਾ ਜੋ ਮੁੜ ਕੇ ਹਰ ਸ਼ਾਮ ਨੂੰ ਆਪਣੇ ਘਰੀਂ ਪਰਤ ਜਾਂਦੇ ਸਨ। ਇਹ ਗੱਲ ਖਾਸ ਕਰਕੇ ਪਹਾੜੀ ਇਲਾਕਿਆਂ ਬਾਰੇ ਹੈ, ਫ਼ਰਾਂਸੀਸੀ ਤੇ ਅਲਸੇਸਨ ਵੋਜੇਸ ਇਲਾਕਿਆਂ ਵਿੱਚ, ਵੂਪੇਰ, ਸੀਜ, ਅਗੇਰ, ਲੀਨੇ ਅਤੇ ਦੂਜੇ ਰਾਈਨਲੈਂਡ-ਵੈਸਟਫੇਲੀਅਨ ਦਰਿਆਵਾਂ ਦੀਆਂ ਘਾਟੀਆਂ ਵਿੱਚ। ਐਰਜ਼ਗੇਬਰਗ ਵਿੱਚ ਵੀ ਸ਼ਾਇਦ ਹਾਲਤ ਇਸ ਨਾਲ਼ੋਂ ਚੰਗੇਰੀ ਨਹੀਂ ਹੈ। ਇਹੋ ਘਟੀਆਂ ਕੰਜੂਸੀ ਜਰਮਨਾਂ ਤੇ ਫ਼ਰਾਂਸੀਸੀਆਂ ਦੋਵਾਂ ਵਿੱਚ ਮਿਲਦੀ ਹੈ।

ਸ਼੍ਰੀ ਸਾਕਸ ਚੰਗੀ ਤਰ੍ਹਾਂ ਜਾਣਦਾ ਹੈ ਕਿ ਬਹੁਤ ਹੀ ਹੋਣਹਾਰ ਆਰੰਭ ਦਾ ਅਤੇ ਪ੍ਰਫੁੱਲਤ ਹੋ ਰਹੀਆਂ ਬਸਤੀਆਂ ਦਾ ਉੱਕਾ ਹੀ ਕੋਈ ਅਰਥ ਨਹੀਂ ਬਣਦਾ। ਇਸੇ ਲਈ ਉਹ ਹੁਣ ਸਰਮਾਏਦਾਰਾਂ ਨੂੰ ਇਹ ਸਿੱਧ ਕਰਨ ਦਾ ਯਤਨ ਕਰ ਰਿਹਾ ਹੈ ਕਿ ਉਹ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੀ ਉਸਾਰੀ ਕਰਕੇ ਸ਼ਾਨਦਾਰ ਕਿਰਾਏ ਹਾਸਲ ਕਰ ਸਕਦੇ ਹਨ। ਦੂਜੇ ਸ਼ਬਦਾਂ ਵਿੱਚ, ਉਹ ਉਹਨਾਂ ਨੂੰ ਮਜ਼ਦੂਰਾਂ ਨੂੰ ਧੋਖਾ ਦੇਣ ਦਾ ਇੱਕ ਨਵਾਂ ਰਾਹ ਵਿਖਾਉਣਾ ਚਾਹੁੰਦਾ ਹੈ।

ਸਭ ਤੋਂ ਪਹਿਲੀ ਗੱਲ, ਉਹ ਉਹਨਾਂ ਨੂੰ ਲੰਡਨ ਦੀਆਂ ਬਹੁਤ ਸਾਰੀਆਂ ਉਸਾਰੀ ਕਰਨ ਵਾਲ਼ੀਆਂ ਸੁਸਾਇਟੀਆਂ ਦੀ ਮਿਸਾਲ ਪੇਸ਼ ਕਰਦਾ ਹੈ ਜੋ ਕੁੱਝ ਕੁੱਝ ਪਰਉਪਕਾਰੀ ਤੇ ਸੱਟੇਬਾਜ ਹਨ ਅਤੇ ਜਿਨ੍ਹਾਂ ਨੇ 4 ਤੋਂ 6 ਫੀਸਦੀ ਦਾ ਜਾਂ ਇਸ ਨਾਲ਼ੋਂ ਵੀ ਵੱਧ ਨਿਰੋਲ ਮੁਨਾਫਾ ਦਿੱਤਾ ਹੈ। ਸ਼੍ਰੀ ਸਾਕਸ ਲਈ ਇਹ ਉੱਕਾ ਹੀ ਜ਼ਰੂਰੀ ਨਹੀਂ ਕਿ ਉਹ ਸਾਨੂੰ ਇਹ ਸਿੱਧ ਕਰੇ ਕਿ ਮਜ਼ਦੂਰਾਂ ਦੇ ਘਰਾਂ ਵਿੱਚ ਲਾਈ ਗਈ ਪੂੰਜੀ ਚੰਗਾ ਮੁਨਾਫਾ ਦਿੰਦੀ ਹੈ। ਇਸ ਗੱਲ ਦਾ ਕਿ ਸਰਮਾਏਦਾਰ ਮਜ਼ਦੂਰਾਂ ਦੇ ਘਰਾਂ ਉੱਤੇ ਕੀਤੀ ਜਾਂਦੀ ਲਾਗਤ ਨਾਲ਼ੋਂ ਵਧੇਰੇ ਲਾਗਤ ਕਿਉਂ

ਨਹੀਂ ਕਰਦੇ ਕਾਰਨ ਇਹ ਹੈ ਕਿ ਵਧੇਰੇ ਮਹਿੰਗੇ ਘਰ ਉਹਨਾਂ ਦੇ ਮਾਲਕਾਂ ਨੂੰ ਹੋਰ ਵੀ ਵਧੇਰੇ ਮੁਨਾਫਾ ਦਿੰਦੇ ਹਨ। ਸ੍ਰੀ ਸਾਕਸ ਵੱਲੋਂ ਸਰਮਾਏਦਾਰਾਂ ਨੂੰ ਉਤਸ਼ਾਹਤ ਕਰਨਾ, ਇਸ ਲਈ, ਇੱਕ ਵਾਰ ਫਿਰ ਨੈਤਿਕ ਉਪਦੇਸ਼ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਰਹਿ ਜਾਂਦਾ।

ਹੁਣ, ਜਿੱਥੋਂ ਤੱਕ ਲੰਡਨ ਦੀਆਂ ਉਸਾਰੀ ਸੁਸਾਇਟੀਆਂ ਦਾ ਸਬੰਧ ਹੈ, ਜਿਨ੍ਹਾਂ ਦੀਆਂ ਸ਼ਾਨਦਾਰ ਸਫਲਤਾਵਾਂ ਦਾ ਢੰਡੋਰਾ ਸ੍ਰੀ ਸਾਕਸ ਉੱਚੀ ਉੱਚੀ ਪਿਟ ਰਿਹਾ ਹੈ, ਉਹਦੇ ਆਪਣੇ ਅੰਕੜਿਆ ਅਨੁਸਾਰ ਉਹਨਾਂ ਸੁਸਾਇਟੀਆਂ ਨੇ — ਅਤੇ ਇਸ ਵਿੱਚ ਉਸਾਰੀ ਦੇ ਸੱਟੇ ਦੀ ਹਰ ਕਿਸਮ ਸ਼ਾਮਲ ਹੈ — ਕੁੱਲ ਮਿਲਾ ਕੇ 2132 ਟੱਬਰਾਂ ਨੂੰ ਤੇ 760 ਇੱਕਲਾਪੇ ਬੰਦਿਆਂ ਨੂੰ ਘਰ ਮੁਹੱਈਆ ਕੀਤੇ, ਭਾਵ 15000 ਨਾਲ਼ੋਂ ਵੀ ਕਿਤੇ ਘੱਟ ਨੂੰ ਅਤੇ ਕੀ ਇਹ ਗੱਲ ਗੰਭੀਰ ਰੂਪ ਵਿਚ ਸਮਝੀ ਗਈ ਹੈ ਕਿ ਇਸ ਕਿਸਮ ਦੇ ਬਚਗਾਨੇਪਣ ਨੂੰ ਜਰਮਨੀ ਵਿਚ ਮਹਾਨ ਸਫਲਤਾ ਵਜੋਂ ਪੇਸ਼ ਕੀਤਾ ਜਾਵੇ ਭਾਵੇਂ ਕਿ ਇਕੱਲੇ ਲੰਡਨ ਦੇ ਈਸਟ ਐਂਡ ਵਿੱਚ 10 ਲੱਖ ਮਜ਼ਦੂਰ ਵੱਧ ਤੋਂ ਵੱਧ ਭੈੜੀਆਂ ਰਿਹਾਇਸ਼ੀ ਹਾਲਤਾਂ ਵਿੱਚ ਰਹਿੰਦੇ ਹਨ ? ਇਹ ਸਮੁੱਚੇ ਪਰਉਪਕਾਰੀ ਯਤਨ ਅਸਲ ਵਿੱਚ ਇੰਨੇ ਬੁਰੀ ਤਰ੍ਹਾਂ ਨਾਲ਼ ਵਿਅਰਥ ਹਨ ਕਿ ਮਜ਼ਦੂਰਾਂ ਦੀਆਂ ਹਾਲਤਾਂ ਸਬੰਧੀ ਇੰਗਲੈਂਡ ਦੀਆਂ ਸੰਸਦੀ ਰਿਪੋਰਟਾਂ ਨੇ ਉਹਨਾਂ ਦਾ ਕਦੀ ਜ਼ਿਕਰ ਤੱਕ ਨਹੀਂ ਕੀਤਾ।

ਅਸੀਂ ਇੱਥੇ ਲੰਡਨ ਬਾਰੇ ਹਾਸੋਹੀਣੀ ਅਗਿਆਨਤਾ ਦੀ ਜੋ ਇਸ ਸਮੁੱਚੇ ਹਿੱਸੇ ਵਿੱਚ ਦਰਸਾਈ ਗਈ ਹੈ, ਗੱਲ ਨਹੀਂ ਕਰਾਂਗੇ। ਪਰ ਕੇਵਲ ਇੱਕ ਨੁਕਤਾ ਹੀ ਲਵਾਂਗੇ। ਸ੍ਰੀ ਸਾਕਸ ਦਾ ਵਿਚਾਰ ਹੈ ਕਿ ਸੋਹੋ ਵਿਚਲੇ ਲਾਜਿਗ ਹਾਊਸ ਫਾਰ ਸਿੰਗਲ ਮੈਨ ਦਾ ਇਸ ਕਰਕੇ ਕਾਰੋਬਾਰ ਬੰਦ ਹੋ ਗਿਆ, ਕਿਉਂਕਿ ਇਹਦੇ ਗਵਾਂਢ ਵਿੱਚ "ਗਾਹਕਾਂ ਦੀ ਵੱਡੀ ਗਿਣਤੀ ਹਾਸਲ ਕਰਨ ਦੀ ਕੋਈ ਆਸ ਨਹੀਂ ਸੀ।" ਸ੍ਰੀ ਸਾਕਸ ਇਹ ਅਨੁਮਾਨ ਲਾਉਂਦਾ ਹੈ ਕਿ ਲੰਡਨ ਦਾ ਸਮੁੱਚਾ ਵੈਸਟ ਐਂਡ ਇੱਕ ਬਹੁਤ ਵੱਡਾ ਐਸ਼ ਕਰ ਰਿਹਾ ਸ਼ਹਿਰ ਹੈ ਅਤੇ ਉਹਨੂੰ ਇਹ ਨਹੀਂ ਪਤਾ ਕਿ ਬਹੁਤ ਖੂਬਸੂਰਤ ਗਲੀਆਂ ਦੇ ਐਨ ਪਿੱਛੇ ਕਰਕੇ ਮਜ਼ਦੂਰਾਂ ਦੇ ਬਹੁਤ ਹੀ ਗੰਦੇ ਕੁਆਟਰ ਦਿਖਾਈ ਦਿੰਦੇ ਹਨ ਜਿਨ੍ਹਾਂ ਵਿੱਚ, ਮਿਸਾਲ ਵਜੋਂ ਸੋਹੋ ਇੱਕ ਹੈ। ਸੋਹੋ ਦਾ ਨਮੂਨੇ ਦਾ ਰਿਹਾਇਸ਼ੀ ਘਰ ਜੀਹਦਾ ਉਹ ਜ਼ਿਕਰ ਕਰਦਾ ਹੈ ਅਤੇ ਜਿਸ ਨੂੰ ਮੈਂ 23 ਵਰ੍ਹੇ ਪਹਿਲਾਂ ਤੋਂ ਜਾਣਦਾ ਹੈ, ਸ਼ੁਰੂ ਵਿੱਚ ਕਾਫੀ ਗਹਿਮਾ ਗਹਿਮੀ ਵਾਲ਼ਾ ਸੀ, ਪਰ ਉਹਨੂੰ ਇਸ ਕਰਕੇ ਬੰਦ ਕਰ ਦਿੱਤਾ ਗਿਆ ਕਿ ਕੋਈ ਵੀ ਆਦਮੀ ਉਹਨੂੰ ਰਿਹਾਇਸ਼ ਕਰਨ ਦੇ ਯੋਗ ਨਹੀਂ ਸੀ ਸਮਝਦਾ ਅਤੇ ਫਿਰ ਵੀ ਇਹ ਸਭ ਤੋਂ ਵਧੀਆਂ ਵਿੱਚੋਂ ਇੱਕ ਸੀ।

ਪਰ ਐਲਸਾਕ ਵਿਚਲੇ ਮੁਲਗਸੈਨ ਨਾਂ ਦੇ ਮਜ਼ਦੂਰਾਂ ਦੇ ਸ਼ਹਿਰ ਬਾਰੇ ਕੀ ਵਿਚਾਰ ਹੈ — ਇਹ ਤਾਂ ਯਕੀਨੀ ਤੌਰ 'ਤੇ ਇੱਕ ਸਫਲਤਾ ਹੈ, ਕੀ ਇਹ ਨਹੀਂ ਹੈ ?

ਮੁਲਗਸੈਨ ਦਾ ਮਜ਼ਦੂਰਾਂ ਦਾ ਸ਼ਹਿਰ ਮਹਾਂਦੀਪ ਬੁਰਜੂਆਜ਼ੀ ਦਾ ਬਹੁਤ ਵੱਡਾ ਵਿਖਾਵੇ ਵਾਲ਼ਾ ਸ਼ਹਿਰ ਹੈ ਜਿਵੇਂ ਐਸਟਨ, ਐਸ਼ਵਰਥ, ਗਰੈਕ ਆਦਿ ਦੀਆਂ ਕਿਸੇ ਸਮੇਂ ਪ੍ਰਫੁੱਲਤ ਹੋ ਰਹੀਆਂ ਬਸਤੀਆਂ ਅੰਗਰੇਜ਼ ਬੁਰਜੂਆਜ਼ੀ ਦੀਆਂ ਹਨ। ਮੰਦੇ ਭਾਗਾਂ ਨੂੰ ਮੁਲਗਸੈਨ ਦੀ ਮਿਸਾਲ "ਅਦਿਖ" ਮਿਲਵਰਤਣ ਦੀ ਨਹੀਂ ਸਗੋਂ ਦੂਜੀ ਫ਼ਰਾਂਸੀਸੀ ਸਲਤਨਤ ਅਤੇ

ਐਲਸਾਕ ਦੇ ਸਰਮਾਏਦਾਰਾਂ ਵਿਚਕਾਰ ਖੁੱਲ੍ਹੇ ਆਮ ਮਿਲਵਰਤਨ ਦੀ ਉਪਜ ਹੈ। ਇਹ ਲੂਈ ਬੋਨਾਪਾਰਟ ਦੇ ਸਮਾਜਵਾਦੀ ਤਜਰਬਿਆਂ ਵਿੱਚੋਂ ਇੱਕ ਹੈ ਜਿਸ ਲਈ ਰਾਜ ਨੇ ਪੂੰਜੀ ਦਾ ਇੱਕਤਿਹਾਈ ਹਿੱਸਾ ਦਿੱਤਾ। 14 ਸਾਲਾਂ ਵਿੱਚ (1867 ਤੱਕ) ਇਹਨੇ 800 ਛੋਟੇ ਘਰ ਉਸਾਰੇ ਤੇ ਇਹ ਅਜਿਹੀ ਨੁਕਸਦਾਰ ਪ੍ਰਣਾਲੀ ਅਨੁਸਾਰ ਕੀਤਾ ਗਿਆ ਜੋ ਇੰਗਲੈਂਡ ਵਿਚ ਅਸੰਭਵ ਹੈ ਜਿੱਥੇ ਉਹ ਇਹਨਾਂ ਚੀਜ਼ਾਂ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਇਹ ਘਰ ਮਜ਼ਦੂਰਾਂ ਨੂੰ ਵਧੇ ਕਿਰਾਏ ਦੀਆਂ ਮਾਸਕ ਕਿਸ਼ਤਾਂ ਦੇ 13 ਤੋਂ 15 ਸਾਲਾਂ ਮਗਰੋਂ ਮਾਲਕ ਬਣ ਜਾਣ ਲਈ ਸੌਂਪੇ ਗਏ। ਐਲਸਾਕ ਦੇ ਬੋਨਾਪਾਰਟਵਾਦੀਆਂ ਲਈ ਜਾਇਦਾਦ ਹਾਸਲ ਕਰਨ ਦੇ ਇਸ ਢੰਗ ਦੀ ਕਾਢ ਕੱਢਣਾ ਜ਼ਰੂਰੀ ਨਹੀਂ ਸੀ, ਇਹ ਤਾਂ ਬੜਾ ਚਿਰ ਪਹਿਲਾਂ ਇੰਗਲੈਂਡ ਦੀਆਂ ਉਸਾਰੀ ਕਰਨ ਵਾਲ਼ੀਆਂ ਸਹਿਕਾਰੀ ਸੁਸਾਇਟੀਆਂ ਨੇ ਚਾਲੂ ਕੀਤਾ ਹੋਇਆ ਸੀ। ਇੰਗਲੈਂਡ ਦੇ ਮੁਕਾਬਲੇ ਵਿੱਚ ਇਹਨਾਂ ਘਰਾਂ ਦੀ ਖਰੀਦ ਲਈ ਅਦਾ ਕੀਤਾ ਵਾਫ਼ਰ ਕਿਰਾਇਆ ਕੁੱਝ ਉੱਚਾ ਹੀ ਹੈ। ਮਿਸਾਲ ਵਜੋਂ 15 ਸਾਲਾਂ ਦੌਰਾਨ ਕਿਸ਼ਤਾਂ ਵਿੱਚ 4500 ਫ਼ਰੈਂਕ ਅਦਾ ਕਰਨ ਮਗਰੋਂ ਮਜ਼ਦੂਰ ਨੂੰ ਉਹ ਘਰ ਮਿਲਦਾ ਹੈ ਜੋ 15 ਸਾਲ ਪਹਿਲਾਂ 3300 ਫ਼ਰੈਂਕ ਦਾ ਸੀ। ਜੇਕਰ ਮਜ਼ਦੂਰ ਕਿਤੇ ਹੋਰ ਜਾਣਾ ਚਾਹੁੰਦਾ ਹੋਵੇ ਜਾਂ ਜੇਕਰ ਉਹ ਕੇਵਲ ਇੱਕੋ ਮਾਹਵਾਰੀ ਕਿਸ਼ਤ ਅਦਾ ਨਾ ਕਰ ਸਕਿਆ ਹੋਵੇ (ਜਿਸ ਹਾਲਤ ਵਿੱਚ ਉਹਨੂੰ ਬੇਦਖ਼ਲ ਕੀਤਾ ਜਾ ਸਕਦਾ ਹੈ), ਤਾਂ ਸਾਲਾਨਾ ਕਿਰਾਏ ਵਜੋਂ ਘਰ ਦੀ ਅਸਲੀ ਕੀਮਤ ਦਾ 6×2/3 ਫੀਸਦੀ ਵਸੂਲ ਕੀਤਾ ਜਾਂਦਾ ਹੈ। (ਮਿਸਾਲ ਵਜੋਂ 3000 ਫ਼ਰੈਂਕ ਦੇ ਮੁੱਲ ਦੇ ਘਰ ਦੇ 17 ਫ਼ਰੈਂਕ ਮਹੀਨਾ) ਅਤੇ ਬਾਕੀ ਦਾ ਉਹਨੂੰ ਅਦਾ ਕਰ ਦਿੱਤਾ ਜਾਂਦਾ ਹੈ, ਪਰ ਸੂਦ ਦਾ ਇੱਕ ਵੀ ਧੇਲਾ ਦਿੱਤੇ ਬਿਨਾਂ। ਇਹ ਗੱਲ ਐਨ ਸਪੱਸ਼ਟ ਹੈ ਕਿ ਅਜਿਹੀਆਂ ਹਾਲਤਾਂ ਵਿੱਚ ਸਮਾਜ "ਰਾਜਕੀ ਸਹਾਇਤਾ" ਤੋਂ ਬਿਲਕੁੱਲ ਇਲਾਵਾ ਅਮੀਰ ਹੋਣ ਦੇ ਸਮਰੱਥ ਹੈ। ਇਵੇਂ ਹੀ ਇਹ ਗੱਲ ਵੀ ਸਪੱਸ਼ਟ ਹੈ ਕਿ ਇਹਨਾਂ ਹਾਲਤਾਂ ਵਿੱਚ ਮੁਹੱਈਆ ਕੀਤੇ ਗਏ ਘਰ ਖ਼ੁਦ ਸ਼ਹਿਰਾਂ ਵਿਚਲੇ ਪੁਰਾਣੇ ਢਾਰਿਆਂ ਨਾਲ਼ੋਂ ਕੇਵਲ ਇਸ ਕਰਕੇ ਹੀ ਚੰਗੇਰੇ ਹਨ ਕਿ ਉਹ ਅਧ ਪੇਂਡੂ ਗਵਾਂਢ ਵਿੱਚ ਸ਼ਹਿਰ ਦੇ ਬਾਹਰ ਕਰਕੇ ਉਸਾਰੇ ਗਏ ਹਨ।

ਸਾਨੂੰ ਉਹਨਾਂ ਕੁੱਝ ਇੱਕ ਨਿਗੂਣੇ ਤਜ਼ਰਬਿਆਂ ਬਾਰੇ ਜੋ ਜਰਮਨੀ ਵਿੱਚ ਕੀਤੇ ਗਏ ਹਨ, ਕੋਈ ਸ਼ਬਦ ਆਖਣ ਦੀ ਕੋਈ ਲੋੜ ਨਹੀਂ; ਸ਼੍ਰੀ ਸਾਕਸ ਵੀ 157 ਪੰਨੇ ਉੱਤੇ ਉਹਨਾਂ ਦੀ ਮੰਦੀ ਹਾਲਤ ਬਾਰੇ ਮੰਨਦਾ ਹੈ।

ਫੇਰ ਇਹ ਸਾਰੀਆਂ ਮਿਸਾਲਾਂ ਪੱਕੀ ਤਰ੍ਹਾਂ ਕੀ ਸਿੱਧ ਕਰਦੀਆਂ ਹਨ ? ਕੇਵਲ ਇੰਨੀ ਗੱਲ ਕਿ ਮਜ਼ਦੂਰਾਂ ਦੇ ਰਿਹਾਇਸ਼ੀ ਘਰਾਂ ਦੀ ਉਸਾਰੀ ਕਰਨੀ ਪੂੰਜੀਵਾਦੀ ਦ੍ਰਿਸ਼ਟੀਕੋਣ ਤੋਂ ਮੁਨਾਫੇ ਬਖਸ਼ ਹੈ, ਉਸ ਹਾਲਤ ਵਿੱਚ ਵੀ ਜਦੋਂ ਸਫ਼ਾਈ ਦੇ ਸਾਰੇ ਕਾਨੂੰਨਾਂ ਨੂੰ ਪੈਰਾਂ ਹੇਠਾਂ ਨਾ ਲਿਤਾੜਿਆ ਗਿਆ ਹੋਵੇ। ਪਰ ਇਸ ਤੋਂ ਤਾਂ ਕਦੀ ਵੀ ਇਨਕਾਰ ਨਹੀਂ ਕੀਤਾ ਗਿਆ; ਸਾਨੂੰ ਸਾਰਿਆਂ ਨੂੰ ਇਹਦਾ ਬੜਾ ਚਿਰ ਪਹਿਲਾਂ ਪਤਾ ਸੀ। ਪੂੰਜੀ ਦੀ ਕੋਈ ਵੀ ਲਾਗਤ ਜਿਹੜੀ ਕਿਸੇ ਵੀ ਮੌਜੂਦ ਲੋੜ ਨੂੰ ਪੂਰਾ ਕਰਦੀ ਹੋਵੇ, ਮੁਨਾਫ਼ਾ ਬਖਸ਼ ਹੁੰਦੀ ਹੈ ਜੇਕਰ ਉਹ ਸ਼ਕਤੀ ਪੂਰਵਕ ਕੀਤੀ ਜਾਵੇ। ਪਰ ਸਵਾਲ ਐਨ ਇਹ ਹੈ ਕਿ ਫੇਰ ਵੀ ਘਰਾਂ ਦੀ ਘਾਟ ਮੌਜੂਦ ਕਿਉਂ

ਰਹਿੰਦੀ ਹੈ, ਫੇਰ ਵੀ ਸਰਮਾਏਦਾਰ ਮਜ਼ਦੂਰਾਂ ਲਈ ਕਾਫ਼ੀ ਤੇ ਸਿਹਤਮੰਦ ਘਰ ਕਿਉਂ ਮੁਹੱਈਆ ਨਹੀਂ ਕਰਦੇ ਅਤੇ ਇਸ ਸਬੰਧ ਵਿੱਚ ਵੀ ਸ਼੍ਰੀ ਸਾਕਸ ਕੋਲ਼ ਇੱਕ ਵਾਰ ਫੇਰ ਸਰਮਾਏਦਾਰ ਨੂੰ ਉਪਦੇਸ਼ ਦੇਣ ਤੋਂ ਬਿਨਾਂ ਹੋਰ ਕੁੱਝ ਨਹੀਂ ਅਤੇ ਉਹ ਸਾਨੂੰ ਜਵਾਬ ਮੁਹੱਈਆ ਕਰਨੋਂ ਅਸਮੱਰਥ ਰਹਿੰਦਾ ਹੈ। ਇਸ ਸਵਾਲ ਦਾ ਅਸਲੀ ਜਵਾਬ ਅਸੀਂ ਉੱਪਰ ਦੇ ਆਏ ਹਾਂ।

ਇਹ ਗੱਲ ਅੰਤਮ ਰੂਪ ਵਿਚ ਸਿੱਧ ਹੋ ਚੁੱਕੀ ਹੈ ਕਿ ਸਰਮਾਏਦਾਰ ਘਰਾਂ ਦੀ ਘਾਟ ਨੂੰ ਖਤਮ ਨਹੀਂ ਕਰਨਾ ਚਾਹੁੰਦੇ ਜੇ ਉਹ ਇਉਂ ਕਰ ਵੀ ਸਕਦੇ ਹੋਣ। ਇਸ ਲਈ ਹੁਣ ਕੇਵਲ ਦੋ ਅਹੁੜ-ਪਹੁੜ ਬਾਕੀ ਰਹਿ ਗਏ ਹਨ : ਮਜ਼ਦੂਰਾਂ ਵੱਲੋਂ ਸਵੈ-ਸਹਾਇਤਾ ਅਤੇ ਰਾਜਕੀ ਸਹਾਇਤਾ।

ਸਵੈ-ਸਹਾਇਤਾ ਦਾ ਜੋਸ਼ੀਲਾ ਪੁਜਾਰੀ ਸ਼੍ਰੀ ਸਾਕਸ ਘਰਾਂ ਦੇ ਸਵਾਲ ਸਬੰਧ ਵਿੱਚ ਵੀ ਚਮਤਕਾਰੀ ਗੱਲਾਂ ਦੱਸਣ ਦੇ ਸਮਰੱਥ ਹੈ। ਮੰਦੇ ਭਾਗਾਂ ਨੂੰ ਉਹਨੂੰ ਮੁੱਢ ਵਿੱਚ ਹੀ ਮਜਬੂਰੀ ਹਾਲਤ ਵਿਚ ਇਹ ਮੰਨਣਾ ਪਿਆ ਕਿ ਸਵੈ ਸਹਾਇਤਾ ਕੇਵਲ ਅਜਿਹੀ ਥਾਂ ਹੀ ਕਾਰਗਰ ਹੋ ਸਕਦੀ ਹੈ ਜਿੱਥੇ ਜਾਂ ਤਾਂ ਕਾਟੇਜ ਪ੍ਰਣਾਲੀ ਪਹਿਲੋਂ ਹੀ ਮੌਜੂਦ ਹੋਵੇ ਜਾਂ ਜਿੱਥੇ ਇਹ ਸੰਭਵ ਹੋਵੇ ਭਾਵ ਇੱਕ ਵਾਰ ਫੇਰ ਕੇਵਲ ਪੇਂਡੂ ਇਲਾਕਿਆਂ ਵਿੱਚ। ਵੱਡੇ ਸ਼ਹਿਰਾਂ ਵਿੱਚ, ਇੱਥੋਂ ਤੱਕ ਕਿ ਇੰਗਲੈਂਡ ਵਿੱਚ ਵੀ ਇਹ ਕੇਵਲ ਬਹੁਤ ਹੀ ਸੀਮਤ ਪੱਧਰ ਉੱਤੇ ਕਾਰਗਰ ਹੋ ਸਕਦੀ ਹੈ। ਫੇਰ ਸ਼੍ਰੀ ਸਾਕਸ ਹਾਉਕਾ ਭਰਦਾ ਹੈ :

"ਇਸ ਢੰਗ ਨਾਲ਼ (ਸਵੈ ਸਹਾਇਤਾ ਰਾਹੀਂ) ਸੁਧਾਰ ਕੇਵਲ ਅਸਿੱਧੇ ਢੰਗ ਨਾਲ਼ ਹੀ ਕੀਤਾ ਜਾ ਸਕਦਾ ਹੈ ਅਤੇ ਇਸ ਲਈ ਇਹ ਹਮੇਸ਼ਾ ਕੇਵਲ ਨਾਮੁਕੰਮਲ ਹੀ ਰਹਿੰਦਾ ਹੈ, ਭਾਵ ਕੇਵਲ ਉਸ ਹੱਦ ਤੱਕ ਜਿਸ ਤੱਕ ਨਿੱਜੀ ਮਾਲਕੀ ਦਾ ਅਸੂਲ ਇਸ ਢੰਗ ਨਾਲ਼ ਮਜ਼ਬੂਤ ਹੁੰਦਾ ਹੈ ਕਿ ਉਹਦਾ ਘਰਾਂ ਦੀ ਕੁਆਲਟੀ ਉੱਤੇ ਪ੍ਰਤੀਕਰਮ ਪੈਂਦਾ ਹੈ।"

ਇਸ ਬਾਰੇ ਵੀ ਸ਼ੱਕ ਪ੍ਰਗਟ ਕੀਤਾ ਜਾ ਸਕਦਾ ਹੈ, ਗੱਲ ਭਾਵੇਂ ਕੋਈ ਹੋਵੇ "ਨਿੱਜੀ ਮਾਲਕੀ ਦੇ ਅਸੂਲ" ਨੇ ਲੇਖਕ ਦੇ ਸਟਾਈਲ ਉੱਤੇ ਕੋਈ ਸੁਧਾਰਨ ਵਾਲ਼ਾ ਅਸਰ ਨਹੀਂ ਪਾਇਆ। ਇਸ ਸਾਰੇ ਕੁੱਝ ਦੇ ਬਾਵਜੂਦ ਇੰਗਲੈਂਡ ਵਿੱਚ ਸਵੈ-ਸਹਾਇਤਾ ਨੇ ਅਜਿਹੇ ਅਜੂਬੇ ਕਰ ਵਿਖਾਏ ਹਨ "ਕਿ ਇਸ ਤਰ੍ਹਾਂ ਉੱਥੇ ਕੀਤੀ ਗਈ ਹਰ ਗੱਲ ਜੋ ਘਰਾਂ ਦੀ ਸਮੱਸਿਆ ਹੱਲ ਕਰਨ ਲਈ ਦੂਜੀਆਂ ਲੀਹਾਂ ਉੱਤੇ ਕੀਤੀ ਗਈ, ਕਿਤੇ ਵੱਧ ਕੀਤੀ ਗਈ ਹੈ।" ਸ਼੍ਰੀ ਸਾਕਸ ਇੰਗਲੈਂਡ ਦੀਆਂ "ਉਸਾਰੀ ਸੁਸਾਇਟੀਆਂ" ਦਾ ਜ਼ਿਕਰ ਕਰਦਾ ਹੈ ਅਤੇ ਉਹ ਖਾਸ ਕਰਕੇ ਵਿਸਥਾਰ ਨਾਲ਼ ਉਹਨਾਂ ਬਾਰੇ ਲਿਖਦਾ ਹੈ ਕਿਉਂਕਿ "ਆਮ ਤੌਰ 'ਤੇ ਉਹਨਾਂ ਦੇ ਲੱਛਣ ਅਤੇ ਸਰਗਰਮੀਆਂ ਬਾਰੇ ਬਹੁਤ ਹੀ ਨਾ ਕਾਫ਼ੀ ਜਾਂ ਗਲਤ ਵਿਚਾਰ ਪ੍ਰਚਲਤ ਹਨ। ਇੰਗਲੈਂਡ ਦੀਆਂ ਉਸਾਰੀ ਸੁਸਾਇਟੀਆਂ ਕਿਸੇ ਤਰ੍ਹਾਂ ਵੀ ਉਸਾਰੀ ਘਰ ਜਾਂ ਉਸਾਰੀ ਦੀਆਂ ਸਹਿਕਾਰੀ ਸਭਾਵਾਂ ਨਹੀਂ ਹਨ; ਉਹਨਾਂ ਦਾ ਵਰਨਣ ਜਰਮਨ ਭਾਸ਼ਾ ਵਿੱਚ ਕੁੱਝ 'ਹਾਉਸਰਵੇਬੇਰੀਨ' (ਘਰ ਹਾਸਲ ਕਰਨ ਵਾਲ਼ੀਆਂ ਐਸੋਸੀਏਸ਼ਨਾਂ) ਵਾਂਗ ਕੀਤਾ ਜਾ ਸਕਦਾ ਹੈ। ਉਹ ਅਜਿਹੀਆਂ ਐਸੋਸੀਏਸ਼ਨਾਂ ਹਨ ਜਿਨ੍ਹਾਂ ਦਾ ਮੰਤਵ ਆਪਣੇ ਮੈਂਬਰਾਂ ਤੋਂ ਸਮੇਂ ਸਮੇਂ ਧਨ ਲੈ ਕੇ ਫੰਡ ਇਕੱਤਰ ਕਰਨਾ ਹੈ ਤਾਂ ਜੋ ਫੇਰ ਇਹਨਾਂ ਫੰਡਾਂ ਵਿੱਚੋਂ ਅਤੇ ਉਹਨਾਂ ਦੇ ਆਕਾਰ ਅਨੁਸਾਰ ਆਪਣੇ

ਮੈਂਬਰਾਂ ਨੂੰ ਘਰ ਖਰੀਦਣ ਲਈ ਕਰਜ਼ੇ ਦਿੱਤੇ ਜਾਣ.... ਇਸ ਤਰ੍ਹਾਂ ਉਸਾਰੀ ਸੁਸਾਇਟੀ ਆਪਣੇ ਮੈਂਬਰਾਂ ਦੇ ਇੱਕ ਹਿੱਸੇ ਲਈ ਇੱਕ ਬਚਤ ਬੈਂਕ ਅਤੇ ਦੂਜੇ ਹਿੱਸੇ ਲਈ ਕਰਜ਼ਾ ਬੈਂਕ ਹੈ। ਇਸ ਲਈ ਉਸਾਰੀ ਸੁਸਾਇਟੀਆਂ ਗਿਰਵੀ ਤੇ ਕਰਜ਼ੇ ਸਬੰਧੀ ਅਦਾਰੇ ਹਨ ਜੋ ਮਜ਼ਦੂਰਾਂ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਬਣਾਏ ਗਏ ਹਨ ਜੋ ਮੁੱਖ ਰੂਪ ਵਿੱਚ ਮਜ਼ਦੂਰਾਂ ਦੀਆਂ ਬਚਤਾਂ ਦੀ ਵਰਤੋਂ ਕਰਦੀਆਂ ਹਨ ਤਾਂ ਜੋ ਉਸੇ ਸਮਾਜਕ ਰੁਤਬੇ ਦੇ ਲੋਕਾਂ ਦੀ ਧਨ ਜਮ੍ਹਾਂ ਕਰਾਉਣ ਵਾਲ਼ਿਆਂ ਵਜੋਂ ਇੱਕ ਘਰ ਖਰੀਦਣ ਜਾਂ ਉਸਾਰਨ ਵਿੱਚ ਮਦਦ ਕੀਤੀ ਜਾ ਸਕੇ। ਜਿਵੇਂ ਕਿ ਫ਼ਰਜ਼ ਕੀਤਾ ਜਾਵੇਗਾ ਕਿ ਅਜਿਹੇ ਕਰਜ਼ੇ ਸਬੰਧਤ ਅਸਲੀ ਜਾਇਦਾਦ ਨੂੰ ਗਿਰਵੀ ਰੱਖ ਕੇ ਦਿੱਤੇ ਜਾਂਦੇ ਹਨ ਅਤੇ ਇਸ ਸ਼ਰਤ ਉੱਤੇ ਦਿੱਤੇ ਜਾਂਦੇ ਹਨ ਕਿ ਉਹਨਾਂ ਨੂੰ ਥੋੜ੍ਹੇ ਥੋੜ੍ਹੇ ਵਕਫ਼ਿਆਂ ਮਗਰੋਂ ਕਿਸ਼ਤਾਂ ਵਿੱਚ ਮੋੜ ਦਿੱਤਾ ਜਾਵੇਗਾ ਜਿਨ੍ਹਾਂ ਵਿੱਚ ਸੂਦ ਅਤੇ ਵਕਫੀ ਇੰਤਕਾਲ ਦੋਵੇਂ ਸ਼ਾਮਲ ਹੁੰਦੇ ਹਨ। ਇਹ ਸੂਦ ਅਮਾਨਤੀਏ ਨੂੰ ਅਦਾ ਨਹੀਂ ਕੀਤਾ ਜਾਂਦਾ ਸਗੋਂ ਉਹਦੇ ਖਾਤੇ ਵਿੱਚ ਜਮ੍ਹਾਂ ਕਰ ਦਿੱਤਾ ਜਾਂਦਾ ਹੈ ਅਤੇ ਇਹ ਮਿਸ਼ਰਤ ਕਰ ਦਿੱਤਾ ਜਾਂਦਾ ਹੈ... ਇਹਦੇ ਮੈਂਬਰ ਕਿਸੇ ਵੀ ਸਮੇਂ ਇੱਕ ਮਹੀਨੇ ਦਾ ਨੋਟਿਸ ਦੇ ਕੇ ਉਹਨਾਂ ਵੱਲੋਂ ਅਦਾ ਕੀਤੀਆਂ ਰਕਮਾਂ ਤੇ ਉਹਨਾਂ ਨਾਲ਼ ਸੂਦ ਵਾਪਸ ਕਰਨ ਦੀ ਮੰਗ ਕਰ ਸਕਦੇ ਹਨ।" (ਪੰਨੇ 170 ਤੋਂ 172) ਇੰਗਲੈਂਡ ਵਿੱਚ ਅਜਿਹੀਆਂ ਸੁਸਾਇਟੀਆਂ ਦੀ ਗਿਣਤੀ ਦੋ ਹਜ਼ਾਰ ਤੋਂ ਵੱਧ ਹੈ ਤੇ ਉਹਨਾਂ ਵੱਲੋਂ ਇਕੱਤਰ ਕੀਤੀ ਗਈ ਸਮੁੱਚੀ ਪੂੰਜੀ ਲਗਭਗ 15,000,000 ਪੌਂਡ ਬਣਦੀ ਹੈ। ਇਸ ਤਰ੍ਹਾਂ ਲਗਭਗ 100,000 ਮਜ਼ਦੂਰ ਟੱਬਰਾਂ ਨੇ ਹੁਣ ਤੱਕ ਆਪਣੇ ਘਰ ਘਾਟ ਲਈ ਕਬਜ਼ਾ ਲੈ ਲਿਆ ਹੈ — ਅਜਿਹੀ ਸਮਾਜਕ ਪ੍ਰਾਪਤੀ ਜਿਸ ਦੀ ਯਕੀਨਨ ਕੋਈ ਮਿਸਾਲ ਨਹੀਂ ਮਿਲਦੀ।" (ਪੰਨਾ-174)

ਮੰਦੇ ਭਾਗਾਂ ਨੂੰ ਇੱਥੇ ਵੀ ਇਹ "ਪਰ" ਹੌਲ਼ੀ ਹੌਲ਼ੀ ਇਹਦੇ ਤੁਰੰਤ ਪਿੱਛੇ ਹੀ ਆ ਜਾਂਦਾ ਹੈ:

"ਪਰ ਇਸ ਢੰਗ ਨਾਲ਼ ਸਮੱਸਿਆ ਦਾ ਹੱਲ ਕਿਸੇ ਤਰ੍ਹਾਂ ਵੀ ਜੇ ਕਿਸੇ ਹੋਰ ਕਾਰਨ ਕਰਕੇ ਨਹੀਂ ਤਾਂ ਇਸ ਕਰਕੇ ਹਾਸਲ ਨਹੀਂ ਕੀਤਾ ਗਿਆ ਕਿ ਘਰ ਹਾਸਲ ਕਰਨਾ ਅਜਿਹੀ ਚੀਜ਼ ਹੈ ਜਿਸ ਉੱਤੇ ਚੰਗੇਰੀ ਸਥਿਤੀ ਵਾਲ਼ੇ ਮਜ਼ਦੂਰ ਹੀ ਧਨ ਖਰਚ ਸਕਦੇ ਹਨ...ਖਾਸ ਕਰਕੇ ਸਫ਼ਾਈ ਦੀਆਂ ਹਾਲਤਾਂ ਨੂੰ ਅਕਸਰ ਹੀ ਕਾਫ਼ੀ ਧਿਆਨ ਵਿੱਚ ਨਹੀਂ ਰਖਿਆ ਜਾਂਦਾ।" (ਪੰਨਾ-176)

ਮਹਾਂਦੀਪ ਵਿੱਚ "ਅਜਿਹੀਆਂ ਐਸੋਸੀਏਸ਼ਨਾਂ ਦੇ ਵਿਕਾਸ ਲਈ ਕੋਈ ਗੁੰਜਾਇਸ਼ ਨਹੀਂ।" ਉਹ ਕਾਟੇਜ ਪ੍ਰਣਾਲੀ ਦੀ ਹੋਂਦ ਬਾਰੇ ਜੋ ਇੱਥੇ ਕੇਵਲ ਪੇਂਡੂ ਇਲਾਕੇ ਵਿੱਚ ਹੀ ਮੌਜੂਦ ਹੈ, ਪੂਰਣ-ਅਨੁਮਾਨ ਲਾਉਂਦੀਆਂ ਹਨ ਅਤੇ ਪੇਂਡੂ ਇਲਾਕਿਆਂ ਵਿਚਲੇ ਮਜ਼ਦੂਰਾਂ ਨੇ ਅਜੇ ਤੱਕ ਇੰਨੀ ਕਾਫੀ ਤਰੱਕੀ ਨਹੀਂ ਕੀਤੀ ਕਿ ਉਹ ਸਵੈ-ਸਹਾਇਤਾ ਕਰ ਸਕਣ। ਦੂਜੇ ਪਾਸੇ ਸ਼ਹਿਰਾਂ ਵਿੱਚ ਜਿੱਥੇ ਉਸਾਰੀ ਸਬੰਧੀ ਅਮਲੀ ਸਹਿਕਾਰੀ ਸਭਾਵਾਂ ਬਣਾਈਆਂ ਜਾ ਸਕਦੀਆਂ ਹਨ, ਉਹਨਾਂ ਸਾਹਮਣੇ ਸਭਨਾਂ ਕਿਸਮਾਂ ਦੀਆਂ ਬਹੁਤ ਹੀ ਨਿਗਰ ਤੇ ਗੰਭੀਰ ਮੁਸ਼ਕਲਾਂ" ਆ ਜਾਂਦੀਆਂ ਹਨ। (ਪੰਨਾ-179) ਉਹ ਕੇਵਲ ਝੁੱਗੀਆਂ ਹੀ ਉਸਾਰ ਸਕਦੀਆਂ ਹਨ ਅਤੇ

ਇਹਦਾ ਸ਼ਹਿਰਾਂ ਵਿੱਚ ਕੋਈ ਲਾਭ ਨਹੀਂ। ਗੱਲ ਕੀ "ਸਹਿਕਾਰੀ ਸਵੈ-ਸਹਾਇਤਾ ਦਾ ਇਹ ਰੂਪ" "ਵਰਤਮਾਨ ਹਾਲਤਾਂ ਵਿੱਚ — ਅਤੇ ਨੇੜੇ ਭਵਿੱਖ ਵਿੱਚ ਵੀ ਨਹੀਂ — ਸਾਡੇ ਸਾਹਮਣੇ ਸਮੱਸਿਆ ਦੇ ਹੱਲ ਵਿੱਚ ਮੁੱਖ ਰੋਲ਼ ਅਦਾ ਨਹੀਂ ਸਕਦਾ" ਤੁਸੀਂ ਜਾਣਦੇ ਹੋ ਕਿ ਇੱਕ ਉਸਾਰੀ ਸੁਸਾਇਟੀਆਂ ਅਜੇ "ਆਪਣੇ ਮੁੱਢਲੇ, ਘੱਟ ਵਿਕਸਿਤ ਪੜਾਅ" ਵਿੱਚ ਹੀ ਹਨ। "ਇਹ ਗੱਲ ਇੰਗਲੈਂਡ ਬਾਰੇ ਵੀ ਸੱਚ ਹੈ।" (ਪੰਨਾ-181)

ਇਸ ਤਰ੍ਹਾਂ ਸਰਮਾਏਦਾਰ ਇਹ ਗੱਲ ਕਰਨਗੇ ਨਹੀਂ ਅਤੇ ਮਜ਼ਦੂਰ ਇਹ ਕਰ ਨਹੀਂ ਸਕਦੇ ਅਤੇ ਇਸੇ ਗੱਲ ਨਾਲ਼ ਅਸੀਂ ਇਸ ਹਿੱਸੇ ਨੂੰ ਬੰਦ ਕਰ ਦਿੰਦੇ ਜੇਕਰ ਇੰਗਲੈਂਡ ਦੀਆਂ ਉਸਾਰੀ ਸੁਸਾਇਟੀਆਂ ਬਾਰੇ ਕੋਈ ਸੂਚਨਾ ਮੁਹੱਈਆ ਕਰਨੀ ਬਿਲਕੁੱਲ ਜ਼ਰੂਰੀ ਨਾ ਹੁੰਦੀ, ਸੁਸਾਇਟੀਆਂ ਜਿਨ੍ਹਾਂ ਨੂੰ ਸੁਲਝੇ — ਡੀਨਿਤਜ਼ਸ਼ ਕਿਸਮ ਦੇ ਬੁਰਜੂਆ ਲੋਕ ਹਮੇਸ਼ਾ ਹੀ ਸਾਡੇ ਮਜ਼ਦੂਰਾਂ ਸਾਹਮਣੇ ਨਮੂਨਿਆਂ ਵਜੋਂ ਪੇਸ਼ ਕਰਦੇ ਹਨ।

ਇਹ ਉਸਾਰੀ ਸੁਸਾਇਟੀਆਂ ਮਜ਼ਦੂਰਾਂ ਦੀਆਂ ਸੁਸਾਇਟੀਆਂ ਨਹੀਂ ਅਤੇ ਨਾ ਹੀ ਮਜ਼ਦੂਰਾਂ ਲਈ ਉਹਨਾਂ ਦੇ ਆਪਣੇ ਘਰਾਂ ਦੀ ਵਿਵਸਥਾ ਕਰਨਾ ਹੀ ਉਹਨਾਂ ਦਾ ਮੁੱਖ ਮੰਤਵ ਹੈ। ਇਹਦੇ ਉਲਟ, ਅਸੀਂ ਵੇਖਾਂਗੇ ਕਿ ਇਹ ਸਭ ਕੁੱਝ ਬਹੁਤੀ ਅਸਾਧਾਰਨ ਰੂਪ ਵਿਚ ਵਾਪਰਦਾ ਹੈ। ਇਹ ਉਸਾਰੀ ਸੁਸਾਇਟੀਆਂ ਜ਼ਰੂਰੀ ਤੌਰ 'ਤੇ ਸੱਟੇ ਦੇ ਅੰਸ਼ ਵਾਲ਼ੀਆਂ ਹੁੰਦੀਆਂ ਹਨ, ਛੋਟੀਆਂ ਸੁਸਾਇਟੀਆਂ ਜੋ ਕਿ ਮੌਲਿਕ ਸੁਸਾਇਟੀਆਂ ਹਨ, ਆਪਣੇ ਵੱਡੇ ਨਕਲਚੀਆਂ ਨਾਲ਼ੋਂ ਇਸ ਲੱਛਣ ਦੀਆਂ ਕੋਈ ਘੱਟ ਮਾਲਕ ਨਹੀਂ ਹੁੰਦੀਆਂ। ਇੱਕ ਜਨਤਕ ਘਰ ਵਿੱਚ, ਆਮ ਤੌਰ 'ਤੇ ਮਾਲਕ ਦੀ ਸ਼ਹਿ ਉੱਤੇ ਜਿਸ ਦੇ ਘਰ ਉਦੋਂ ਹਫ਼ਤੇਵਾਰ ਮੀਟਿੰਗਾਂ ਹੁੰਦੀਆਂ ਹਨ, ਬਕਾਇਦਾ ਗਾਹਕਾਂ ਦੀ, ਉਹਨਾਂ ਦੇ ਮਿੱਤਰਾਂ, ਦੁਕਾਨਦਾਰਾਂ, ਦਫ਼ਤਰੀ ਕਲਰਕਾਂ, ਵਣਜਾਰਿਆਂ, ਉਸਤਾਦ ਕਾਰੀਗਰਾਂ ਤੇ ਦੂਜੇ ਨਿੱਕ-ਬੁਰਜੂਆ ਲੋਕਾਂ — ਕਿਸੇ ਕਿਸੇ ਥਾਂ ਸ਼ਾਇਦ ਕੋਈ ਮਕੈਨਿਕ ਜਾਂ ਆਪਣੀ ਜਮਾਤ ਦੇ ਉੱਚੇ ਲੋਕਾਂ ਨਾਲ਼ ਸਬੰਧਤ ਕੋਈ ਹੋਰ ਮਜ਼ਦੂਰ — ਇੱਕ ਥਾਂ ਜੁੜਦੇ ਹਨ ਅਤੇ ਉਸਾਰੀ ਸਬੰਧੀ ਇੱਕ ਸਹਿਕਾਰੀ ਸਭਾ ਕਾਇਮ ਹੋ ਗਈ। ਤੁਰੰਤ ਮੌਕਾ ਆਮ ਤੌਰ 'ਤੇ ਉਹ ਹੁੰਦਾ ਹੈ ਜਦੋਂ ਮਾਲਕ ਨੇ ਗਵਾਂਢ ਵਿੱਚ ਜਾਂ ਹੋਰ ਕਿਸੇ ਥਾਂ ਜ਼ਮੀਨ ਦਾ ਮੁਕਾਬਲਤਨ ਸਸਤਾ ਪਲਾਟ ਲੱਭਿਆ ਹੁੰਦਾ ਹੈ। ਬਹੁਤੇ ਮੈਂਬਰ ਆਪਣੇ ਕਿੱਤਿਆ ਰਾਹੀਂ ਕਿਸੇ ਖਾਸ ਥਾਂ ਨਾਲ਼ ਬੱਝੇ ਨਹੀਂ ਹੁੰਦੇ। ਇੱਥੋਂ ਤੱਕ ਕਿ ਬਹੁਤ ਸਾਰੇ ਦੁਕਾਨਦਾਰਾਂ ਅਤੇ ਕਾਰੀਗਰਾਂ ਕੋਲ਼ ਸ਼ਹਿਰ ਵਿੱਚ ਕੇਵਲ ਕਾਰੋਬਾਰ ਕਰਨ ਵਾਲ਼ੀਆਂ ਥਾਂਵਾਂ ਹੀ ਹਨ, ਪਰ ਰਹਿਣ ਲਈ ਕੁਆਰਟਰ ਨਹੀਂ ਹੁੰਦੇ। ਇਉਂ ਕਰ ਸਕਣ ਦੀ ਪੋਜੀਸ਼ਨ ਵਿੱਚ ਹੋਣ ਵਾਲ਼ਾ ਹਰ ਆਦਮੀ ਧੂੰਏ ਵਾਲ਼ੇ ਸ਼ਹਿਰ ਦੇ ਕੇਂਦਰ ਵਿੱਚ ਰਹਿਣ ਦੀ ਬਜਾਏ ਨਾਲ਼ ਲੱਗਦੀਆਂ ਬਸਤੀਆਂ ਵਿੱਚ ਰਹਿਣਾ ਪਸੰਦ ਕਰਦਾ ਹੈ। ਉਸਾਰੀ ਵਾਲ਼ਾ ਪਲਾਟ ਖਰੀਦ ਲਿਆ ਜਾਂਦਾ ਹੈ ਅਤੇ ਜਿੰਨੀਆਂ ਸੰਭਵ ਹੋ ਸਕਦੀਆਂ ਹਨ ਉਸ ਉੱਤੇ ਝੁੱਗੀਆਂ ਪਾ ਦਿੱਤੀਆਂ ਜਾਂਦੀਆਂ ਹਨ, ਵਧੇਰੇ ਨਿਗਰ ਗਿਣਤੀ ਵਿੱਚ ਮੈਂਬਰਾਂ ਦਾ ਕਰਜ਼ਾ ਇਸ ਖਰੀਦ ਨੂੰ ਸੰਭਵ ਬਣਾਉਂਦਾ ਹੈ ਅਤੇ ਕੁੱਝ ਇੱਕ ਨਿੱਕੇ ਨਿੱਕੇ ਕਰਜ਼ਿਆਂ ਦੇ ਨਾਲ਼ ਦਿੱਤੀਆਂ ਹਫਤੇਵਾਰੀ ਰਕਮਾਂ ਉਸਾਰੀ ਦੇ ਹਫਤੇਵਾਰ ਖਰਚੇ ਪੂਰੇ ਕਰਦੀਆਂ ਹਨ। ਉਹਨਾਂ ਮੈਂਬਰਾਂ ਨੂੰ ਜੋ ਖੁਦ ਆਪਣਾ ਘਰ ਹਾਸਲ

ਕਰਨਾ ਚਾਹੁੰਦੇ ਹਨ, ਲਾਟਰੀ ਨਾਲ਼ ਇਹ ਝੁੱਗੀਆਂ ਮਿਲ ਜਾਂਦੀਆਂ ਹਨ ਜਦੋਂ ਉਹਨਾਂ ਦੀ ਉਸਾਰੀ ਮੁਕੰਮਲ ਹੋ ਜਾਂਦੀ ਹੈ ਅਤੇ ਉਚਿੱਤ ਵਾਫ਼ਰ ਕਿਰਾਇਆ ਕੀਮਤ ਖਰੀਦ ਦੇ ਵਕਫ਼ੀ ਇੰਤਕਾਲ ਦਾ ਕੰਮ ਦਿੰਦਾ ਹੈ। ਬਾਕੀ ਬੱਚਦੀਆਂ ਝੁੱਗੀਆਂ ਨੂੰ ਜਾਂ ਤਾਂ ਕਿਰਾਏ ਉੱਤੇ ਦੇ ਦਿੱਤਾ ਜਾਂਦਾ ਹੈ ਜਾਂ ਵੇਚ ਦਿੱਤਾ ਜਾਂਦਾ ਹੈ, ਫੇਰ ਵੀ ਉਸਾਰੀ ਸੁਸਾਇਟੀ ਜੇ ਉਹ ਚੰਗਾ ਕਾਰੋਬਾਰ ਕਰਦੀ ਹੈ, ਲਗਭਗ ਕਾਫ਼ੀ ਨਿਗਰ ਰਕਮ ਇਕੱਤਰ ਕਰ ਲੈਂਦੀ ਹੈ। ਇਹ ਤੇ ਮੈਂਬਰਾਂ ਦੀ ਜਾਇਦਾਦ ਬਣੀ ਰਹਿੰਦੀ ਹੈ, ਪਰ ਸ਼ਰਤ ਇਹ ਹੈ ਕਿ ਉਹ ਆਪਣਾ ਹਿੱਸਾ ਪਾਉਣਾ ਜਾਰੀ ਰੱਖਣ ਅਤੇ ਇਹਦੀ ਸਮੇਂ ਸਮੇਂ ਜਾਂ ਜਦੋਂ ਸੁਸਾਇਟੀ ਖਤਮ ਕਰ ਦਿੱਤੀ ਜਾਂਦੀ ਹੈ, ਉਹਨਾਂ ਵਿੱਚ ਵੰਡ ਕਰ ਦਿੱਤੀ ਜਾਂਦੀ ਹੈ। ਇੰਗਲੈਂਡ ਦੀਆਂ 10 ਉਸਾਰੀ ਸੁਸਾਇਟੀਆਂ ਵਿੱਚ 9 ਦੀ ਅਜਿਹੀ ਜੀਵਨ-ਕਥਾ ਹੈ। ਦੂਜੀਆਂ ਵਡੇਰੀਆਂ ਐਸੋਸੀਏਸ਼ਨਾਂ ਹਨ ਜੋ ਕਈ ਵਾਰ ਰਾਜਨੀਤਕ ਜਾ ਪਰਉਪਕਾਰੀ ਬੁਲਾਰਿਆਂ ਥੱਲੇ ਬਣਾਈਆਂ ਜਾਂਦੀਆਂ ਹਨ, ਪਰ ਅਖੀਰ ਵਿੱਚ ਉਹਨਾਂ ਦਾ ਮੁੱਖ ਮੰਤਵ ਹਮੇਸ਼ਾ ਹੀ ਛੋਟੀ ਬੁਰਜੂਆਜ਼ੀ ਦੀਆਂ ਬਚਤਾਂ ਲਈ ਸੂਦ ਦੀ ਚੰਗੀ ਦਰ ਉੱਤੇ ਅਤੇ ਅਗਲੀ ਜਾਇਦਾਦ ਵਿੱਚ ਸੱਟੇ ਤੋਂ ਮੁਨਾਫਿਆਂ ਦੀ ਸੰਭਾਵਨਾ ਵਾਲ਼ੀ, ਵਧੇਰਾ ਮੁਨਾਫਾ ਦੇਣ ਵਾਲ਼ੀ ਮਾਰਗੇਜ ਲਾਗਤ ਮੁਹੱਈਆ ਕਰਨਾ ਹੁੰਦਾ ਹੈ।

ਇਹ ਸੁਸਾਇਟੀਆਂ ਕਿਸ ਕਿਸਮ ਦੇ ਗਾਹਕਾਂ ਉੱਤੇ ਸੱਟਾ ਲਾਉਂਦੀਆਂ ਹਨ, ਇਹ ਗੱਲ ਉਹਨਾਂ ਵਿੱਚੋਂ ਸਭ ਤੋਂ ਵੱਡੀ ਨਹੀਂ ਤਾਂ ਸਭ ਤੋਂ ਵੱਡੀਆਂ ਵਿੱਚੋਂ ਇੱਕ ਦੇ ਪਛਾਣ-ਪੱਤਰ ਤੋਂ ਵੇਖੀ ਜਾ ਸਕਦੀ ਹੈ। ਬਿਰਕਬੈਕ ਬਿਲਡਿੰਗ ਸੁਸਾਇਟੀ, 29 ਅਤੇ 30 ਸਾਊਥੈਮਪਟਨ ਬਿਲਡਿੰਗਜ਼, ਚਾਮਰੀ ਲੇਨ, ਲੰਡਨ, ਜੀਹਦੀ ਕੁੱਲ ਆਮਦਨੀ ਉਹਦੀ ਨੀਂਹ ਰੱਖੇ ਜਾਣ ਤੋਂ ਮਗਰੋਂ ਕੁੱਲ ਮਿਲਾ ਕੇ 10,500,000 ਪੌਂਡ (70,000,000 ਟਾਲੇਰ) ਹੈ ਤੇ ਜਿਸ ਦੇ 416,000 ਪੌਂਡ ਬੈਂਕ ਵਿੱਚ ਹਨ ਜਾਂ ਸਰਕਾਰੀ ਹੁੰਡੀਆਂ ਵਿੱਚ ਲਾਏ ਹੋਏ ਹਨ ਤੇ ਜਿਸ ਵਿੱਚ 21441 ਮੈਂਬਰ ਤੇ ਅਮਾਨਤੀਏ ਮੈਂਬਰ ਹਨ, ਹੇਠਾਂ ਲਿਖੇ ਢੰਗ ਨਾਲ਼ ਜਨਤਾ ਨੂੰ ਆਪਣੀ ਜਾਣ ਪਛਾਣ ਕਰਾਉਂਦੀ ਹੈ:

"ਬਹੁਤੇ ਲੋਕ ਪਿਆਨੋ ਤਿਆਰ ਕਰਨ ਵਾਲ਼ਿਆਂ ਦੀ ਕਥਿਤ ਤਿੰਨਾ ਸਾਲਾ ਪ੍ਰਣਾਲੀ ਤੋਂ ਜਾਣੂੰ ਹਨ ਜਿਸ ਅਧੀਨ ਕੋਈ ਵੀ ਆਦਮੀ ਜਿਨ੍ਹਾਂ ਨੇ ਤਿੰਨ ਸਾਲਾਂ ਲਈ ਪਿਆਨੋ ਕਿਰਾਏ ਉੱਤੇ ਲਿਆ ਹੋਵੇ, ਉਹ ਸਮਾਂ ਲੰਘ ਜਾਣ ਮਗਰੋਂ ਉਹਦਾ ਮਾਲਕ ਬਣ ਜਾਂਦਾ ਹੈ। ਇਸ ਪ੍ਰਣਾਲੀ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਸੀਮਤ ਆਮਦਨੀ ਵਾਲ਼ੇ ਲੋਕਾਂ ਲਈ ਇੱਕ ਚੰਗਾ ਪਿਆਨੋ ਹਾਸਲ ਕਰਨਾ ਉਸੇ ਤਰ੍ਹਾਂ ਮੁਸ਼ਕਲ ਸੀ ਜਿਵੇਂ ਖੁਦ ਆਪਣਾ ਘਰ ਹਾਸਲ ਕਰਨਾ। ਸਾਲੋ ਸਾਲ ਅਜਿਹੇ ਲੋਕੀਂ ਪਿਆਨੋ ਦਾ ਕਿਰਾਇਆ ਭਰਦੇ ਆਉਂਦੇ ਸਨ ਅਤੇ ਉਹ ਪਿਆਨੋ ਦੇ ਮੁੱਲ ਨਾਲ਼ੋਂ ਦੁਗਣਾ ਜਾਂ ਤਿਗੁਣਾ ਧਨ ਖਰਚ ਕਰ ਦਿੰਦੇ ਸਨ। ਜੋ ਗੱਲ ਪਿਆਨੋ ਉੱਤੇ ਢੁਕਦੀ ਹੈ, ਉਹੀ ਘਰ ਉੱਤੇ ਵੀ ਢੁਕਦੀ ਹੈ। ... ਪਰ ਕਿਉਂਕਿ ਇੱਕ ਘਰ ਉੱਤੇ ਪਿਆਨੋ ਨਾਲ਼ੋਂ ਖਰਚ ਵਧੇਰੇ ਆਉਂਦਾ ਹੈ, ਇਸ ਲਈ ਵਧੇਰੇ ਸਮਾਂ ਲੱਗਦਾ ਹੈ। ਨਤੀਜੇ ਵਜੋਂ, ਡਾਇਰੈਕਟਰਾਂ ਨੇ ਲੰਡਨ ਦੇ ਵੱਖ ਵੱਖ ਭਾਗਾਂ ਤੋਂ ਬਾਹਰੀ ਬਸਤੀਆਂ ਵਿੱਚ ਘਰ ਮਾਲਕਾਂ ਨਾਲ਼ ਇੱਕ ਸਮਝੌਤਾ ਕੀਤਾ ਜੋ ਉਹਨਾਂ ਨੂੰ ਬਿਰਕਬੈਕ ਬਿਲਡਿੰਗ ਸੁਸਾਇਟੀ ਦੇ

ਮੈਂਬਰਾਂ ਅਤੇ ਹੋਰਨਾਂ ਨੂੰ ਸ਼ਹਿਰ ਦੇ ਬਹੁਤ ਹੀ ਵੱਖ ਵੱਖ ਭਾਗਾਂ ਵਿੱਚ ਘਰਾਂ ਦੀ ਵਿਸ਼ਾਲ ਚੋਣ ਪੇਸ਼ ਕਰਨ ਦੇ ਸਮੱਰਥ ਬਣਾਉਂਦਾ ਹੈ। ਉਹ ਪ੍ਰਣਾਲੀ ਜੋ ਡਾਇਰੈਕਟਰਾਂ ਦਾ ਬੋਰਡ ਚਾਲੂ ਕਰਨ ਦਾ ਇਰਾਦਾ ਰੱਖਦਾ ਹੈ, ਹੇਠਾਂ ਲਿਖੇ ਅਨੁਸਾਰ ਹੈ, ਉਹ ਇਹ ਘਰ 12.5 ਸਾਲਾਂ ਲਈ ਕਿਰਾਏ ਉਹ ਦੇਵੇਗੀ ਅਤੇ ਇਸ ਸਮੇਂ ਦੇ ਅੰਤ ਉੱਤੇ, ਜੇਕਰ ਕਿਰਾਇਆ ਬਕਾਇਦਗੀ ਨਾਲ਼ ਅਦਾ ਕੀਤਾ ਗਿਆ ਹੋਵੇਗਾ, ਕਿਰਾਏਦਾਰ ਕੋਈ ਵੀ ਹੋਰ ਅਦਾਇਗੀ ਕੀਤੇ ਬਿਨਾਂ ਘਰ ਦਾ ਪੂਰਾ ਮਾਲਕ ਬਣ ਜਾਵੇਗਾ.... ਕਿਰਾਏਦਾਰ ਉਚੇਰੇ ਕਿਰਾਏ ਉੱਤੇ ਥੋੜ੍ਹੇ ਸਮੇਂ ਲਈ ਜਾਂ ਘੱਟ ਕਿਰਾਏ ਉੱਤੇ ਬਹੁਤੇ ਸਮੇਂ ਲਈ ਵੀ ਇਕਰਾਰਨਾਮਾ ਕਰ ਸਕਦਾ ਹੈ... ਸੀਮਤ ਆਮਦਨੀ ਵਾਲ਼ੇ ਲੋਕ, ਕਲਰਕ, ਦੁਕਾਨ-ਸਹਾਇਕ ਤੇ ਦੂਜੇ ਲੋਕ ਬਿਰਕਬੈਕ ਬਿਲਡਿੰਗ ਸੁਸਾਇਟੀ ਦੇ ਮੈਂਬਰ ਬਣ ਕੇ ਤੁਰੰਤ ਹੀ ਆਪਣੇ ਆਪ ਨੂੰ ਮਕਾਨ ਮਾਲਕਾਂ ਤੋਂ ਅਜ਼ਾਦ ਕਰ ਸਕਦੇ ਹਨ।"

ਗੱਲ ਕਾਫੀ ਸਪੱਸ਼ਟ ਹੋ ਗਈ ਹੈ। ਮਜ਼ਦੂਰਾਂ ਦਾ ਕੋਈ ਜ਼ਿਕਰ ਨਹੀਂ ਸਗੋਂ ਸੀਮਤ ਆਮਦਨੀ ਵਾਲ਼ਿਆਂ, ਕਲਰਕਾਂ ਤੇ ਦੁਕਾਨ-ਸਹਾਇਕਾਂ ਆਦਿ ਦਾ ਜ਼ਿਕਰ ਹੈ ਅਤੇ ਇਸ ਤੋਂ ਉਪਰੰਤ ਇਹ ਵੀ ਫ਼ਰਜ਼ ਕੀਤਾ ਗਿਆ ਹੈ ਕਿ ਆਮ ਤੌਰ 'ਤੇ, ਦਰਖਾਸਤ ਦੇਣ ਵਾਲ਼ਿਆਂ ਕੋਲ਼ ਪਿਆਨੋ ਵੀ ਹੋਵੇਗਾ। ਅਸਲ ਵਿੱਚ ਇੱਥੇ ਅਸੀਂ ਮਜ਼ਦੂਰਾਂ ਦੀ ਨਹੀਂ ਸਗੋਂ, ਨਿੱਕ-ਬੁਰਜੂਆ ਲੋਕਾਂ ਦੀ ਗੱਲ ਕਰਦੇ ਹਾਂ ਅਤੇ ਉਹਨਾਂ ਲੋਕਾਂ ਦੀ ਜੋ ਅਜਿਹਾ ਬਣਨਾ ਪਸੰਦ ਕਰਦੇ ਹਨ ਅਤੇ ਬਣਨ ਦੇ ਸਮਰਥ ਹਨ, ਲੋਕ ਜਿਨ੍ਹਾਂ ਦੀਆਂ ਆਮਦਨੀਆਂ ਆਮ ਤੌਰ 'ਤੇ ਸਹਿਜੇ ਸਹਿਜੇ ਵੱਧਦੀਆਂ ਰਹਿੰਦੀਆਂ ਹਨ, ਭਾਵੇਂ ਇਹ ਕੁੱਝ ਹੱਦਾਂ ਵਿੱਚ ਹੀ ਹੁੰਦਾ ਹੈ ਜਿਵੇਂ ਕਿ ਕਲਰਕ ਤੇ ਅਜਿਹੇ ਹੋਰ ਮੁਲਾਜ਼ਮ। ਇਹਦੇ ਉਲਟ ਮਜ਼ਦੂਰ ਦੀ ਆਮਦਨੀ ਵੱਧ ਤੋਂ ਵੱਧ ਓਨੀ ਹੀ ਰਹਿੰਦੀ ਹੈ ਅਤੇ ਅਸਲ ਵਿੱਚ ਉਹਦੇ ਟੱਬਰ ਦੇ ਵਾਧੇ ਤੇ ਉਹਦੀਆਂ ਵੱਧਦੀਆਂ ਲੋੜਾਂ ਦੀ ਨਿਸਬਤ ਨਾਲ਼ ਘੱਟਦੀ ਹੈ। ਅਸਲ ਵਿਚ ਕੇਵਲ ਕੁੱਝ ਇੱਕ ਮਜ਼ਦੂਰ ਹੀ, ਛੋਟ ਵਜੋਂ, ਅਜਿਹੀਆਂ ਸੁਸਾਇਟੀਆਂ ਦੇ ਮੈਂਬਰ ਬਣ ਸਕਦੇ ਹਨ। ਇੱਕ ਪਾਸੇ ਤਾਂ ਉਹਨਾਂ ਦੀ ਆਮਦਨੀ ਬੜੀ ਘਟ ਹੈ ਅਤੇ ਦੂਜੇ ਪਾਸੇ ਉਹਨਾਂ ਦਾ ਲੱਛਣ ਇੰਨਾ ਬੇਯਕੀਨਾ ਹੁੰਦਾ ਹੈ ਕਿ ਉਹ ਅਗਲੇ 12.5 ਸਾਲਾਂ ਦੀਆਂ ਜ਼ਿੰਮੇਵਾਰੀਆਂ ਚੁੱਕਣ ਦੇ ਸਮੱਰਥ ਨਹੀਂ ਹੁੰਦੇ। ਕੁੱਝ ਇੱਕ ਛੋਟਾਂ ਜਿੱਥੇ ਇਹ ਗੱਲ ਲਾਗੂ ਨਹੀਂ ਹੁੰਦੀ, ਜਾਂ ਸਭ ਤੋਂ ਵੱਧ ਤਨਖਾਹ ਪਾਉਣ ਵਾਲ਼ੇ ਮਜ਼ਦੂਰ ਜਾਂ ਫੋਰਮੈਨ ਹਨ। (ਇੱਥੇ ਅਸੀਂ ਉਸ ਢੰਗ ਬਾਰੇ ਥੋੜ੍ਹਾ ਜਿਹਾ ਹੋਰ ਵਾਧਾ ਦਸ ਦੇਈਏ ਜਿਸ ਨਾਲ਼ ਇਹਨਾਂ ਉਸਾਰੀ ਐਸੋਸੀਏਸ਼ਨਾਂ ਦਾ, ਖਾਸ ਕਰਕੇ ਲੰਡਨ ਦੀਆਂ ਉਸਾਰੀ ਐਸੋਸੀਏਸ਼ਨਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਜਿਵੇਂ ਕਿ ਜਾਣਿਆਂ ਜਾਂਦਾ ਹੈ, ਉਹ ਸਮੁੱਚੀ ਜ਼ਮੀਨ ਜਿਸ ਉੱਤੇ ਲੰਡਨ ਉਸਾਰਿਆ ਗਿਆ ਹੈ, ਲਗਭਗ ਇੱਕ ਦਰਜਨ ਰਈਸਾਂ ਦੀ ਮਲਕੀਅਤ ਹੈ ਜਿਨ੍ਹਾਂ ਵਿੱਚ ਸਭ ਤੋਂ ਪ੍ਰਸਿੱਧ ਹਨ ਡਿਊਕ ਆਫ਼ ਵੈਸਟ ਮਿਨਸਟਰ, ਡਿਊਕ ਆਫ਼ ਬੈਡਫੋਰਡ ਅਤੇ ਡਿਊਕ ਆਫ਼ ਪੋਰਟਲੈਂਡ ਆਦਿ। ਉਹਨਾਂ ਨੇ ਮੁੱਢ ਵਿੱਚ ਵੱਖ ਵੱਖ ਉਸਾਰੀ ਥਾਵਾਂ 99 ਸਾਲਾਂ ਲਈ ਪਟੇ ਉੱਤੇ ਦਿੱਤੀਆਂ ਅਤੇ ਮਿਆਦ ਲੰਘ ਜਾਣ ਮਗਰੋਂ ਉਹਨਾਂ ਨੇ ਜ਼ਮੀਨ ਉੱਤੇ, ਉਸ ਉਤਲੀਆਂ ਸਾਰੀਆਂ ਚੀਜ਼ਾਂ ਸਮੇਤ ਕਬਜ਼ਾ ਕਰ ਲਿਆ ਹੈ, ਫੇਰ ਉਹਨਾਂ ਨੇ ਇਹ ਘਰ ਥੋੜ੍ਹੀ ਮਿਆਦ ਵਾਲ਼ੇ ਮਿਸਾਲ ਵਜੋਂ 39 ਸਾਲਾ ਕਥਿਤ ਮੁਰੰਮਤੀ-ਪਟਿਆ ਉੱਤੇ, ਦੇ ਦਿੱਤੇ ਜਿਸ

ਅਨੁਸਾਰ ਪਟੇਦਾਰ ਨੇ ਘਰ ਦੀ ਮੁਰੰਮਤ ਕਰਵਾਉਣੀ ਹੁੰਦੀ ਹੈ ਅਤੇ ਉਹਨੂੰ ਚੰਗੀ ਹਾਲਤ ਵਿਚ ਰੱਖਣਾ ਹੁੰਦਾ ਹੈ। ਜਿਉਂ ਹੀ ਇਕਰਾਰਨਾਮਾ ਇੱਥੇ ਤੱਕ ਪੁੱਜਦਾ ਹੈ ਤਾਂ ਮਾਲਕ ਮਕਾਨ ਘਰ ਦਾ ਮੁਆਇਨਾ ਕਰਨ ਅਤੇ ਲੋੜੀਂਦੀਆਂ ਮੁਰੰਮਤਾਂ ਮਿੱਥਣ ਲਈ ਆਪਣਾ ਉਸਰੱਈਆ ਤੇ ਇਲਾਕਾ ਸਰਵੇਅਰ ਭੇਜ ਦਿੰਦਾ ਹੈ। ਇਹ ਮੁਰੰਮਤਾਂ ਕਈ ਵਾਰ ਬਹੁਤ ਜ਼ਿਆਦਾ ਹੁੰਦੀਆਂ ਹਨ ਅਤੇ ਇਸ ਵਿੱਚ ਸਮੁੱਚੇ ਅਗਲੇ ਹਿਸੇ ਨੂੰ ਮੁੜ ਨਵਾਂ ਕਰਨਾ ਜਾਂ ਛੱਤ ਨੂੰ ਬਦਲਣਾ ਆਦਿ ਵੀ ਸ਼ਾਮਲ ਹੁੰਦਾ ਹੈ। ਪਟੇਦਾਰ ਹੁਣ ਆਪਣੇ ਪਟੇ ਨੂੰ ਉਸਾਰੀ ਐਸੋਸੀਏਸ਼ਨ ਕੋਲ਼ ਇੱਕ ਹੁੰਡੀ ਵਜੋਂ ਜਮ੍ਹਾਂ ਕਰ ਦਿੰਦਾ ਹੈ ਅਤੇ ਇਸ ਸੁਸਾਇਟੀ ਤੋਂ ਲੋੜੀਂਦੇ ਧਨ ਦਾ ਕਰਜ਼ਾ— 130-150 ਪੌਂਡ ਸਾਲਾਨਾ ਕਿਰਾਇਆ ਦੇਣ ਵਾਲ਼ਿਆਂ ਨੂੰ 1000 ਪੌਂਡ ਤੱਕ ਜਾਂ ਇਸ ਤੋਂ ਵੀ ਵੱਧ — ਉਹਦੀ ਕੀਮਤ ਉੱਤੇ ਇਮਾਰਤ ਦੀ ਮੁਰੰਮਤ ਕਰਵਾਉਣ ਲਈ ਦਿੱਤਾ ਜਾਂਦਾ ਹੈ। ਇਹ ਉਸਾਰੀ ਐਸੋਸੀਏਸ਼ਨਾਂ ਇਸ ਤਰ੍ਹਾਂ ਅਜਿਹੀ ਪ੍ਰਣਾਲੀ ਵਿੱਚ ਇੱਕ ਅਹਿਮ ਦਰਮਿਆਨੀ ਕੜੀ ਬਣ ਗਈਆਂ ਹਨ, ਜਿਸ ਦਾ ਮੰਤਵ ਵੱਡੇ ਜ਼ਮੀਨ ਮਾਲਕਾਂ ਦੇ ਲੰਡਨ ਦੇ ਘਰਾਂ ਨੂੰ, ਉਹਨਾਂ ਰਈਸਾਂ ਨੂੰ ਕੋਈ ਤਕਲੀਫ਼ ਦਿੱਤੇ ਬਿਨਾਂ ਅਤੇ ਲੋਕਾਂ ਦੀ ਕੀਮਤ ਉੱਤੇ ਲਗਾਤਾਰ ਮੁੜ ਨਵਾਂ ਕਰਨਾ ਅਤੇ ਰਿਹਾਇਸ਼ ਯੋਗ ਹਾਲਤ ਵਿੱਚ ਕਾਇਮ ਰੱਖਣਾ ਹੈ ਅਤੇ ਇਸ ਨੂੰ ਮਜ਼ਦੂਰਾਂ ਲਈ ਘਰਾਂ ਦੇ ਸਵਾਲ ਦਾ ਹੱਲ ਸਮਝਿਆ ਗਿਆ ਹੈ (1887 ਦੇ ਐਡੀਸ਼ਨ ਲਈ ਏਂਗਲਜ਼ ਦਾ ਨੋਟ)।

ਜਿੱਥੋਂ ਤੱਕ ਬਾਕੀ ਦਿਆਂ ਦਾ ਸਵਾਲ ਹੈ, ਇਹ ਗੱਲ ਹਰ ਇੱਕ ਨੂੰ ਸਪੱਸ਼ਟ ਹੋ ਚੁੱਕੀ ਹੈ ਕਿ ਮੂਲਗਸੇਨ ਦੇ ਮਜ਼ਦੂਰਾਂ ਦੇ ਸ਼ਹਿਰ ਦੇ ਬੋਨਾਪਾਰਟੀਏ ਲੋਕ ਇਹਨਾਂ ਨਿੱਕ-ਬੁਰਜੂਆ ਅੰਗਰੇਜ਼ ਉਸਾਰੀ-ਸੁਸਾਇਟੀਆਂ ਦੇ ਨਖਿੱਧ ਨਕਲਚੀਆਂ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ। ਇੱਕੋ ਇੱਕ ਫ਼ਰਕ ਇਹ ਹੈ ਕਿ ਉਹਨਾਂ ਨੂੰ ਦਿੱਤੀ ਗਈ ਰਾਜਕੀ ਸਹਾਇਤਾ ਦੇ ਬਾਵਜੂਦ ਬੋਨਾਪਾਰਟੀਏ ਆਪਣੇ ਗਾਹਕਾਂ ਨਾਲ਼ ਉਸਾਰੀ-ਸੁਸਾਇਟੀਆਂ ਨਾਲ਼ੋਂ ਕਿਤੇ ਵੱਧ ਹੇਰਾ ਫੇਰੀ ਕਰਦੇ ਹਨ। ਸਮੁੱਚੇ ਤੌਰ 'ਤੇ ਉਹਨਾਂ ਦੀਆਂ ਸ਼ਰਤਾਂ ਇੰਗਲੈਂਡ ਵਿੱਚ ਔਸਤ ਮੌਜੂਦ ਸ਼ਰਤਾਂ ਨਾਲ਼ੋਂ ਘੱਟ ਨਰਮ ਹਨ ਅਤੇ ਜਦੋਂ ਕਿ ਇੰਗਲੈਂਡ ਵਿੱਚ ਹਰ ਜਮਾਂ ਕਰਾਈ ਰਕਮ ਉੱਤੇ ਸੂਦ ਤੇ ਮਿਸ਼ਰਤ ਸੂਦ ਲਾਇਆ ਜਾਂਦਾ ਹੈ ਅਤੇ ਇਹ ਰਕਮ ਇੱਕ ਮਹੀਨੇ ਦੇ ਨੋਟਿਸ ਉਹ ਕਢਾਈ ਜਾ ਸਕਦੀ ਹੈ, ਮੂਲਗਸੇਨ ਦੇ ਫ਼ੈਕਟਰੀ ਮਾਲਕ ਸੂਦ ਅਤੇ ਮਿਸ਼ਰਤ ਸੂਦ ਦੋਹਾਂ ਨੂੰ ਹੀ ਆਪਣੇ ਬੋਝੇ ਪਾ ਲੈਂਦੇ ਹਨ ਅਤੇ ਮਜ਼ਦੂਰਾਂ ਨੂੰ ਉਹਨਾਂ ਵੱਲੋਂ ਨਕਦ 5 ਫ਼ਰੈਂਕ ਦੇ ਸਿੱਕਿਆਂ ਵਿੱਚ ਜਮਾਂ ਕਰਾਈ ਰਕਮ ਨਾਲ਼ੋਂ ਕੁੱਝ ਵੀ ਵੱਧ ਨਹੀਂ ਮੋੜਦੇ ਅਤੇ ਇਸ ਫ਼ਰਕ ਉੱਤੇ ਸ਼੍ਰੀ ਸਾਕਸ ਨਾਲ਼ੋਂ ਵਧੇਰੇ ਕਿਸੇ ਹੋਰ ਨੂੰ ਹੈਰਾਨੀ ਨਹੀਂ ਹੋਵੇਗੀ ਜੀਹਨੇ ਇਹ ਸਾਰਾ ਕੁੱਝ ਬਿਨਾਂ ਇਸ ਨੂੰ ਜਾਣਦਿਆਂ ਆਪਣੀ ਕਿਤਾਬ ਵਿੱਚ ਦਿੱਤਾ ਹੈ।

ਇਸ ਤਰ੍ਹਾਂ ਮਜ਼ਦੂਰਾਂ ਦੀ ਸਵੈ-ਸਹਾਇਤਾ ਦਾ ਵੀ ਕੋਈ ਲਾਭ ਨਹੀਂ। ਬਾਕੀ ਹੁਣ ਰਾਜਕੀ ਸਹਾਇਤਾ ਹੀ ਰਹਿ ਗਈ। ਇਸ ਸਬੰਧ ਵਿੱਚ ਸ਼੍ਰੀ ਸਾਕਸ ਸਾਨੂੰ ਕੀ ਪੇਸ਼ ਕਰਦਾ ਹੈ ? ਉਹ ਪੇਸ਼ ਕਰਦਾ ਹੈ ਤਿੰਨ ਚੀਜ਼ਾਂ :

"ਸਭ ਤੋਂ ਪਹਿਲਾਂ ਰਾਜ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ

ਉਹਦੇ ਕਾਨੂੰਨ ਅਤੇ ਰਾਜ ਪ੍ਰਬੰਧ ਵਿੱਚ ਅਜਿਹੀਆਂ ਸਾਰੀਆਂ ਚੀਜ਼ਾਂ ਜਿਨ੍ਹਾਂ ਦਾ ਨਤੀਜਾ ਕਿਰਤੀ ਜਮਾਤਾਂ ਵਿੱਚ ਘਰਾਂ ਦੀ ਘਾਟ ਨੂੰ ਕਿਸੇ ਤਰ੍ਹਾਂ ਵੀ ਤਿੱਖਾ ਕਰਨ ਦੇ ਰੂਪ ਵਿੱਚ ਨਿਕਲਦਾ ਹੋਵੇ, ਖ਼ਤਮ ਕਰ ਦੇਣੀਆਂ ਚਾਹੀਦੀਆਂ ਹਨ ਜਾਂ ਉਹਨਾਂ ਵਿੱਚ ਉਚਿੱਤ ਸੋਧ ਕੀਤੀ ਜਾਵੇ।" (ਪੰਨਾ-187)

ਇਹਦਾ ਨਤੀਜਾ ਇਹ ਨਿਕਲਦਾ ਹੈ ਕਿ ਉਸਾਰੀ ਸਬੰਧੀ ਕਾਨੂੰਨ ਵਿੱਚ ਸੋਧ ਕੀਤੀ ਜਾਵੇ ਅਤੇ ਉਸਾਰੀ ਦੇ ਕਾਰੋਬਾਰਾਂ ਲਈ ਅਜ਼ਾਦੀ ਦਿੱਤੀ ਜਾਵੇ ਤਾਂ ਜੋ ਘਰ ਉਸਾਰਨਾ ਸਸਤਾ ਹੋਵੇ। ਪਰ ਇੰਗਲੈਂਡ ਵਿੱਚ ਉਸਾਰੀ ਸਬੰਧੀ ਕਾਨੂੰਨ ਘਟਾ ਕੇ ਘਟੋ ਘਟ ਕਰ ਦਿੱਤਾ ਗਿਆ ਹੈ ਅਤੇ ਉਸਾਰੀ ਦੇ ਕੰਮ ਇੰਨੇ ਅਜ਼ਾਦ ਹਨ ਜਿਵੇਂ ਹਵਾ ਵਿੱਚ ਪੰਛੀ, ਫੇਰ ਵੀ ਘਰਾਂ ਦੀ ਘਾਟ ਮੌਜੂਦ ਹੈ। ਇਸ ਤੋਂ ਉਪਰੰਤ ਇੰਗਲੈਂਡ ਵਿੱਚ ਉਸਾਰੀ ਇੰਨੀ ਸਸਤੀ ਕੀਤੀ ਜਾ ਰਹੀ ਹੈ ਕਿ ਜਦੋਂ ਵੀ ਕੋਲ਼ੋਂ ਦੀ ਕੋਈ ਗੱਡੀ ਲੰਘ ਜਾਂਦੀ ਹੈ ਤਾਂ ਘਰ ਹਿਲਣ ਲੱਗ ਜਾਂਦੇ ਹਨ ਅਤੇ ਹਰ ਰੋਜ਼ ਹੀ ਉਹਨਾਂ ਵਿੱਚੋਂ ਕੁੱਝ ਡਿਗ ਪੈਂਦੇ ਹਨ। ਅਜੇ ਕੱਲ੍ਹ ਦੀ (25, ਅਕਤੂਬਰ, 1872) ਦੀ ਹੀ ਤਾਂ ਗੱਲ ਹੈ ਕਿ ਉਹਨਾਂ ਵਿੱਚੋਂ 6 ਘਰ ਮਾਨਚੈਸਟਰ ਵਿੱਚ ਇੱਕੋ ਸਮੇਂ ਡਿਗੇ ਅਤੇ 6 ਮਜ਼ਦੂਰਾਂ ਨੂੰ ਗੰਭੀਰ ਰੂਪ ਵਿੱਚ ਜ਼ਖ਼ਮੀ ਕਰ ਦਿੱਤਾ ਇਸ ਲਈ ਇਹ ਵੀ ਇਹਦਾ ਕੋਈ ਇਲਾਜ ਨਹੀਂ।

"ਦੂਜੀ ਗੱਲ, ਰਾਜਕੀ ਸੱਤ੍ਹਾ ਇਹਨਾਂ ਵਿਅਕਤੀਆਂ ਨੂੰ ਉਹਨਾਂ ਦੇ ਤੰਗ ਨਜ਼ਰ ਵਿਅਕਤੀਤਵ ਕਾਰਨ ਇਹ ਬੁਰਾਈ ਫੈਲਾਉਣ ਤੋਂ ਜਾਂ ਇਹਨੂੰ ਨਵੇਂ ਸਿਰਿਉਂ ਸੱਦਾ ਦੇਣੋਂ ਰੋਕੇ।"

ਨਤੀਜਾ ਇਹ ਕਿ ਮਜ਼ਦੂਰਾਂ ਦੀਆਂ ਰਿਹਾਇਸ਼ੀ ਥਾਵਾਂ ਦਾ ਪੁਲਸ ਵੱਲੋਂ ਸਫ਼ਾਈ ਤੇ ਉਸਾਰੀ ਸਬੰਧੀ ਮੁਆਇਨਾ ਕੀਤਾ ਜਾਵੇ, ਡਿੱਗੇ, ਢੱਠੇ ਤੇ ਗੰਦੇ ਘਰਾਂ ਵਿੱਚ ਲੋਕਾਂ ਦਾ ਵੱਸਣਾ ਰੋਕਣ ਦੀ ਅਧਿਕਾਰੀਆਂ ਨੂੰ ਤਾਕਤ ਦਿੱਤੀ ਜਾਵੇ ਜਿਵੇਂ ਕਿ 1857 ਤੋਂ ਇੰਗਲੈਂਡ ਵਿੱਚ ਹੈ। ਪਰ ਉੱਥੇ ਇਹ ਕਿਵੇਂ ਹੋਇਆ ? ਜਿਵੇਂ ਖੁਦ ਹੇਰ ਸਾਕਸ ਮੰਨਦਾ ਹੈ, ਪਹਿਲਾ, 1855 ਦਾ ਕਾਨੂੰਨ (ਤੰਗ ਕਰਨ ਵਾਲ਼ੀ ਚੀਜ਼ਾਂ ਹਟਾਉਣ ਸਬੰਧੀ ਐਕਟ) "ਅਵਚਾਲੂ ਕਾਨੂੰਨ" ਸੀ ਜਿਵੇਂ ਕਿ ਦੂਜਾ, 1858 ਦਾ (ਮੁਕਾਮੀ ਸ਼ਾਸਨ ਸਬੰਧੀ ਐਕਟ) ਸੀ। (ਪੰਨਾ-197) ਦੂਜੇ ਪਾਸੇ ਸ਼੍ਰੀ ਸਾਕਸ ਦਾ ਵਿਸ਼ਵਾਸ ਹੈ ਕਿ ਤੀਜਾ ਕਾਨੂੰਨ (ਕਾਰੀਗਰਾਂ ਦੀ ਰਿਹਾਇਸ਼ ਸਬੰਧੀ ਐਕਟ) ਜਿਹੜਾ ਕੇਵਲ 10,000 ਤੋਂ ਵੱਧ ਆਬਾਦੀ ਵਾਲ਼ੇ ਸ਼ਹਿਰਾਂ ਉੱਤੇ ਲਾਗੂ ਹੁੰਦਾ ਹੈ, "ਯਕੀਨੀ ਤੌਰ 'ਤੇ ਸਮਾਜਕ ਮਾਮਲਿਆਂ ਵਿੱਚ ਬਰਤਾਨਵੀ ਸੰਸਦ ਦੀ ਭਾਰੀ ਸੂਝ-ਬੂਝ ਦਾ ਹਾਂ-ਪੱਖੀ ਸਬੂਤ ਪੇਸ਼ ਕਰਦਾ ਹੈ।" (ਪੰਨਾ-199) ਪਰ ਅਸਲ ਵਿੱਚ ਇਹ ਦਾਅਵਾ ਇੰਗਲੈਂਡ ਦੇ "ਮਾਮਲਿਆਂ" ਬਾਰੇ ਸ਼੍ਰੀ ਸਾਕਸ ਦੀ ਘੋਰ ਅਗਿਆਨਤਾ ਦਾ "ਹਾਂ-ਪੱਖੀ ਸਬੂਤ ਪੇਸ਼ ਕਰਨ" ਤੋਂ ਵਧੇਰੇ ਹੋਰ ਕੁੱਝ ਵੀ ਨਹੀਂ। ਇਹ ਗੱਲ ਕਿ ਇੰਗਲੈਂਡ ਆਮ ਤੌਰ 'ਤੇ, "ਸਮਾਜਕ ਮਾਮਲਿਆਂ ਵਿੱਚ" ਮਹਾਂਦੀਪ ਨਾਲੋਂ ਕਿਤੇ ਅੱਗੇ ਹੈ, ਕੁਦਰਤੀ ਗੱਲ ਹੈ। ਇੰਗਲੈਂਡ ਵੱਡੇ ਪੱਧਰ ਦੀ ਆਧੁਨਿਕ ਸਨਅਤ ਦੀ ਮਾਤਭੂਮੀ ਹੈ, ਉੱਥੇ ਪੈਦਾਵਾਰ ਦਾ ਪੂੰਜੀਵਾਦੀ ਢੰਗ ਸਭਨਾਂ ਨਾਲ਼ੋਂ ਵਧੇਰੇ ਅਜ਼ਾਦੀ ਨਾਲ਼ ਤੇ ਵਿਸ਼ਾਲ ਰੂਪ ਵਿੱਚ ਵਿਕਸਤ

ਹੋਇਆ ਹੈ ਅਤੇ ਉੱਥੇ ਉਹਦੇ ਨਤੀਜੇ ਸਭ ਤੋਂ ਵੱਧ ਉਘੜਵੇਂ ਰੂਪ ਵਿੱਚ ਆਪਾ ਪ੍ਰਗਟ ਕਰਦੇ ਹਨ ਅਤੇ ਇਸੇ ਲਈ ਇਹ ਗੱਲ ਉੱਥੇ ਵਾਪਰੀ ਹੈ ਕਿ ਉਹਨਾਂ ਨੇ ਕਾਨੂੰਨ ਦੇ ਖੇਤਰ ਵਿੱਚ ਸਭ ਤੋਂ ਪਹਿਲਾ ਪ੍ਰਤੀਕਰਮ ਪੈਦਾ ਕੀਤਾ ਹੈ। ਇਹਦਾ ਸਭ ਤੋਂ ਵਧੀਆ ਸਬੂਤ ਫੈਕਟਰੀ ਲੈਜਿਸਲੇਸ਼ਨ ਹੈ। ਪਰ ਜੇਕਰ ਸ਼੍ਰੀ ਸਾਕਸ  ਇਹ ਸਮਝਦਾ ਹੈ ਕਿ ਸੰਸਦ ਦੇ ਐਕਟ ਲਈ ਕਾਨੂੰਨੀ ਤੌਰ 'ਤੇ ਕਾਰਗਰ ਹੋਣ ਦੀ ਲੋੜ ਹੁੰਦੀ ਹੈ ਤਾਂ ਜੋ ਉਹਨੂੰ ਤੁਰੰਤ ਹੀ ਅਮਲ ਵਿੱਚ ਵੀ ਲਿਆਂਦਾ ਜਾਵੇ ਤਾਂ ਉਹ ਭਾਰੀ ਗਲਤੀ ਕਰ ਰਿਹਾ ਹੈ ਅਤੇ ਇਹ ਗੱਲ ਕਿਸੇ ਹੋਰ ਐਕਟ ਨਾਲ਼ੋਂ ਮੁਕਾਮੀ ਸਾਸ਼ਨ ਐਕਟ ਬਾਰੇ ਵਧੇਰੇ ਸੱਚ ਹੈ (ਜਿੱਥੇ ਨਿਰਸੰਦੇਹ, ਵਰਕਸ਼ਾਪ ਐਕਟ ਇੱਕ ਛੋਟ ਹੈ)। ਇਸ ਕਾਨੂੰਨ ਨੂੰ ਲਾਗੂ ਕਰਨ ਦਾ ਕੰਮ ਸ਼ਹਿਰੀ ਅਧਿਕਾਰੀਆਂ ਨੂੰ ਸੌਂਪਿਆ ਗਿਆ ਜਿਨ੍ਹਾਂ ਨੂੰ ਇੰਗਲੈਂਡ ਵਿੱਚ ਲਗਭਗ ਹਰ ਥਾਂ ਉੱਤੇ ਹੀ ਹਰ ਕਿਸਮ ਦੇ ਭ੍ਰਿਸ਼ਟਾਚਾਰ, ਕੁਨਬਾ-ਪਰਵਰੀ ਅਤੇ ਸਰਕਾਰੀ ਰੁਤਬੇ ਦੀ ਅਯੋਗ ਵਰਤੋਂ ਦੇ ਕੇਂਦਰ ਮੰਨਿਆ ਗਿਆ ਹੈ। (ਬੇਈਮਾਨੀ ਤੋਂ ਇੱਥੇ ਮੁਰਾਦ ਸਰਕਾਰੀ ਰੁਤਬੇ ਦੀ ਅਧਿਕਾਰੀ ਜਾਂ ਉਹਦੇ ਟੱਬਰ ਦੇ ਨਿੱਜੀ ਲਾਭ ਲਈ ਵਰਤੋਂ ਕਰਨਾ ਹੈ। ਮਿਸਾਲ ਵਜੋਂ, ਜੇਕਰ ਕਿਸੇ ਦੇਸ਼ ਦਾ ਸਟੇਟ ਟੈਲੀਗਰਾਫ਼ ਦਾ ਡਾਇਰੈਟਰ ਕਾਗਜ਼ ਦੇ ਕਿਸੇ ਕਾਰਖ਼ਾਨੇ ਵਿੱਚ ਗੈਰ ਸਰਗਰਮ ਭਾਈਵਾਲ ਬਣ ਜਾਂਦਾ ਹੈ, ਇਸ ਫੈਕਟਰੀ ਨੂੰ ਆਪਣੇ ਜੰਗਲਾਂ ਤੋਂ ਇਮਾਰਤੀ ਲੱਕੜੀ ਦਿੰਦਾ ਹੈ ਅਤੇ ਫੇਰ ਫੈਕਟਰੀ ਨੂੰ ਟੈਲੀਗਰਾਫ਼ ਦਫ਼ਤਰ ਲਈ ਕਾਗਜ਼ ਸਪਲਾਈ ਕਰਨ ਦਾ ਆਰਡਰ ਦਿੰਦਾ ਹੈ, ਤਾਂ ਇਹ ਸੱਚ ਹੈ ਕਿ ਇਹ ਛੋਟਾ, ਪਰ ਫੇਰ ਵੀ ਕਾਫ਼ੀ ਵੱਡਾ "ਕੰਮ" ਬਣ ਜਾਂਦਾ ਹੈ, ਕਿਉਂਕਿ ਇਹ ਸਰਕਾਰੀ ਰੁਤਬੇ ਦੀ ਅਯੋਗ ਵਰਤੋਂ ਬਾਰੇ ਮੁਕੰਮਲ ਸੂਝ ਬੂਝ ਦਿੰਦਾ ਹੈ, ਜਿਵੇਂ ਕਿ ਇਹ ਗੱਲ ਬਿਸਮਾਰਕ ਦੇ ਦਿਨਾਂ ਵਿੱਚ ਵਾਪਰੀ ਅਤੇ ਇਹਦੀ ਆਸ ਵੀ ਕੀਤੀ ਜਾਂਦੀ ਸੀ (ਏਂਗਲਜ਼ ਵੱਲੋਂ ਨੋਟ)। ਇਹਨਾਂ ਸ਼ਹਿਰੀ ਅਧਿਕਾਰੀਆਂ ਦੇ ਏਜੰਟ ਜਿਨ੍ਹਾਂ ਦੀਆਂ ਪੋਜੀਸ਼ਨਾਂ ਸਭਨਾਂ ਕਿਸਮਾਂ ਦੇ ਟੱਬਰ ਸਬੰਧੀ ਕਾਰਨਾਂ ਕਰਕੇ ਹੁੰਦੀਆਂ ਹਨ, ਅਜਿਹੇ ਸਮਾਜਕ ਕਾਨੂੰਨਾਂ ਨੂੰ ਅਮਲ ਵਿੱਚ ਲਿਆਉਣ ਦੇ ਜਾਂ ਤਾਂ ਅਸਮਰੱਥ ਹੁੰਦੇ ਹਨ ਜਾਂ ਇਉਂ ਕਰਨ ਦੀ ਰੁੱਚੀ ਨਹੀਂ ਰੱਖਦੇ। ਦੂਜੇ ਪਾਸੇ ਇਹ ਐਨ ਇੰਗਲੈਂਡ ਵਿੱਚ ਹੀ ਹੈ ਕਿ ਸਮਾਜਕ ਕਾਨੂੰਨ ਤਿਆਰ ਕਰਨ ਤੇ ਉਹਨਾਂ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਰਾਜਕੀ ਅਧਿਕਾਰੀ ਆਮ ਤੌਰ 'ਤੇ ਕਰਤੱਵ ਦੀ ਕਰੜੀ ਭਾਵਨਾ ਦੀ ਵਿਸ਼ੇਸ਼ਤਾ ਰੱਖਦੇ ਹਨ — ਭਾਵੇਂ ਅੱਜ ਇਹ 20 ਜਾਂ 30 ਸਾਲ ਪਹਿਲਾਂ ਨਾਲ਼ੋਂ ਘੱਟ ਹੋ ਗਈ ਹੈ। ਸ਼ਹਿਰੀ ਕੌਂਸਲਾਂ ਵਿੱਚ ਕਮਜ਼ੋਰ ਤੇ ਮਾੜੀ ਹਾਲਤ ਵਾਲ਼ੀਆਂ ਰਿਹਾਇਸ਼ੀ ਥਾਂਵਾਂ ਦੇ ਮਾਲਕਾਂ ਦੀ ਲਗਭਗ ਹਰ ਥਾਂ ਉੱਤੇ ਹੀ ਸਿੱਧੀ ਜਾਂ ਅਸਿੱਧੀ ਤਕੜੀ ਪ੍ਰਤੀਨਿਧਤਾ ਹੈ। ਛੋਟੇ ਛੋਟੇ ਵਾਰਡਾਂ ਰਾਹੀਂ ਇਹਨਾਂ ਸ਼ਹਿਰੀ ਕੌਂਸਲਾਂ ਲਈ ਚੋਣ ਕਰਨ ਦੀ ਪ੍ਰਣਾਲੀ ਚੁਣੇ ਗਏ ਮੈਂਬਰਾਂ ਦੀ ਸਭ ਤੋਂ ਨਿਗੂਣੇ ਮੁਕਾਮੀ ਹਿੱਤਾਂ ਤੇ ਪ੍ਰਭਾਵਾਂ ਉੱਤੇ ਨਿਰਭਰਤਾ ਕਰਾਉਂਦੀ ਹੈ, ਕੋਈ ਵੀ ਅਜਿਹਾ ਸ਼ਹਿਰੀ ਕੌਂਸਲਰ ਜੋ ਦੋਬਾਰਾ ਚੁਣੇ ਜਾਣ ਦੀ ਖਾਹਿਸ਼ ਰੱਖਦਾ ਹੈ, ਆਪਣੇ ਚੋਣ-ਹਲਕੇ ਵਿੱਚ ਇਸ ਕਾਨੂੰਨ ਨੂੰ ਲਾਗੂ ਕਰਨ ਲਈ ਵੋਟ ਪਾਉਣ ਦੀ ਜੁਰਅੱਤ ਨਹੀਂ ਕਰ ਸਕਦਾ। ਇਸ ਲਈ ਇਹ ਗੱਲ ਸਮਝ ਵਿੱਚ ਪੈਂਦੀ ਹੈ ਕਿ ਇਸ ਕਾਨੂੰਨ ਨੂੰ ਲਗਭਗ ਹਰ ਥਾਂ ਉੱਤੇ ਹੀ ਮੁਕਾਮੀ ਅਧਿਕਾਰੀਆਂ ਨੇ ਕਿੰਨੀ ਘ੍ਰਿਣਾ ਨਾਲ਼ ਲਿਆ ਅਤੇ ਕਿ ਹੁਣ ਤੱਕ

ਇਹਦੀ ਵਰਤੋਂ ਕੇਵਲ ਸਭ ਤੋਂ ਵੱਧ ਨਿੰਦਕੀ ਮਾਮਲਿਆਂ ਵਿੱਚ ਹੀ ਕੀਤੀ ਗਈ ਹੈ ਅਤੇ ਉਹ ਤਦੋਂ ਜਦੋਂ ਕਿ ਆਮ ਤੌਰ 'ਤੇ ਉੱਥੇ ਕੋਈ ਮਹਾਂਮਾਰੀ ਫੁੱਟ ਪਈ ਹੋਵੇ ਜਿਵੇਂ ਕਿ ਪਿਛਲੇ ਸਾਲ ਮਾਨਚੈਸਟਰ ਅਤੇ ਪਾਲਫੋਰਡ ਵਿੱਚ ਚੇਚਕ ਦੀ ਮਹਾਂਮਾਰੀ ਦੇ ਮਾਮਲੇ ਵਿੱਚ ਹੋਇਆ ਸੀ। ਗ੍ਰਹਿ ਸਕੱਤਰ ਲਈ ਕੀਤੀਆਂ ਗਈਆਂ ਅਪੀਲਾਂ ਅਜੇ ਤੱਕ ਕੇਵਲ ਅਜਿਹੇ ਮਾਮਲਿਆਂ ਵਿੱਚ ਹੀ ਕਾਰਗਰ ਹੋਈਆਂ ਹਨ ਕਿਉਂਕਿ ਇੰਗਲੈਂਡ ਵਿੱਚ ਹਰ ਲਿਬਰਲ ਸਰਕਾਰ ਦਾ ਇਹ ਅਸੂਲ ਰਿਹਾ ਹੈ ਕਿ ਸਮਾਜਕ ਸੁਧਾਰ ਦੇ ਕਾਨੂੰਨਾਂ ਦਾ ਕੇਵਲ ਉਦੋਂ ਹੀ ਸੁਝਾਅ ਦਿੱਤਾ ਜਾਵੇ ਜਦੋਂ ਉਹ ਇਉਂ ਕਰਨ ਲਈ ਮਜਬੂਰ ਹੀ ਹੋ ਜਾਵੇ ਅਤੇ ਜੇਕਰ ਕਿਵੇਂ ਸੰਭਵ ਹੋ ਸਕੇ ਤਾਂ ਪਹਿਲੋਂ ਮੌਜੂਦ ਕਾਨੂੰਨਾਂ ਨੂੰ ਲਾਗੂ ਕਰਨ ਤੋਂ ਕੰਨੀ ਕਤਰਾਈ ਜਾਵੇ। ਇੰਗਲੈਂਡ ਵਿੱਚ ਦੂਜੇ ਬਹੁਤ ਸਾਰੇ ਕਾਨੂੰਨਾਂ ਵਾਂਗ ਇਸ ਕਾਨੂੰਨ ਦੀ ਵੀ ਅਹਿਮੀਅਤ ਕੇਵਲ ਇਸ ਕਰਕੇ ਹੀ ਹੈ ਕਿ ਅਜਿਹੀ ਸਰਕਾਰ ਦੇ ਹੱਥ ਵਿੱਚ ਜਿਸ ਵਿੱਚ ਮਜ਼ਦੂਰਾਂ ਦਾ ਬੋਲਬਾਲਾ ਹੋਵੇਗਾ ਜਾਂ ਜੋ ਮਜ਼ਦੂਰਾਂ ਦੇ ਦਬਾਅ ਥੱਲੇ ਹੋਵੇਗੀ, ਇਹ ਕਾਨੂੰਨ ਵਰਤਮਾਨ ਸਮਾਜਕ ਪ੍ਰਣਾਲੀ ਵਿੱਚ ਮਘੋਰਾ ਕਰਨ ਲਈ ਇੱਕ ਸ਼ਕਤੀਸ਼ਾਲੀ ਹਥਿਆਰ ਹੋਵੇਗਾ।

"ਤੀਜੀ ਗੱਲ" ਸ਼੍ਰੀ ਸਾਕਸ ਅਨੁਸਾਰ ਇਹ ਹੈ ਕਿ ਰਾਜ ਸੱਤ੍ਹਾ ਨੂੰ "ਘਰਾਂ ਦੀ ਵਰਤਮਾਨ ਕਮੀ ਦੂਰ ਕਰਨ ਲਈ ਉਸ ਕੋਲ਼ ਮੌਜੂਦ ਸਮੁੱਚੇ ਸਾਧਨਾਂ ਦੀ ਸੰਭਾਵਨਾ ਵੱਧ ਤੋਂ ਵੱਧ ਵਿਸ਼ਾਲ ਵਰਤੋਂ ਕਰਨੀ" ਚਾਹੀਦੀ ਹੈ।

ਭਾਵ ਇਹ ਕਿ ਉਹਨੂੰ ਆਪਣੇ "ਛੋਟੇ ਅਧਿਕਾਰੀਆਂ ਤੇ ਨੌਕਰਾਂ" ਲਈ "ਸਹੀ ਅਰਥਾਂ ਵਿੱਚ ਮਾਡਲ ਇਮਾਰਤਾਂ" ਬਣਾਉਣੀਆਂ ਚਾਹੀਦੀਆਂ ਹਨ (ਪਰ ਫੇਰ ਇਹ ਲੋਕ ਤਾਂ ਮਜ਼ਦੂਰ ਨਹੀਂ) ਅਤੇ "ਕਿਰਤੀ ਜਮਾਤਾਂ ਦੀਆਂ ਘਰਾਂ ਸਬੰਧੀ ਹਾਲਤਾਂ ਬਿਹਤਰ ਬਣਾਉਣ ਦੇ ਮੰਤਵ ਨਾਲ਼ ਮਿਊਨਸਪੈਲਟੀਆਂ, ਸੁਸਾਇਟੀਆਂ ਅਤੇ ਨਿੱਜੀ ਤੌਰ 'ਤੇ ਆਦਮੀਆਂ ਨੂੰ ਵੀ ਕਰਜ਼ੇ ਦੇਣੇ" ਚਾਹੀਦੇ ਹਨ (ਪੰਨਾ-203), ਜਿਵੇਂ ਕਿ ਪਬਲਿਕ ਵਰਕਸ ਲੋਨ ਐਕਟ ਅਧੀਨ ਇੰਗਲੈਂਡ ਵਿੱਚ ਕੀਤਾ ਗਿਆ ਹੈ ਅਤੇ ਜਿਵੇਂ ਲੂਈ ਬੋਨਾਪਾਰਟ ਨੇ ਪੈਰਿਸ ਤੇ ਮੂਲ ਹਾਸੇਨ ਵਿੱਚ ਕੀਤਾ ਹੈ। ਪਰ ਇਹ ਪਬਲਿਕ ਵਰਕਸ ਲੋਨ ਐਕਟ ਤਾਂ ਕੇਵਲ ਕਾਗਜ਼ ਉੱਤੇ ਹੀ ਮੌਜੂਦ ਹੈ। ਸਰਕਾਰ ਕਮਿਸ਼ਨਰਾਂ ਨੂੰ ਵੱਧ ਤੋਂ ਵੱਧ 50,000 ਪੌਂਡ ਦੀ ਰਕਮ ਦਿੰਦੀ ਹੈ ਜੋ ਵੱਧ ਤੋਂ ਵੱਧ 400 ਝੁੱਗੀਆਂ ਉਸਾਰਨ ਲਈ ਕਾਫੀ ਹੈ, ਭਾਵ 40 ਸਾਲਾਂ ਵਿੱਚ ਕੁੱਲ ਮਿਲਾ ਕੇ 16,000 ਝੁੱਗੀਆਂ ਜਾਂ ਵੱਧ ਤੋਂ ਵੱਧ 80,000 ਲੋਕਾਂ ਲਈ ਰਿਹਾਇਸ਼ੀ ਥਾਂਵਾਂ— ਬਾਲਟੀ ਵਿੱਚ ਇੱਕ ਤੁਪਕਾ! ਜੇਕਰ ਅਸੀਂ ਇਹ ਵੀ ਫਰਜ਼ ਕਰ ਲਈਏ ਕਿ ਬੀਤੇ 20 ਸਾਲ ਵਿੱਚ ਕਮਿਸ਼ਨ ਕੋਲ਼ ਫ਼ੰਡ ਮੁੜ-ਅਦਾਇਗੀਆਂ ਦੇ ਫਲਸਰੂਪ ਦੁੱਗਣੇ ਹੋ ਗਏ ਤੇ ਕਿ ਇਸ ਲਈ ਬੀਤੇ 20 ਸਾਲਾਂ ਵਿੱਚ 40,000 ਹੋਰ ਲੋਕਾਂ ਲਈ ਘਰ ਉਸਾਰੇ ਗਏ ਹਨ, ਤਾਂ ਵੀ ਬਾਲਟੀ ਵਿੱਚ ਇਕ ਤੁਪਕਾ ਹੀ ਹੈ ਅਤੇ ਕਿਉਂਕਿ ਝੁੱਗੀਆਂ ਦੀ ਉਮਰ ਕੇਵਲ 40 ਸਾਲ ਹੀ ਹੈ, 40 ਸਾਲਾਂ ਮਗਰੋਂ ਸਭ ਤੋਂ ਮੰਦੀ ਹਾਲਤ ਵਾਲ਼ੀਆਂ, ਸਭ ਤੋਂ ਪੁਰਾਣੀਆਂ ਝੁੱਗੀਆਂ ਦੀ ਥਾਂ ਉੱਤੇ ਹੋਰ ਝੁੱਗੀਆਂ ਉਸਾਰਨ ਲਈ 50,000 ਤੋਂ ਲੈਕੇ 1,00,000 ਪੌਂਡ ਸਾਲਾਨਾ ਦੀਆਂ ਹਾਜ਼ਰ ਜਾਇਦਾਦਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। 203 ਪੰਨੇ ਉੱਤੇ ਸ਼੍ਰੀ ਸਾਕਸ ਇਹ

ਐਲਾਨ ਕਰਦਾ ਹੈ ਕਿ ਇਹ ਅਸੂਲ ਨੂੰ ਸਹੀ ਢੰਗ ਨਾਲ਼ "ਅਤੇ ਅਸੀਮਤ ਹੱਦ ਤੱਕ" ਅਮਲ ਵਿੱਚ ਲਿਆਉਣਾ ਹੈ ਅਤੇ ਇਸ ਗੱਲ ਦਾ ਇਕਬਾਲ ਕਰਨ ਨਾਲ਼ ਕਿ ਇੰਗਲੈਂਡ ਵਿੱਚ ਵੀ ਰਾਜ ਨੇ "ਅਸੀਮਤ ਹੱਦ ਤੱਕ" ਕੋਈ ਪ੍ਰਾਪਤੀ ਨਹੀਂ ਕੀਤੀ, ਸ਼੍ਰੀ ਸਾਕਸ ਆਪਣੀ ਕਿਤਾਬ ਸਮਾਪਤ ਕਰਦਾ ਹੈ, ਪਰ ਇਸ ਤੋਂ ਪਹਿਲਾਂ ਸਾਰੇ ਸਬੰਧਤ ਲੋਕਾਂ ਨੂੰ ਇੱਕ ਹੋਰ ਉਪਦੇਸ਼ ਦਿੰਦਾ ਹੈ। (ਪਿੱਛੇ ਜਿਹੇ ਦੇ ਇੰਗਲੈਂਡ ਦੇ ਪਾਰਲੀਮੈਂਟ ਦੇ ਐਕਟਾਂ ਵਿੱਚ ਨਵੀਆਂ ਸੜਕਾਂ ਦੀ ਉਸਾਰੀ ਦੇ ਮੰਤਵ ਲਈ ਲੰਡਨ ਦੇ ਉਸਾਰੀ ਸਬੰਧੀ ਅਧਿਕਾਰੀਆਂ ਨੂੰ ਜ਼ਬਤ ਕਰ ਲੈਣ ਦਾ ਹੱਕ ਦਿੱਤਾ ਹੈ, ਅਤੇ ਇਸ ਤਰ੍ਹਾਂ ਆਪਣੇ ਘਰਾਂ ਤੋਂ ਬਾਹਰ ਕੱਢੇ ਗਏ ਮਜ਼ਦੂਰਾਂ ਨੂੰ ਮੁਆਵਜ਼ੇ ਦੀ ਕੁੱਝ ਰਕਮ ਦਿੱਤੀ ਜਾਂਦੀ ਹੈ। ਇੱਕ ਅਜਿਹੀ ਧਾਰਾ ਇਸ ਵਿਚ ਪਾ ਦਿੱਤੀ ਗਈ ਹੈ ਕਿ ਉਸਾਰੀਆਂ ਜਾਣ ਵਾਲ਼ੀਆਂ ਨਵੀਆਂ ਇਮਾਰਤਾਂ ਵਸੋਂ ਦੀਆਂ ਉਹਨਾਂ ਜਮਾਤਾਂ ਦੀ ਜੋ ਪਹਿਲੋਂ ਉੱਥੇ ਰਹਿੰਦੇ ਸਨ, ਰਿਹਾਇਸ਼ ਲਈ ਢੁਕਵੀਆਂ ਹੋਣੀਆਂ ਚਾਹੀਦੀਆਂ ਹਨ। ਇਸ ਲਈ ਪੰਜ ਜਾਂ ਛੇ ਮੰਜ਼ਲੇ ਰਿਹਾਇਸ਼ੀ ਘਰ ਘੱਟ ਤੋਂ ਘੱਟ ਮੁੱਲ ਵਾਲ਼ੀਆਂ ਥਾਵਾਂ ਉੱਤੇ ਮਜ਼ਦੂਰਾਂ ਲਈ ਉਸਾਰੇ ਗਏ ਹਨ ਅਤੇ ਇਸ ਤਰ੍ਹਾਂ ਕਾਨੂੰਨ ਦੇ ਸ਼ਬਦਾਂ ਦੀ ਪਾਲਣਾ ਕੀਤੀ ਗਈ ਹੈ। ਇਹ ਗੱਲ ਅਜੇ ਵੇਖੀ ਜਾਣ ਵਾਲ਼ੀ ਹੈ ਕਿ ਇਹ ਪ੍ਰਬੰਧ ਕਿਵੇਂ ਕੰਮ ਕਰੇਗਾ, ਕਿਉਂਕਿ ਮਜ਼ਦੂਰ ਇਸ ਨਾਲ਼ ਬਿਲਕੁੱਲ ਨਹੀਂ ਗਿਝੇ ਅਤੇ ਲੰਡਨ ਦੀਆਂ ਪੁਰਾਣੀਆਂ ਹਾਲਤਾਂ ਵਿਚਕਾਰ ਇਹ ਇਮਾਰਤਾਂ ਬਿਲਕੁੱਲ ਹੀ ਓਪਰੀ ਤਰੱਕੀ ਦੀਆਂ ਪ੍ਰਤੀਕ ਹਨ। ਪਰ, ਵੱਧ ਤੋਂ ਵੱਧ ਉਹ ਉਸਾਰੀ ਕੰਮਾਂ ਕਾਰਨ ਅਸਲੋਂ ਬੇਦਖਲ ਹੋ ਚੁੱਕੇ ਮਜ਼ਦੂਰਾਂ ਦੇ ਮੁਸ਼ਕਲ ਨਾਲ਼ ਚੌਥੇ ਹਿੱਸੇ ਨੂੰ ਹੀ ਨਵੇਂ ਰਿਹਾਇਸ਼ੀ ਘਰ ਮੁਹੱਈਆ ਕਰਨਗੇ – 1887 ਦੇ ਐਡੀਸ਼ਨ ਲਈ ਏਂਗਲਜ਼ ਦਾ ਨੋਟ)।

ਇਹ ਗੱਲ ਐਨ ਸਪੱਸ਼ਟ ਹੈ ਕਿ ਰਾਜ ਜਿਵੇਂ ਇਹ ਅੱਜ ਮੌਜੂਦ ਹੈ। ਘਰਾਂ ਦੀ ਮੁਸੀਬਤ ਨੂੰ ਦੂਰ ਕਰਨ ਲਈ ਕੁੱਝ ਕਰਨ ਵਾਸਤੇ ਨਾ ਤਾਂ ਰਾਜ਼ੀ ਹੈ ਅਤੇ ਨਾ ਹੀ ਉਹ ਇਹਦੇ ਸਮਰੱਥ ਹੈ। ਰਾਜ ਜਾਇਦਾਦ ਦੀਆਂ ਮਾਲਕ ਜਮਾਤਾਂ ਦੀ, ਜ਼ਮੀਨਦਾਰਾਂ ਤੇ ਸਰਮਾਏਦਾਰਾਂ ਦੀ ਲੁੱਟਚੋਂਘ ਦਾ ਸ਼ਿਕਾਰ ਹੋਈਆਂ ਜਮਾਤਾਂ, ਕਿਸਾਨਾਂ ਤੇ ਮਜ਼ਦੂਰਾਂ ਦੇ ਵਿਰੁੱਧ ਜਥੇਬੰਦ ਸਮੂਹਕ ਸ਼ਕਤੀ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਅਤੇ ਜਿਹੜੀ ਗੱਲ ਵਿਅਕਤੀਗਤ ਸਰਮਾਏਦਾਰ (ਅਤੇ ਇੱਥੇ ਕੇਵਲ ਇਹਨਾਂ ਦਾ ਹੀ ਸਵਾਲ ਹੈ ਕਿਉਂਕਿ ਇਸ ਮਾਮਲੇ ਵਿੱਚ ਜ਼ਮੀਨ ਦਾ ਮਾਲਕ, ਜੋ ਇਸ ਨਾਲ਼ ਸਬੰਧਤ ਹੈ, ਵੀ ਮੁੱਖ ਰੂਪ ਵਿੱਚ ਇੱਕ ਸਰਮਾਏਦਾਰ ਦੀ ਹੈਸੀਅਤ ਵਿੱਚ ਹੀ ਕੰਮ ਕਰਦਾ ਹੈ) ਨਹੀਂ ਚਾਹੁੰਦੇ, ਉਹਨਾਂ ਦਾ ਰਾਜ ਵੀ ਨਹੀਂ ਚਾਹੁੰਦਾ। ਇਸ ਲਈ ਜੇਕਰ ਵਿਅਕਤੀਗਤ ਸਰਮਾਏਦਾਰ ਘਰਾਂ ਦੀ ਘਾਟ ਉੱਤੇ ਅਫ਼ਸੋਸ ਪ੍ਰਗਟ ਕਰਦੇ ਹਨ, ਪਰ ਉਹਨਾਂ ਸਭ ਤੋਂ ਭਿਆਨਕ ਨਤੀਜੇ ਉਪਰੋਂ-ਉਪਰੋਂ ਹੀ ਘੱਟ ਕਰਨ ਲਈ ਹਰਕਤ ਵਿੱਚ ਨਹੀਂ ਲਿਆਂਦਾ ਜਾ ਸਕਦਾ ਤਾਂ ਸਮੂਹਕ ਸਰਮਾਏਦਾਰ, ਰਾਜ ਵੀ ਬਹੁਤਾ ਕੁੱਝ ਨਹੀਂ ਕਰੇਗਾ। ਵੱਧ ਤੋਂ ਵੱਧ ਉਹ ਇਸ ਗੱਲ ਦਾ ਧਿਆਨ ਰੱਖੇਗਾ ਕਿ ਮਾਮੂਲੀ ਜਿਹੀ ਰਾਹਤ ਦਾ ਕਦਮ, ਜਿਸ ਦਾ ਕਿ ਰਿਵਾਜ ਹੀ ਪੈ ਗਿਆ ਹੈ, ਸਭਨਾਂ ਥਾਵਾਂ ਉੱਤੇ ਇਕਸਾਰ ਰੂਪ ਵਿੱਚ ਅਮਲ ਵਿੱਚ ਲਿਆਂਦਾ ਜਾਵੇ ਅਤੇ ਅਸੀਂ ਵੇਖਿਆ ਹੈ ਕਿ ਗੱਲ ਇਹੋ ਹੈ।

ਪਰ ਕੋਈ ਵੀ ਆਦਮੀ ਇਹ ਇਤਰਾਜ਼ ਕਰ ਸਕਦਾ ਹੈ ਕਿ ਜਰਮਨੀ ਵਿੱਚ ਅਜੇ ਤੱਕ ਬੁਰਜੂਆਜ਼ੀ ਦੀ ਹਕੂਮਤ ਨਹੀਂ ਹੈ, ਜਰਮਨੀ ਵਿੱਚ ਰਾਜ ਅਜੇ ਤੱਕ ਖਾਸ ਹੱਦ ਤੱਕ ਅਜਿਹੀ ਸੱਤ੍ਹਾ ਹੈ ਜੋ ਅਜ਼ਾਦ ਰੂਪ ਵਿੱਚ ਸਮਾਜ ਉੱਤੇ ਮੰਡਲਾ ਰਹੀ ਹੈ, ਜੋ ਇਸੇ ਕਾਰਨ ਕਰਕੇ ਸਮਾਜ ਦੇ ਸਾਂਝੇ ਹਿੱਤਾਂ ਦੀ ਪ੍ਰਤੀਨਿਧਤਾ ਕਰਦੀ ਹੈ ਅਤੇ ਇੱਕ ਇਕਹਿਰੀ ਜਮਾਤ ਦੇ ਹਿਤਾਂ ਦੀ ਨਹੀਂ। ਅਜਿਹਾ ਰਾਜ ਯਕੀਨੀ ਤੌਰ 'ਤੇ ਬੜਾ ਕੁੱਝ ਕਰ ਸਕਦਾ ਹੈ ਅਤੇ ਸਮਾਜਕ ਖੇਤਰ ਵਿੱਚ ਵੀ ਇਸ ਨਾਲ਼ੋਂ ਕਿਸੇ ਵੱਖਰੀ ਗੱਲ ਦੀ ਆਸ ਰੱਖਣੀ ਚਾਹੀਦੀ ਹੈ।

ਇਹ ਪਿਛਾਖੜੀਆਂ ਦੀ ਭਾਸ਼ਾ ਹੈ, ਪਰ ਅਸਲ ਵਿੱਚ ਜਿਵੇਂ ਜਰਮਨੀ ਵਿੱਚ ਰਾਜ ਮੌਜੂਦ ਹੈ, ਇਹ ਸਮਾਜਕ ਅਧਾਰ ਦੀ ਜ਼ਰੂਰੀ ਉਪਜ ਹੈ ਜਿਸ ਵਿੱਚੋਂ ਇਹਨੇ ਵਿਕਾਸ ਕੀਤਾ ਹੈ। ਪਰਸ਼ੀਆ ਵਿੱਚ — ਅਤੇ ਪਰਸ਼ੀਆ ਹੁਣ ਨਿਰਣਈ ਹੈ — ਵੱਡਾ ਜ਼ਮੀਨਦਾਰ ਵਰਗ ਜੋ ਕਿ ਅਜੇ ਤੱਕ ਸ਼ਕਤੀਸ਼ਾਲੀ ਹੈ, ਮੁਕਾਬਲਤਨ ਨਵ-ਉਮਰ ਤੇ ਬਹੁਤ ਹੀ ਕਾਇਰ ਬੁਰਜੂਆਜ਼ੀ ਦੇ ਨਾਲ਼ ਨਾਲ਼ ਮੌਜੂਦ ਹੈ ਜਿਸ ਬੁਰਜੂਆਜ਼ੀ ਨੇ ਅਜੇ ਤੱਕ ਨਾ ਤਾਂ ਸਿੱਧਾ ਹੀ ਗਲਬਾ ਹਾਸਲ ਕੀਤਾ ਹੈ ਜਿਵੇਂ ਕਿ ਫ਼ਰਾਂਸ ਵਿੱਚ ਹੈ ਅਤੇ ਨਾ ਹੀ ਲਗਭਗ ਅਸਿੱਧਾ ਗਲਬਾ ਹਾਸਲ ਕੀਤਾ ਹੈ ਜਿਵੇਂ ਕਿ ਇੰਗਲੈਂਡ ਵਿੱਚ ਹੈ। ਪਰ ਇਹਨਾਂ ਦੋਵਾਂ ਜਮਾਤਾਂ ਦੇ ਨਾਲ਼ ਨਾਲ਼ ਤੇਜ਼ੀ ਨਾਲ਼ ਵੱਧ ਰਿਹਾ ਪ੍ਰੋਲੇਤਾਰੀ ਵੀ ਮੌਜੂਦ ਹੈ ਜੋ ਬੋਧਕ ਰੂਪ ਵਿੱਚ ਬਹੁਤ ਹੀ ਵਿਕਸਿਤ ਹੈ ਅਤੇ ਜੋ ਹਰ ਦਿਨ ਵਧੇਰੇ ਹੀ ਵਧੇਰੇ ਜਥੇਬੰਦ ਹੁੰਦਾ ਜਾ ਰਿਹਾ ਹੈ। ਇਸ ਲਈ ਇੱਥੇ ਸਾਨੂੰ ਪੁਰਾਣੀ ਸਿਰੇ ਦੀ ਬਾਦਸ਼ਾਹੀ ਦੀ ਬੁਨਿਆਦੀ ਹਾਲਤ ਦੇ ਨਾਲ਼ ਨਾਲ਼ ਵੱਡੇ ਜ਼ਮੀਨਦਾਰਾਂ ਤੇ ਬੁਰਜੂਆਜ਼ੀ ਵਿੱਚ ਇੱਕ ਸੰਤੁਲਨ — ਆਧੁਨਿਕ ਬੋਨਾਪਰਟਵਾਦ ਦੀ ਇੱਕ ਬੁਨਿਆਦੀ ਸ਼ਰਤ — ਬੁਰਜੂਆਜ਼ੀ ਤੇ ਪ੍ਰੋਲੇਤਾਰੀ ਵਿਚਕਾਰ ਇੱਕ ਸੰਤੁਲਨ ਮਿਲਦਾ ਹੈ। ਪਰ ਪੁਰਾਣੀ ਸਿਰੇ ਦੀ ਬਾਦਸ਼ਾਹੀ ਅਤੇ ਆਧੁਨਿਕ ਬੋਨਾਪਾਰਟਵਾਦੀ ਬਾਦਸ਼ਾਹਤ ਦੋਹਾਂ ਵਿੱਚ ਸਰਕਾਰ ਦੇ ਅਸਲੀ ਅਧਿਕਾਰ ਫੌਜੀ ਅਫ਼ਸਰਾਂ ਤੇ ਰਾਜਕੀ ਅਧਿਕਾਰੀਆਂ ਦੇ ਵਿਸ਼ੇਸ਼ ਕੋੜਮੇ ਦੇ ਹੱਥਾਂ ਵਿੱਚ ਹੈ। ਪਰਸ਼ੀਆ ਵਿੱਚ ਇਸ ਕੋੜਮੇਂ ਨੂੰ ਅੰਸ਼ਕ ਰੂਪ ਵਿੱਚ ਉਹਦੀਆਂ ਆਪਣੀਆਂ ਸਫ਼ਾਂ ਤੋਂ, ਕੁੱਝ ਕੁੱਝ ਵਧੇਰੇ ਘੱਟ ਪਲੇਠੀ ਦੀ ਅਮੀਰਸ਼ਾਹੀ ਤੋਂ, ਵਧੇਰੇ ਘੱਟ ਰੂਪ ਵਿੱਚ ਰਈਸੀ ਤੋਂ ਅਤੇ ਸਭ ਤੋਂ ਘੱਟ ਬੁਰਜੂਆਜ਼ੀ ਤੋਂ ਪੂਰਾ ਕੀਤਾ ਜਾਂਦਾ ਹੈ। ਇਸ ਕੋੜਮੇ ਦੀ ਅਜ਼ਾਦੀ ਜੋ ਕਿ ਸਮਾਜ ਤੋਂ ਬਾਹਰੀ ਅਤੇ ਕਥਨ ਅਨੁਸਾਰ ਸਮਾਜ ਤੋਂ ਉਪਰ ਵਾਲ਼ੀ ਪੋਜੀਸ਼ਨ ਦਾ ਮਾਲਕ ਕੋੜਮਾਂ ਜਾਪਦਾ ਹੈ, ਰਾਜ ਨੂੰ ਸਮਾਜ ਸਬੰਧੀ ਅਜ਼ਾਦੀ ਦਾ ਰੂਪ ਦਿੰਦਾ ਹੈ।

ਰਾਜ ਦਾ ਉਹ ਰੂਪ ਜੋ ਪਰਸ਼ੀਆ ਵਿੱਚ ਇਹਨਾਂ ਵਿਰੋਧੀ ਸਮਾਜਕ ਹਾਲਤਾਂ ਵਿੱਚੋਂ ਜ਼ਰੂਰੀ ਇਕਸਾਰਤਾ ਨਾਲ਼ (ਅਤੇ ਪਰਸ਼ੀਆਈ ਮਿਸਾਲ ਤੋਂ ਮਗਰੋਂ ਜਰਮਨੀ ਦੇ ਨਵੇਂ ਰੀਖ ਸੰਵਿਧਾਨ ਵਿੱਚ) ਵਿਕਸਿਤ ਹੋਇਆ ਹੈ, ਨਕਲੀ ਸੰਵਿਧਾਨਵਾਦ ਹੈ, ਅਜਿਹਾ ਰੂਪ ਜੋ ਇੱਕੋ ਸਮੇਂ ਪੁਰਾਣੀ ਸਿਰੇ ਦੀ ਬਾਦਸ਼ਾਹੀ ਦੇ ਖਾਤਮੇ ਦਾ ਅਜੋਕੇ ਰੂਪ ਅਤੇ ਬੋਨਾਪਾਰਟਵਾਦੀ ਬਾਦਸ਼ਾਹ ਦੀ ਹੋਂਦ ਦਾ ਰੂਪ ਦੋਵੇਂ ਗੱਲਾਂ ਹੈ। ਪਰਸ਼ੀਆ ਵਿੱਚ 1848 ਤੋਂ 1886 ਤੱਕ ਨਕਲੀ ਸੰਵਿਧਾਨਵਾਦ ਨੇ ਸਿਰੇ ਦੀ ਬਾਦਸ਼ਾਹਤ ਦੇ ਸਹਿਜੇ ਸਹਿਜੇ ਖਾਤਮੇ ਨੂੰ ਕੇਵਲ ਲੁਕਾਇਆ ਹੀ ਹੈ ਅਤੇ ਉਸ ਨੂੰ ਸੌਖਿਆਂ ਬਣਾਇਆ ਹੈ। ਪਰ 1866 ਤੋਂ ਲੈ ਕੇ ਅਤੇ ਅਸਲ ਵਿੱਚ

1870 ਤੋਂ ਲੈ ਕੇ ਸਮਾਜਕ ਹਾਲਤਾਂ ਵਿੱਚ ਉੱਥਲ ਪੁੱਥਲ ਅਤੇ ਇਹਦੇ ਨਾਲ਼ ਹੀ ਪੁਰਾਣੇ ਰਾਜ ਦਾ ਖਾਤਮਾ ਸਾਰਿਆਂ ਦੀਆਂ ਅੱਖਾਂ ਸਾਹਮਣੇ ਅਤੇ ਬਹੁਤ ਹੀ ਵੱਡੇ ਪੈਮਾਨੇ ਉੱਤੇ ਵਾਪਰਿਆ ਹੈ। ਸਨਅਤ ਦੇ ਤੇਜ਼ ਵਿਕਾਸ ਨੇ ਖਾਸ ਕਰਕੇ ਸਟਾਕ ਐਕਸਚੇਂਜ ਦੀ ਹੇਰਾਫੇਰੀ ਨੇ ਹੁਕਮਰਾਨ ਜਮਾਤਾਂ ਨੂੰ ਸੱਟੇ ਦੀ ਘੁੰਮਣ ਘੇਰੀ ਵਿੱਚ ਖਿੱਚ ਲਿਆ ਹੈ। 1870 ਵਿੱਚ ਫ਼ਰਾਂਸ ਤੋਂ ਦਰਾਮਦ ਕੀਤਾ ਗਿਆ ਥੋਕ ਭ੍ਰਿਸ਼ਟਾਚਾਰ ਬੇਮਿਸਾਲ ਰਫ਼ਤਾਰ ਨਾਲ਼ ਵੱਧਦਾ ਜਾ ਰਿਹਾ ਹੈ। ਸਟਰੂਸਬਰਗ ਅਤੇ ਪੇਰੀਰੇ ਇੱਕ ਦੂਜੇ ਨੂੰ ਸਲਾਮਾਂ ਕਰ ਰਹੇ ਹਨ। ਮੰਤਰੀ, ਜਰਨੈਲ, ਰਾਜਕੁਮਾਰ ਅਤੇ ਕਾਊਂਟ ਬਹੁਤ ਹੀ ਸ਼ਾਤਿਰ ਸਟਾਕ ਐਕਸਚੇਂਜ ਬਘਿਆੜਾਂ ਨਾਲ਼ ਮੁਕਾਬਲੇ ਵਿੱਚ ਸਟਾਕਾਂ ਵਿੱਚ ਜੂਆ ਖੇਡਦੇ ਹਨ ਅਤੇ ਰਾਜ ਵੱਲੋਂ ਇਹਨਾਂ ਸਟਾਕ ਐਕਸਚੇਂਜ ਬਘਿਆੜਾਂ ਨੂੰ ਥੋਕ ਸਰਦਾਰੀਆਂ ਦੇ ਰੁਤਬਿਆਂ ਨਾਲ਼ ਨਿਵਾਜ ਕੇ ਉਹਨਾਂ ਦੀ ਬਰਾਬਰੀ ਨੂੰ ਮਾਣਤਾ ਦਿੱਤੀ ਜਾ ਰਹੀ ਹੈ। ਪੇਂਡੂ ਰਈਸਾਂ ਨੇ ਜੋ ਚਕੰਦਰ ਤਿਆਰ ਕਰਨ ਵਾਲ਼ਿਆਂ ਤੇ ਬਰਾਂਡੀ ਦੀ ਕਸ਼ੀਦ ਕਰਨ ਵਾਲ਼ਿਆਂ ਵਜੋਂ ਲੰਮੇਂ ਸਮੇਂ ਤੱਕ ਸਨਅਤਕਾਰ ਰਹੇ ਹਨ, ਬੜੇ ਚਿਰਾਂ ਤੋਂ ਪੁਰਾਣੇ ਸਤਿਕਾਰ ਵਾਲ਼ੇ ਦਿਨਾਂ ਨੂੰ ਪਿੱਛੇ ਛੱਡ ਦਿੱਤਾ ਹੈ ਅਤੇ ਉਹਨਾਂ ਦੇ ਨਾਵਾਂ ਨਾਲ਼ ਹੁਣ ਸਭਨਾਂ ਕਿਸਮਾਂ ਦੀਆਂ ਮਜ਼ਬੂਤ ਤੇ ਕਮਜ਼ੋਰ ਜਾਇੰਟ-ਸਟਾਕ ਕੰਪਨੀਆਂ ਦੇ ਡਾਇਰੈਕਟਰਾਂ ਦੀਆਂ ਸੂਚੀਆਂ ਭਰੀਆਂ ਪਈਆਂ ਹਨ। ਅਫ਼ਸਰਸ਼ਾਹੀ ਨੇ ਹੁਣ ਗਬਨ ਨੂੰ ਆਪਣੀ ਆਮਦਨੀ ਬਿਹਤਰ ਬਣਾਉਣ ਦੇ ਇੱਕੋ ਇੱਕ ਸਾਧਨ ਵਜੋਂ ਵਧੇਰੇ ਹੀ ਵਧੇਰੇ ਛੱਡਣਾ ਸ਼ੁਰੂ ਕਰ ਦਿੱਤਾ ਹੈ, ਉਹ ਰਾਜ ਨੂੰ ਛੱਡਦੇ ਜਾ ਰਹੇ ਹਨ ਅਤੇ ਉਹਨਾਂ ਨੇ ਸਨਅਤੀ ਅਦਾਰਿਆਂ ਦੇ ਪ੍ਰਬੰਧ ਵਿੱਚ ਕਿਤੇ ਵੱਧ ਕਮਾਈ ਵਾਲ਼ੀਆਂ ਪਦਵੀਆਂ ਦੀ ਭਾਲ਼ ਕਰਨੀ ਸ਼ੁਰੂ ਕਰ ਰਹੇ ਹਨ। ਜਿਹੜੇ ਅਜੇ ਤੱਕ ਸਰਕਾਰੀ ਨੌਕਰੀ ਵਿੱਚ ਰਹਿ ਗਏ ਹਨ, ਉਹ ਆਪਣੇ ਅਫ਼ਸਰਾਂ ਦੀ ਮਿਸਾਲ ਉੱਤੇ ਤੁਰ ਰਹੇ ਹਨ ਅਤੇ ਸਟਾਕਾਂ ਉੱਤੇ ਸੱਟਾ ਲਾ ਰਹੇ ਹਨ ਜਾਂ ਰੇਲਵੇਜ਼ ਆਦਿ ਵਿੱਚ "ਹਿੱਤ ਹਾਸਲ ਕਰ ਰਹੇ ਹਨ।" ਇਹ ਗੱਲ ਫ਼ਰਜ਼ ਕਰਨੀ ਹੱਕੀ ਹੋ ਸਕਦੀ ਹੈ ਕਿ ਛੋਟੇ ਅਫ਼ਸਰਾਂ ਦੇ ਹੱਥ ਵੀ ਕਿਸੇ ਸੱਟੇ ਵਿੱਚ ਹੋਣ। ਗੱਲ ਕੀ ਪੁਰਾਣੇ ਰਾਜ ਦੇ ਸਾਰੇ ਅੰਸਰਾਂ ਦਾ ਗਲਣਾ-ਸੜਣਾ ਅਤੇ ਮੁਕੰਮਲ ਬਾਦਸ਼ਾਹਤ ਤੋਂ ਬੋਨਾਪਾਰਟਿਸਟ ਬਾਦਸ਼ਾਹਤ ਵੱਲ ਤਬਦੀਲੀ ਪੂਰੇ ਜ਼ੋਰਾਂ ਉੱਤੇ ਹੈ। ਅਗਲੇ ਵੱਡੇ ਕਾਰੋਬਾਰੀ ਤੇ ਸਨਅਤੀ ਸੰਕਟ ਨਾਲ਼ ਕੇਵਲ ਵਰਤਮਾਨ ਹੇਰਾ ਫੇਰੀ ਹੀ ਨਹੀਂ ਸਗੋਂ ਪੁਰਾਣਾ ਪਰਸ਼ੀਆਈ ਰਾਜ ਵੀ ਢਹਿ ਢੇਰੀ ਹੋ ਜਾਵੇਗਾ। [ (ਇੱਥੋਂ ਤੱਕ ਕਿ ਅੱਜ 1886 ਵਿੱਚ ਵੀ ਉਹ ਇੱਕੋ ਇੱਕ ਚੀਜ਼ ਜੋ ਪੁਰਾਣੇ ਪਰਸ਼ੀਆਈ ਰਾਜ ਨੂੰ ਅਤੇ ਉਹਦੇ ਅਧਾਰ ਨੂੰ ਕਾਇਮ ਰੱਖ ਰਹੀ ਹੈ, ਜਿਹੜਾ ਅਧਾਰ ਕਿ ਰਖਿਆ ਵਾਲ਼ੇ ਟੈਰਿਫ਼ਾਂ ਰਾਹੀਂ ਮਜ਼ਬੂਤ ਕੀਤੀ ਗਈ ਵੱਡੇ ਜ਼ਮੀਨਦਾਰਾਂ ਤੇ ਸਨਅਤੀ ਸਰਮਾਏਦਾਰਾਂ ਦੀ ਏਕਤਾ ਹੈ, ਪ੍ਰੋਲੇਤਾਰੀ ਦਾ ਡਰ ਹੈ ਜੋ ਕਿ 1872 ਤੋਂ ਮਗਰੋਂ ਗਿਣਤੀ ਵਿੱਚ ਅਤੇ ਜਮਾਤੀ ਚੇਤੰਨਤਾ ਵਿੱਚ ਬਹੁਤ ਵਿਕਾਸ ਕਰ ਗਿਆ ਹੈ) 1887 ਦੇ ਐਡੀਸ਼ਨ ਲਈ ਏਂਗਲਜ਼ ਦਾ ਨੋਟ ]।

ਅਤੇ ਕੀ ਇਸ ਰਾਜ ਨੇ ਜਿਸ ਵਿੱਚ ਗੈਰ-ਬੁਰਜੂਆ ਅੰਸਰ ਆਏ ਦਿਨ ਵਧੇਰੇ ਬੁਰਜੂਆ ਹੁੰਦੇ ਜਾ ਰਹੇ ਹਨ, ਸਮਾਜਕ ਸਵਾਲ ਜਾਂ ਇੱਥੋਂ ਤੱਕ ਕਿ ਕੇਵਲ ਘਰਾਂ ਦਾ ਸਵਾਲ ਹੀ ਹੱਲ ਕਰਨਾ ਹੈ ? ਗੱਲ ਇਹਦੇ ਉਲਟ ਹੈ। ਸਾਰੇ ਆਰਥਕ ਸਵਾਲਾਂ ਵਿੱਚ ਪਰਸ਼ੀਆਈ

ਰਾਜ ਵਧੇਰੇ ਹੀ ਵਧੇਰੇ ਬੁਰਜੂਆਜ਼ੀ ਦੇ ਹੱਥਾਂ ਵਿੱਚ ਆ ਰਿਹਾ ਹੈ ਅਤੇ ਜੇਕਰ 1866 ਤੋਂ ਮਗਰੋਂ ਆਰਥਕ ਖੇਤਰ ਵਿੱਚ ਕਾਨੂੰਨ ਬੁਰਜੂਆਜ਼ੀ ਦੇ ਹਿੱਤਾਂ ਵਿੱਚ ਅਸਲੀ ਮਾਮਲੇ ਨਾਲ਼ੋਂ ਹੋਰ ਵਧੇਰੇ ਨਹੀਂ ਬਣਾਇਆ ਗਿਆ ਤਾਂ ਇਸ ਵਿੱਚ ਕੀਹਦਾ ਕਸੂਰ ਹੈ ? ਇਹਦੀ ਮੁੱਖ ਤੌਰ ’ਤੇ ਖੁਦ ਬੁਰਜੂਆਜ਼ੀ ਜ਼ਿੰਮੇਵਾਰ ਹੈ, ਪਹਿਲੀ ਗੱਲ, ਜ਼ੋਰ ਲਾਉਣ ਵਿੱਚ ਬੜੀ ਕਾਇਰਤਾ ਦਰਸਾ ਰਹੀ ਹੈ ਅਤੇ ਦੂਜੀ ਗੱਲ, ਕਿਉਂਕਿ ਇਹ ਹਰ ਇੱਕ ਰਿਆਇਤ ਦਾ ਵਿਰੋਧ ਕਰਦੀ ਹੈ ਜੇਕਰ ਕਾਨੂੰਨ ਖਤਰਾਂ ਪੇਸ਼ ਕਰਨ ਵਾਲ਼ੇ ਪ੍ਰੋਲੇਤਾਰੀ ਨੂੰ ਇਹਦੇ ਨਾਲ਼ ਹੀ ਨਵੇਂ ਹਥਿਆਰ ਮੁਹੱਈਆ ਕਰਦਾ ਹੈ ਅਤੇ ਜੇਕਰ ਰਾਜਨੀਤਕ ਸੱਤ੍ਹਾ, ਭਾਵ ਬਿਸਮਾਰਕ, ਬੁਰਜੂਆਜ਼ੀ ਦੀ ਰਾਜਨੀਤਕ ਸਰਗਰਮੀ ਕਾਬੂ ਵਿੱਚ ਰੱਖਣ ਲਈ ਖੁਦ ਆਪਣੇ ਬਾਡੀਗਾਰਡ ਪ੍ਰੋਲੇਤਾਰੀ ਨੂੰ ਜਥੇਬੰਦ ਕਰਨ ਦਾ ਯਤਨ ਕਰ ਰਿਹਾ ਹੈ ਤਾਂ ਇਹ ਜ਼ਰੂਰੀ ਤੇ ਐਨ ਜਾਣੇ ਪਛਾਣੇ ਬੋਨਾਪਾਰਟਿਸਟ ਨੁਸਖੇ ਤੋਂ ਬਿਨਾਂ ਹੋਰ ਕੀ ਹੈ ਜੋ ਜਿੱਥੋਂ ਤੱਕ ਮਜ਼ਦੂਰਾਂ ਦਾ ਸਬੰਧ ਹੈ, ਰਾਜ ਨੂੰ ਕੁੱਝ ਇੱਕ ਦਇਆਵਾਨ ਸ਼ਬਦਾਂ ਨਾਲ਼ੋਂ ਅਤੇ ਵੱਧ ਤੋਂ ਵੱਧ ਲੂਈ ਬੋਨਾਪਾਰਟ ਢੰਗ ਦੀਆਂ ਸੁਸਾਇਟੀਆਂ ਉਸਾਰਨ ਲਈ ਘੱਟੋ ਘੱਟ ਰਾਜਕੀ ਸਹਾਇਤਾ ਨਾਲ਼ੋਂ ਵਧੇਰੇ ਕੁੱਝ ਵੀ ਵਚਨ ਨਹੀਂ ਦਿੰਦਾ ?

ਇਸ ਗੱਲ ਦਾ ਕਿ ਮਜ਼ਦੂਰਾਂ ਨੂੰ ਪਰਸ਼ੀਆਈ ਰਾਜ ਤੋਂ ਕੀ ਆਸ ਕਰਨੀ ਚਾਹੀਦੀ ਹੈ, ਸਭ ਤੋਂ ਵਧੀਆ ਸਬੂਤ ਫ਼ਰਾਂਸੀਸੀ ਅਰਬਾਂ ਦੀ ਵਰਤੋਂ ਵਿੱਚ ਮਿਲਦਾ ਹੈ ਜਿਨ੍ਹਾਂ ਨੇ ਸਮਾਜ ਦੇ ਸਬੰਧ ਵਿੱਚ ਪਰਸ਼ੀਆਈ ਰਾਜ ਦੀ ਅਜ਼ਾਦੀ ਨੂੰ ਨਵੀਂ, ਥੋੜ੍ਹ-ਚਿਰੀ ਮੁਹਲਤ ਦੇ ਦਿੱਤੀ ਹੈ। ਕੀ ਇਹਨਾਂ ਅਰਬਾਂ ਵਿੱਚੋਂ ਇੱਕ ਵੀ ਟਾਲੇਰ ਬਰਲਿਨ ਦੇ ਉਹਨਾਂ ਮਜ਼ਦੂਰ ਜਮਾਤ ਟੱਬਰਾਂ ਨੂੰ ਜਿਨ੍ਹਾਂ ਨੂੰ ਸੜਕਾਂ ਉੱਤੇ ਸੁੱਟ ਦਿੱਤਾ ਗਿਆ ਹੈ, ਕੋਈ ਆਸਰਾ ਮੁਹੱਈਆ ਕਰਨ ਲਈ ਵਰਤਿਆ ਗਿਆ ਹੈ ? ਗੱਲ ਇਹਦੇ ਉਲਟ ਹੈ। ਜਿਉਂ ਹੀ ਪਤਝੜ ਨੇੜੇ ਆਉਂਦੀ ਗਈ, ਰਾਜ ਨੇ ਉਹ ਕੁੱਝ ਇੱਕ ਖੋਲ਼ੇ ਵੀ ਢਾਹ ਦਿੱਤੇ ਜਿਨ੍ਹਾਂ ਨੇ ਗਰਮੀਆਂ ਦੌਰਾਨ ਉਹਨਾਂ ਨੂੰ ਸਿਰ ਲੁਕਾਣ ਲਈ ਆਰਜ਼ੀ ਛੱਤ ਦਿੱਤੀ ਸੀ। 5 ਅਰਬ ਦਾ ਧਨ ਬੜੀ ਤੇਜ਼ੀ ਨਾਲ਼ ਸਮੁੱਚੇ ਮਾਸ ਦੇ ਮਾਰਗ ਉੱਤੇ ਜਾ ਰਹੇ ਹਨ, “ਕਿਲ੍ਹਿਆਂ, ਤੋਪਾਂ ਤੇ ਸਿਪਾਹੀਆਂ ਲਈ, ਵੈਗਨਰ ਦੀਆਂ ਮੂਰਖ-ਮਤੀਆਂ ਦੇ ਬਾਵਜੂਦ ਅਤੇ ਸਟੀਬਰ ਦੀਆਂ ਆਸਟਰੀਆ ਨਾਲ਼ ਕਾਨਫ਼ਰੰਸਾਂ ਦੇ ਬਾਵਜੂਦ ਉਹਨਾਂ ਅਰਬਾਂ ਵਿੱਚੋਂ ਜਰਮਨ ਮਜ਼ਦੂਰਾਂ ਲਈ ਉਸ ਨਾਲ਼ੋਂ ਘੱਟ ਰਕਮਾਂ ਰਾਖਵੀਆਂ ਕੀਤੀਆਂ ਜਾਣਗੀਆਂ ਜੋ ਫ਼ਰਾਂਸ ਦੇ ਮਜ਼ਦੂਰਾਂ ਨੂੰ ਉਹਨਾਂ ਅਰਬਾਂ ਵਿੱਚੋਂ ਅਲਾਟ ਕੀਤੇ ਗਏ ਸਨ ਜੋ ਲੂਈ ਬੋਨਾਪਾਰਟ ਨੇ ਫ਼ਰਾਂਸ ਤੋਂ ਚੋਰੀ ਕੀਤੇ ਸਨ।

## III

ਅਸਲ ਵਿੱਚ ਬੁਰਜੂਆਜ਼ੀ ਕੋਲ਼ ਆਪਣੇ ਹੀ ਢੰਗ ਨਾਲ਼ ਘਰਾਂ ਦੀ ਸਮੱਸਿਆ ਹੱਲ ਕਰਨ ਦਾ ਕੇਵਲ ਇੱਕੋ ਤਰੀਕਾ ਹੈ — ਭਾਵ ਇਹਨੂੰ ਅਜਿਹੇ ਢੰਗ ਨਾਲ਼ ਨਿਬੇੜਨ ਦਾ ਕਿ ਇਹਦਾ ਹੱਲ ਲਗਾਤਾਰ ਹੀ ਸਵਾਲ ਨੂੰ ਨਵੇਂ ਸਿਰਿਉਂ ਪੇਸ਼ ਕਰਦਾ ਹੈ। ਇਸ ਢੰਗ ਨੂੰ “ਹਾਊਸਮੈਨ” ਆਖਦੇ ਹਨ।

ਸ਼ਬਦ "ਹਾਊਸਮੈਨ" ਤੋਂ ਮੇਰਾ ਭਾਵ ਕੇਵਲ ਖਾਸ ਤੌਰ 'ਤੇ ਪੈਰਿਸ ਦੇ ਹਾਊਸਮੈਨ ਦਾ ਬੋਨਾਪਾਰਟਿਸਟ ਢੰਗ ਨਹੀਂ — ਮਜ਼ਦੂਰਾਂ ਦੇ ਕੁਆਰਟਰਾਂ ਦੇ ਐਨ ਵਿੱਚੋਂ ਦੀ ਲੰਮੀਆਂ, ਮਿਥੀਆਂ ਤੇ ਖੁਲ੍ਹੀਆਂ ਸੜਕਾਂ ਕਢਵਾਉਣਾ ਅਤੇ ਉਹਨਾਂ ਦੇ ਦੋਵੀਂ ਪਾਸੀਂ ਵੱਡੀਆਂ ਸ਼ਾਨਦਾਰ ਇਮਾਰਤਾਂ ਉਸਾਰਨਾ, ਜਿਸ ਵਿੱਚ ਇਰਾਦਾ ਰੁਕਾਵਟਾਂ ਖੜੀਆਂ ਕਰ ਕੇ ਲੜਾਈ ਲੜਨ ਨੂੰ ਵਧੇਰੇ ਮੁਸ਼ਕਲ ਬਣਾਉਣ ਦੇ ਯੁੱਧਨੀਤਕ ਮੰਤਵ ਤੋਂ ਇਲਾਵਾ ਪ੍ਰੋਲੇਤਾਰੀ ਨੂੰ ਸਰਕਾਰ ਉੱਤੇ ਨਿਰਭਰ ਬਣਾਉਣ ਤੇ ਸ਼ਹਿਰ ਨੂੰ ਸਿਧਮ ਸਿੱਧੇ ਐਸ਼-ਵਰਜ ਦੇ ਸ਼ਹਿਰ ਵਿੱਚ ਪਲਟਨ ਲਈ ਵਿਸ਼ੇਸ਼ ਤੌਰ 'ਤੇ ਬੋਨਾਪਾਰਟਿਸਟ ਉਸਾਰੀ ਧੰਦਿਆਂ ਦਾ ਵਿਕਾਸ ਕਰਨਾ। "ਹਾਊਸਮੈਨ" ਤੋਂ ਮੇਰਾ ਮੰਤਵ ਉਸ ਅਮਲ ਤੋਂ ਹੈ ਜੋ ਕਿ ਹੁਣ ਸਾਡੇ ਵੱਡੇ ਸ਼ਹਿਰਾਂ ਵਿੱਚ ਮਜ਼ਦੂਰ ਜਮਾਤ ਦੇ ਕੁਆਰਟਰਾਂ ਵਿੱਚ, ਖਾਸ ਕਰਕੇ ਉਹਨਾਂ ਵਿੱਚ ਜਿਹੜੇ ਕੇਂਦਰ ਵਿੱਚ ਸਥਿਤ ਹਨ, ਪਾੜ ਪਾਉਣ ਸਬੰਧੀ ਹੈ ਭਾਵੇਂ ਇਸ ਅਮਲ ਨੂੰ ਜਨਤਕ ਸਿਹਤ ਤੇ ਖੂਬਸੂਰਤ ਬਣਾਉਣ ਦੇ ਕਾਰਨਾਂ ਨੇ ਜਾਂ ਕੇਂਦਰੀ ਤੌਰ 'ਤੇ ਸਥਿਤੀ ਵੱਡੀਆਂ ਕਾਰੋਬਾਰੀ ਥਾਵਾਂ ਲਈ ਮੰਗ ਨੇ ਜਾਂ ਆਵਾਜਾਈ ਦੀਆਂ ਮੰਗਾਂ, ਜਿਵੇਂ ਕਿ ਰੇਲਵੇਜ਼ ਜਾਂ ਸੜਕਾਂ ਆਦਿ ਤਿਆਰ ਕਰਨ ਨੇ ਜ਼ਰੂਰੀ ਬਣਾ ਦਿੱਤਾ ਹੋਵੇ। ਭਾਵੇਂ ਕਾਰਨ ਕਿੰਨੇ ਵੀ ਵੱਖਰੇ ਵੱਖਰੇ ਹੋਣ, ਨਤੀਜਾ ਹਰ ਥਾਂ ਉੱਤੇ ਉਹੀ ਹੈ, ਬਹੁਤ ਹੀ ਸਕੈਂਡਲੀ ਗਲੀਆਂ ਤੇ ਸੜਕਾਂ ਅਲੋਪ ਹੋ ਜਾਂਦੀਆਂ ਹਨ, ਤੇ ਇਸ ਭਾਰੀ ਸਫ਼ਲਤਾ ਕਾਰਨ ਬੁਰਜੂਆਜ਼ੀ ਵੱਲੋਂ ਆਪਣਾ ਬਹੁਤ ਹੀ ਜ਼ਿਆਦਾ ਗੁਣ-ਗਾਣ ਕਰਨਾ, ਪਰ — ਉਹ ਇੱਕਦਮ ਹੀ ਕਿਸੇ ਹੋਰ ਥਾਂ ਉੱਤੇ ਅਤੇ ਅਕਸਰ ਹੀ ਫ਼ੌਰੀ ਗਵਾਂਢ ਵਿੱਚ ਦੁਬਾਰਾ ਪ੍ਰਗਟ ਹੋ ਜਾਂਦੇ ਹਨ।

**ਇੰਗਲੈਂਡ ਵਿੱਚ ਮਜ਼ਦੂਰ ਜਮਾਤ ਦੀ ਹਾਲਤ** ਵਿੱਚ ਮੈਂ ਮਾਨਚੈਸਟਰ ਦੀ 1843 ਤੇ 1844 ਦੀ ਤਸਵੀਰ ਪੇਸ਼ ਕੀਤੀ ਸੀ। ਉਸ ਤੋਂ ਮਗਰੋਂ ਸ਼ਹਿਰ ਦੇ ਕੇਂਦਰ ਰਾਹੀਂ ਰੇਲਵੇ ਦੀ ਉਸਾਰੀ ਨੇ, ਨਵੀਆਂ ਸੜਕਾਂ ਦੇ ਵਿਛਾਏ ਜਾਣ ਤੇ ਵੱਡੀਆਂ ਸਰਕਾਰੀ ਤੇ ਨਿੱਜੀ ਇਮਾਰਤਾਂ ਖੜੀਆਂ ਕੀਤੇ ਜਾਣ ਨੇ ਉੱਥੇ ਬਿਆਨ ਕੀਤੇ ਗਏ ਸਭ ਤੋਂ ਭੈੜੇ ਇਲਾਕਿਆਂ ਨੂੰ ਸਾਹਮਣੇ ਲਿਆਂਦਾ ਤੇ ਬਿਹਤਰ ਬਣਾ ਦਿੱਤਾ ਹੈ ਜਦੋਂ ਕਿ ਬਾਕੀ ਦਿਆਂ ਨੂੰ ਬਿਲਕੁੱਲ ਹੀ ਖਤਮ ਕਰ ਦਿੱਤਾ ਗਿਆ ਹੈ, ਭਾਵੇਂ ਇਸ ਤੱਥ ਤੋਂ ਇਲਾਵਾ ਕਿ ਸਫ਼ਾਈ-ਪੁਲਿਸ ਦੀ ਪੜਤਾਲ਼ ਉਸ ਤੋਂ ਮਗਰੋਂ ਵਧੇਰੇ ਸਖ਼ਤ ਹੋ ਗਈ ਹੈ, ਉਹਨਾਂ ਵਿੱਚੋਂ ਬਹੁਤ ਸਾਰੇ ਅਜੇ ਤੱਕ ਉਸੇ ਹਾਲਤ ਵਿੱਚ ਹਨ ਜਾਂ ਉਸ ਨਾਲ਼ੋਂ ਵੀ ਡਿੱਗੀ-ਢਹੀ ਹਾਲਤ ਵਿੱਚ ਹਨ ਜਿਵੇਂ ਕਿ ਉਹ ਉਸ ਸਮੇਂ ਸਨ। ਦੂਜੇ ਪਾਸੇ, ਸ਼ਹਿਰ ਦੇ ਅਥਾਹ ਵਿਕਾਸ ਕਾਰਨ ਜਿਸ ਦੀ ਵਸੋਂ ਉਸ ਮਗਰੋਂ ਅੱਧੀ ਨਾਲ਼ੋਂ ਜ਼ਿਆਦਾ ਵੱਧ ਗਈ ਹੈ, ਉਹ ਇਲਾਕੇ ਜੋ ਉਸ ਸਮੇਂ ਅਜੇ ਹਵਾਦਾਰ ਤੇ ਸਾਫ ਸੁਥਾਰੇ ਸਨ, ਹੁਣ ਉਨੇ ਹੀ ਵਧੇਰੇ ਉਸਾਰੇ ਗਏ, ਉਨੇ ਹੀ ਵਧੇਰੇ ਗੰਦੇ ਤੇ ਤੂੜੇ ਹੋਏ ਹਨ ਜਿੰਨੇ ਸ਼ਹਿਰ ਦੇ ਸਾਬਕਾ ਬਦਨਾਮ ਇਲਾਕੇ ਹੁੰਦੇ ਸਨ। ਇੱਥੇ ਕੇਵਲ ਇੱਕੋ ਮਿਸਾਲ ਦਿੱਤੀ ਜਾਂਦੀ ਹੈ, ਉੱਪਰ ਦੱਸੀ ਆਪਣੀ ਕਿਤਾਬ ਦੇ ਪੰਨਾ 80 ਉੱਤੇ ਮੈਂ ਮੈਡਲਾਕ ਦਰਿਆ ਦੇ ਥੱਲੇ ਵਾਲ਼ੀ ਘਾਟੀ ਵਿੱਚ ਸਥਿਤ ਘਰਾਂ ਦੇ ਗਰੁੱਪ ਦਾ ਵਰਨਣ ਕੀਤਾ ਹੈ ਜੋ ਛੋਟੇ ਆਇਰਲੈਂਡ ਦੇ ਨਾਂ ਥੱਲੇ ਮਾਨਚੈਸਟਰ ਦੇ ਮੱਥੇ ਉੱਤੇ ਸਾਲਾਂ ਬੱਧੀ ਦਾਗ ਬਣਿਆਂ ਰਿਹਾ (ਵੇਖੋ ਕਾਰਲ ਮਾਰਕਸ ਅਤੇ

ਫ. ਏਂਗਲਜ਼, ਬਰਤਾਨੀਆਂ ਬਾਰੇ, ਮਾਸਕੋ, 1962, ਪੰਨਾ-94 —ਸੰਪਾ.)। ਛੋਟਾ ਆਇਰਲੈਂਡ ਬੜਾ ਚਿਰ ਪਹਿਲਾਂ ਤੋਂ ਅਲੋਪ ਹੋ ਚੁੱਕਿਆ ਹੈ ਅਤੇ ਹੁਣ ਉੱਥੇ ਉੱਚੀ ਨੀਂਹ ਉੱਤੇ ਉਸਾਰਿਆ ਇੱਕ ਰੇਲਵੇ ਸਟੇਸ਼ਨ ਖਲੋਤਾ ਹੈ। ਬੁਰਜੂਆਜ਼ੀ ਬੜੇ ਮਾਣ ਨਾਲ਼ ਛੋਟੇ ਆਇਰਲੈਂਡ ਦੇ ਖ਼ੁਸ਼ੀ ਭਰੇ ਤੇ ਅੰਤਮ ਖਾਤਮੇ ਵੱਲ ਇੱਕ ਮਹਾਨ ਜਿੱਤ ਵਜੋਂ ਧਿਆਨ ਦੁਆਂਦੀ ਹੈ। ਹੁਣੇ ਬੀਤੀਆਂ ਗਰਮੀਆਂ ਵਿੱਚ ਉੱਥੇ ਬੜਾ ਭਾਰੀ ਹੜ੍ਹ ਆ ਗਿਆ ਜਿਵੇਂ ਕਿ ਉਹ ਦਰਿਆ ਸਾਡੇ ਵੱਡੇ ਸ਼ਹਿਰਾਂ ਜਿਨ੍ਹਾਂ ਦੇ ਕਿਨਾਰੇ ਵੱਸਦੇ ਹਨ, ਅਜਿਹੇ ਕਾਰਨਾਂ ਕਰਕੇ ਸਾਲੋ ਸਾਲ ਵਧੇਰੇ ਹੀ ਵਧੇਰੇ ਹੜ੍ਹ ਲਿਆਉਂਦੇ ਜਿਨ੍ਹਾਂ ਨੂੰ ਆਸਾਨੀ ਨਾਲ਼ ਸਪੱਸ਼ਟ ਕੀਤਾ ਜਾ ਸਕਦਾ ਉਸ ਸਮੇਂ ਇਹ ਗੱਲ ਸਾਹਮਣੇ ਆਈ ਕਿ ਛੋਟਾ ਆਇਰਲੈਂਡ ਉਕਾ ਹੀ ਖਤਮ ਨਹੀਂ ਕੀਤਾ ਗਿਆ ਸਗੋਂ ਉਹ ਤਾਂ ਆਕਸਫ਼ੋਰਡ ਰੋਡ ਦੀ ਦੱਖਣੀ ਬਾਰੀ ਤੋਂ ਉੱਤਰੀ ਬਾਰੀ ਵਿੱਚ ਆ ਗਿਆ ਹੈ ਅਤੇ ਕਿ ਇਹ ਅਜੇ ਵੀ ਪ੍ਰਫੁੱਲਤ ਹੋ ਰਿਹਾ ਹੈ। ਆਓ ਅਸੀਂ ਮਾਨਚੈਸਟਰ ਦੇ **ਵੀਕਲੀ ਟਾਈਮਜ਼** ਦੀ ਜੋ ਕਿ ਮਾਨਚੈਸਟਰ ਦੀ ਰੈਡੀਕਲ ਬੁਰਜੂਆਜ਼ੀ ਦਾ ਅਖ਼ਬਾਰ ਹੈ, ਉਹਦੇ ਵੀਹ ਜੁਲਾਈ 1872 ਦੇ ਪਰਚੇ ਵਿੱਚ ਆਖੀ ਗਈ ਗੱਲ ਨੂੰ ਸੁਣੀਏ:

"ਉਹ ਆਫ਼ਤ ਜੋ ਪਿਛਲੇ ਸ਼ਨੀਚਾਵਾਰ ਨੂੰ ਮੈਡਲਾਕ ਦੀ ਹੇਠਲੀ ਘਾਟੀ ਦੇ ਵਾਸੀਆਂ ਉੱਤੇ ਪਈ, ਆਸ ਕੀਤੀ ਜਾਂਦੀ ਹੈ ਕਿ ਇੱਕ ਚੰਗਾ ਨਤੀਜਾ ਕੱਢੇਗੀ ਭਾਵ ਇਹ ਕਿ ਜਨਤਾ ਦਾ ਧਿਆਨ ਸਫ਼ਾਈ ਦੇ ਉਹਨਾਂ ਸਾਰੇ ਕਾਨੂੰਨਾਂ ਦੇ ਹਾਸੋਹੀਣ ਹੋਣ ਵੱਲ ਸੇਧੇਗੀ, ਜਿਹੜੀ ਹਾਲਤ ਸਾਡੇ ਮਿਊਂਸਪਲ ਅਧਿਕਾਰੀਆਂ ਅਤੇ ਸਾਡੀ ਮਿਊਂਸਪਲ ਸਿਹਤ ਕਮੇਟੀ ਦੇ ਐਨ ਨੱਕਾਂ ਥੱਲੇ ਇੰਨੇ ਚਿਰ ਤੋਂ ਬਰਦਾਸ਼ਤ ਕੀਤੀ ਜਾਂਦੀ ਰਹੀ ਹੈ। ਕੱਲ੍ਹ ਸਾਡੇ ਦਿਨ ਦੇ ਐਡੀਸ਼ਨ ਵਿਚਲੇ ਤਿੱਖੇ ਲੇਖ ਨੇ, ਭਾਵੇਂ ਇਹ ਬਹੁਤਾ ਜ਼ੋਰ ਨਾਲ਼ ਨਹੀਂ ਸੀ, ਚਾਰਲਸ ਸਟਰੀਟ ਅਤੇ ਬਰੁਕ ਸਟਰੀਟ ਨੇੜੇ ਕੁੱਝ ਤਹਿਖ਼ਾਨਿਆਂ ਦੀਆਂ ਰਿਹਾਇਸ਼ੀ ਥਾਵਾਂ ਦੀਆਂ ਜਿਨ੍ਹਾਂ ਵਿੱਚ ਹੜ੍ਹ ਆ ਗਿਆ ਸੀ, ਸਕੈਂਡਲੀ ਹਾਲਤਾਂ ਨੂੰ ਪ੍ਰਗਟ ਕੀਤਾ ਸੀ। ਇਸ ਲੇਖ ਵਿੱਚ ਦੱਸੀਆਂ ਗਈਆਂ ਕੋਰਟਾਂ ਵਿੱਚੋਂ ਇੱਕ ਦੀ ਵਿਸਤ੍ਰਿਤ ਘੋਖ ਸਾਨੂੰ ਉਹਨਾਂ ਬਾਰੇ ਦਿੱਤੇ ਗਏ ਸਾਰੇ ਬਿਆਨਾਂ ਦੀ ਪੁਸ਼ਟੀ ਕਰਨ ਦੇ, ਅਤੇ ਇਹ ਐਲਾਨ ਕਰਨ ਦੇ ਸਮੱਰਥ ਬਣਾਉਂਦੀ ਹੈ ਕਿ ਇਸ ਕੋਰਟ ਵਿਚਲੀਆਂ ਰਿਹਾਇਸ਼ੀ ਥਾਵਾਂ ਬੜਾ ਚਿਰ ਪਹਿਲਾਂ ਬੰਦ ਕਰ ਦੇਣੀਆਂ ਚਾਹੀਦੀਆਂ ਸਨ ਜਾਂ ਉਹਨਾਂ ਨੂੰ ਮਨੁੱਖੀ ਰਿਹਾਇਸ਼ ਲਈ ਕਦੀ ਵੀ ਸਵੀਕਾਰ ਨਹੀਂ ਕੀਤਾ ਜਾਣਾ ਸੀ। ਸਕੁਆਇਰ ਦੀ ਕੋਰਟ ਵਿੱਚ ਚਾਰਲਸ ਸਟਰੀਟ ਅਤੇ ਬਰੁੱਕ ਸਟਰੀਟ ਦੇ ਕਿਨਾਰੇ ਉੱਤੇ 6 ਜਾਂ 8 ਰਿਹਾਇਸ਼ੀ ਘਰ ਹਨ। ਇੱਥੋਂ ਤੱਕ ਕਿ ਬਰੁਕ ਸਟਰੀਟ ਦੇ ਸਭ ਤੋਂ ਨੀਵੇਂ ਭਾਗ ਵਿੱਚ ਵੀ, ਰੇਲਵੇ ਪੁਲ ਦੇ ਹੇਠਾਂ ਦੀ ਕੋਈ ਵੀ ਪੈਦਲ ਜਾਣ ਵਾਲ਼ਾ ਹਰ ਰੋਜ਼ ਉੱਥੋਂ ਲੰਘ ਸਕਦਾ ਹੈ ਅਤੇ ਉਹਦੇ ਇਹ ਸੁਫਨੇ ਵਿੱਚ ਵੀ ਨਾ ਹੋਵੇ ਕਿ ਬੜਾ ਹੇਠਾਂ, ਉਹਦੇ ਪੈਰਾਂ ਥੱਲੇ, ਗੁਫਾਵਾਂ ਵਿੱਚ ਮਨੁੱਖ ਵੀ ਰਹਿੰਦੇ ਹਨ। ਇਹ ਥਾਂ ਜਨਤਾ ਦੀਆਂ ਨਜ਼ਰਾਂ ਤੋਂ ਉਹਲੇ ਹੈ ਅਤੇ ਕੇਵਲ ਉਹਨਾਂ ਦੀ ਪਹੁੰਚ ਵਿੱਚ ਹੈ ਜੋ ਆਪਣੀ ਗਰੀਬੀ ਕਾਰਨ ਇਹਦੀ ਕਬਰਾਂ ਵਰਗੀ ਇਕੱਲਤਾ ਵਿੱਚ ਪਨਾਹ ਲੈਣ ਉੱਤੇ ਮਜਬੂਰ ਹਨ। ਇੱਥੋਂ ਤੱਕ ਕਿ ਜੇ ਕਿ ਮੈਡਲਾਕ ਦੇ ਆਮ ਤੌਰ 'ਤੇ ਖੜ੍ਹੇ ਪਾਣੀ ਜੋ ਲਾਕਾਂ ਵਿਚਕਾਰ ਬੰਦ ਰਹਿੰਦੇ ਹਨ, ਆਪਣੇ ਆਮ ਪੱਧਰ ਤੋਂ ਵੱਧ ਨਾ ਹੋਣ ਤਾਂ

ਵੀ ਇਹਨਾਂ ਰਿਹਾਇਸ਼ੀ ਘਰਾਂ ਦੇ ਫ਼ਰਸ਼ ਦਰਿਆ ਦੇ ਤਲ ਤੋਂ ਮੁਸ਼ਕਲ ਨਾਲ਼ ਹੀ ਕੁੱਝ ਇੰਜ ਉਚੇ ਹੋਣਗੇ। ਮੀਂਹ ਦੀ ਚੰਗੀ ਵਾਛੜ ਨਾਲ਼ੀਆਂ ਰਾਹੀਂ ਗੰਦਾ, ਬਦਬੂਦਾਰ ਪਾਣੀ ਪੁਚਾਉਣ ਦੇ ਅਤੇ ਉਹਨਾਂ ਵਬਾਈ ਗੈਸਾਂ ਨਾਲ਼ ਭਰਨ ਦੇ ਜੋ ਹਰ ਇੱਕ ਹੜ੍ਹ ਆਪਣੇ ਪਿੱਛੇ ਨਿਸ਼ਾਨੀ ਵਜੋਂ ਛੱਡਦਾ ਹੈ, ਸਮਰੱਥ ਹੈ.... ਸਕੁਆਇਰ ਦੀ ਕੋਰਟ ਬਰੁਕ ਸਟਰੀਟ ਦੇ ਘਰਾਂ ਦੇ ਗੈਰ-ਆਬਾਦ ਤਹਿਖਾਨਿਆਂ ਨਾਲ਼ੋਂ ਵੀ ਘੱਟ ਨੀਵੇਂ ਪੱਧਰ ਉੱਤੇ ਸਥਿਤ ਹੈ... ਗਲੀ ਦੇ ਪੱਧਰ ਨਾਲ਼ੋਂ 20 ਫੁਟ ਨੀਵਾਂ ਅਤੇ ਨਾਲ਼ੀਆਂ ਰਾਹੀਂ ਸ਼ਨੀਚਰਵਾਰ ਨੂੰ ਆਇਆ ਬਦਬੂਦਾਰ ਪਾਣੀ ਛੱਤਾਂ ਤੱਕ ਪੁੱਜ ਗਿਆ ਸੀ। ਸਾਨੂੰ ਇਸ ਬਾਰੇ ਪਤਾ ਸੀ ਅਤੇ ਇਸ ਲਈ ਅਸੀਂ ਆਸ ਕਰਦੇ ਸਾਂ ਕਿ ਉਸ ਥਾਂ ਉੱਤੇ ਕੋਈ ਆਦਮੀ ਨਹੀਂ ਰਹਿੰਦਾ ਹੋਵੇਗਾ ਜਾਂ ਉੱਥੇ ਕੇਵਲ ਸਫਾਈ ਸਬੰਧੀ ਅਧਿਕਾਰੀ ਹੀ ਹੋਣਗੇ ਜਿਹੜੇ ਬਦਬੂਦਾਰ ਕੰਧਾਂ ਨੂੰ ਧੁਆਉਣ ਵਿੱਚ ਜਾਂ ਘਰਾਂ ਵਿੱਚੋਂ ਜਿਰਮ ਮਾਰਨ ਵਿੱਚ ਰੁੱਝੇ ਹੋਣਗੇ। ਇਹਦੀ ਬਜਾਏ ਅਸੀਂ ਤਹਿਖਾਨੇ ਵਾਲ਼ੇ ਘਰ ਵਿੱਚ ਇੱਕ ਨਾਈ ਵੇਖਿਆ ਜਿਹੜਾ ਇੱਕ ਖੂੰਜੇ ਵਿੱਚ ਪਈ ਗੰਦਗੀ ਦੇ ਢੇਰ ਨੂੰ ਰੇੜ੍ਹੀ ਵਿੱਚ ਪਾ ਰਿਹਾ ਸੀ। ਨਾਈ ਜਿਸ ਦਾ ਤਹਿਖਾਨਾ ਲਗਭਗ ਸਾਫ਼ ਹੋ ਚੁੱਕਿਆ ਸੀ, ਸਾਨੂੰ ਹੋਰ ਵੀ ਨੀਵੇਂ ਬਹੁਤ ਸਾਰੇ ਰਿਹਾਇਸ਼ੀ ਘਰਾਂ ਵਿੱਚ ਲੈ ਗਿਆ, ਜਿਨ੍ਹਾਂ ਬਾਰੇ ਉਹਨੇ ਐਲਾਨ ਕੀਤਾ ਕਿ ਜੇ ਕਰ ਉਹ ਕੁੱਝ ਲਿਖ ਸਕਦਾ ਤਾਂ ਉਹਨੇ ਪ੍ਰੈੱਸ ਨੂੰ ਸੂਚਿਤ ਕਰ ਦਿੱਤਾ ਹੁੰਦਾ ਅਤੇ ਇਹ ਮੰਗ ਕੀਤੀ ਹੁੰਦੀ ਕਿ ਉਹਨਾਂ ਘਰਾਂ ਨੂੰ ਬੰਦ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਅਖੀਰ ਅਸੀਂ ਸਕੁਆਇਰ ਕੋਰਟ ਪੁੱਜੇ ਜਿੱਥੇ ਸਾਨੂੰ ਕੱਪੜੇ ਧੋ ਰਹੀ ਇੱਕ ਮੋਟੀ, ਚੰਗੀ ਸਿਹਤ-ਵਾਲ਼ੀ ਆਇਰਲੈਂਡ ਦੀ ਇਸਤਰੀ ਮਿਲੀ। ਉਹ ਅਤੇ ਉਹਦਾ ਪਤੀ ਜੋ ਕਿ ਰਾਤ ਸਮੇਂ ਦਾ ਇੱਕ ਚੌਕੀਦਾਰ ਸੀ, ਛੇ ਸਾਲ ਤੋਂ ਉਸ ਕੋਰਟ ਵਿੱਚ ਰਹਿ ਰਹੇ ਸਨ ਅਤੇ ਉਹਨਾਂ ਦੇ ਕਈ ਬੱਚੇ ਸਨ। ਉਸ ਘਰ ਵਿੱਚ ਜੋ ਉਹਨਾਂ ਨੇ ਹੁਣੇ ਹੀ ਛੱਡਿਆ ਸੀ, ਪਾਣੀ ਛੱਤ ਤੱਕ ਜਾ ਪੁੱਜਿਆ ਸੀ, ਤੇ ਉਹਦੀਆਂ ਖਿੜਕੀਆਂ ਟੁੱਟੀਆਂ ਹੋਈਆਂ ਸਨ ਤੇ ਫ਼ਰਨੀਚਰ ਪੂਰੀ ਤਰ੍ਹਾਂ ਤਬਾਹ ਹੋ ਚੁੱਕਿਆ ਸੀ। ਉਸ ਆਦਮੀ ਨੇ ਇਹ ਐਲਾਨ ਕੀਤਾ ਸੀ ਕਿ ਇਸ ਘਰ ਵਿੱਚ ਰਹਿਣ ਵਾਲ਼ਾ ਬਦਬੂਆਂ ਨੂੰ ਅਸਹਿ ਹੋਣੋਂ ਰੋਕਣ ਦੇ ਇਸ ਲਈ ਸਮੱਰਥ ਹੋਇਆ ਕਿ ਉਹ ਹਰ ਦੋ ਮਹੀਨਿਆਂ ਮਗਰੋਂ ਉਸ ਨੂੰ ਕਲ਼ੀ ਕਰਵਾਉਂਦਾ ਸੀ। ਉਸ ਕੋਰਟ ਦੇ ਅੰਦਰੂਨੀ ਹਿੱਸੇ ਵਿੱਚ ਜਿੱਥੇ ਕਿ ਸਾਡਾ ਪੱਤਰ-ਪ੍ਰੇਰਕ ਉਦੋਂ ਗਿਆ, ਉਹਨੇ ਹੁਣੇ ਦਸੇ ਘਰਾਂ ਦੀਆਂ ਪਿਛਲੀਆਂ ਕੰਧਾਂ ਨਾਲ਼ ਲੱਗਦੀਆਂ ਪਿੱਠਾਂ ਵਾਲ਼ੇ ਤਿੰਨ ਘਰ ਲੱਭੇ। ਇਹਨਾਂ ਤਿੰਨਾਂ ਘਰਾਂ ਵਿੱਚੋਂ ਦੋ ਵਿੱਚ ਲੋਕ ਵੱਸਦੇ ਸਨ। ਉੱਥੇ ਬਦਬੂ ਇੰਨੀ ਤੇਜ਼ ਸੀ ਕਿ ਸਭ ਤੋਂ ਵਧੀਆਂ ਸਿਹਤ ਵਾਲ਼ੇ ਆਦਮੀ ਨੂੰ ਵੀ ਥੋੜ੍ਹੇ ਸਮੇਂ ਵਿੱਚ ਹੀ ਢਿੱਡ ਪੀੜ ਹੋਣ ਲੱਗ ਜਾਵੇ...ਇਸ ਘਿਨਾਉਣੀ ਖੁੱਡ ਵਿੱਚ ਸੱਤਾਂ ਜਿਆਂ ਦਾ ਇੱਕ ਟੱਬਰ ਰਹਿੰਦਾ ਸੀ ਜੋ ਸਾਰੇ ਦੇ ਸਾਰੇ ਵੀਰਵਾਰ ਦੀ ਰਾਤ ਨੂੰ (ਜਿਸ ਦਿਨ ਪਾਣੀ ਚੜ੍ਹਿਆ ਸੀ) ਉੱਥੇ ਸੁੱਤੇ ਸਨ। ਜਾਂ ਇਉਂ ਆਖ ਲਵੋ ਕਿ ਨਹੀਂ ਸੁੱਤੇ ਸਨ ਕਿਉਂਕਿ ਸੁਆਣੀ ਨੇ ਆਪਣੇ ਆਪ ਨੂੰ ਤੁਰੰਤ ਹੀ ਦਰੁੱਸਤ ਕਰ ਲਿਆ ਸੀ ਕਿਉਂਕਿ ਉਹ ਤੇ ਉਹਦਾ ਪਤੀ ਬੜੀ ਭੈੜੀ ਬੂ ਕਾਰਨ ਵੱਡੀ ਰਾਤ ਤੱਕ ਉਲਟੀਆਂ ਕਰਦੇ ਰਹੇ ਸਨ। ਸਨੀਚਰਵਾਰ ਵਾਲ਼ੇ ਦਿਨ ਉਹਨਾਂ ਨੂੰ ਮਜਬੂਰ ਹੋ ਕੇ ਹਿੱਕ ਤੱਕ ਆਉਂਦੇ ਪਾਣੀ ਵਿੱਚੋਂ ਦੀ ਆਪਣੇ ਬੱਚਿਆਂ ਨੂੰ ਲੈ ਜਾਣਾ ਪਿਆ ਸੀ। ਇਸ

ਤੋਂ ਇਲਾਵਾ ਉਹਦਾ ਵਿਚਾਰ ਸੀ ਕਿ ਉਹ ਥਾਂ ਤਾਂ ਸੂਰਾਂ ਦੇ ਰਹਿਣ ਦੇ ਯੋਗ ਵੀ ਨਹੀਂ ਸੀ, ਪਰ ਘਰ ਕਿਰਾਏ ਕਾਰਨ—ਹਫ਼ਤੇ ਦੇ ਇੱਕ ਤੇ ਛੇ ਪੈਂਸ— ਉਹਨੇ ਇਹ ਲੈ ਲਿਆ ਸੀ ਕਿਉਂਕਿ ਉਹਦਾ ਪਤੀ ਬੀਮਾਰੀ ਕਾਰਨ ਕਾਫ਼ੀ ਬੇਰੁਜ਼ਗਾਰ ਰਿਹਾ ਸੀ। ਇਸ ਕੋਰਟ ਵੱਲੋਂ ਅਤੇ ਉਸ ਵਿੱਚ ਤੂੜੇ ਗਏ ਵਸਨੀਕਾਂ ਵੱਲੋਂ ਜਿਵੇਂ ਕਿਤੇ ਉਹ ਸਮੇਂ ਤੋਂ ਪਹਿਲਾਂ ਹੀ ਕਬਰ ਵਿੱਚ ਪੈ ਗਏ ਹੋਣ, ਨਿਰੀਖਕ ਉੱਤੇ ਪਾਇਆ ਅਸਰ ਬਹੁਤ ਹੀ ਲਾਚਾਰੀ ਦੀ ਹਾਲਤ ਵਾਂਗ ਸੀ। ਸਾਨੂੰ ਇਸ ਗੱਲ ਵੱਲ ਵੈਸੇ ਹੀ ਧਿਆਨ ਦੁਆਉਣਾ ਚਾਹੀਦਾ ਹੈ ਕਿ ਸਾਡੇ ਨਿਰੀਖਣਾਂ ਅਨੁਸਾਰ ਸਕੁਆਇਰ ਦੀ ਕੋਰਟ ਗਵਾਂਢ ਦੀਆਂ ਹੋਰਨਾਂ ਬਹੁਤ ਸਾਰੀਆਂ ਥਾਵਾਂ ਦੀ ਲੱਛਣੀ ਥਾਂ ਨਾਲ਼ੋਂ — ਭਾਵੇਂ ਸ਼ਾਇਦ ਇਹ ਸਿਰੇ ਦਾ ਮਾਮਲਾ ਹੋਵੇ — ਵਧੇਰੇ ਕੋਈ ਚੀਜ਼ਾਂ ਨਹੀਂ ਜਿਨ੍ਹਾਂ ਦੀ ਨਿਰੰਤਰ ਹੋਂਦ ਨੂੰ ਸਾਡੀ ਸਿਹਤ ਬਾਰੇ ਕਮੇਟੀ ਹੱਕੀ ਸਿੱਧ ਨਹੀਂ ਕਰ ਸਕਦੀ। ਕੀ ਭਵਿੱਖ ਵਿੱਚ ਅਜਿਹੀਆਂ ਥਾਵਾਂ ਕਿਰਾਏ ਉੱਤੇ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ, ਇਸ ਬਾਰੇ ਕਮੇਟੀ ਸਿਰ ਜ਼ਿੰਮੇਵਾਰੀ ਆ ਪੈਂਦੀ ਹੈ ਅਤੇ ਸਾਰਾ ਗਵਾਂਢ ਹੀ ਆਪਣੇ ਆਪ ਨੂੰ ਮਹਾਂਮਾਰੀ ਦੀ ਛੂਤ ਦੇ ਖਤਰੇ ਸਾਹਮਣੇ ਨੰਗਾ ਕਰ ਦਿੰਦਾ ਹੈ ਜਿਸ ਦੀ ਗੰਭੀਰ ਹਾਲਤ ਬਾਰੇ ਅਸੀਂ ਹੋਰ ਵਿਚਾਰ ਨਹੀਂ ਕਰਾਂਗੇ।"

ਇਹ ਇਸ ਗੱਲ ਦੀ ਉਘੜਵੀਂ ਮਿਸਾਲ ਹੈ ਕਿ ਬੁਰਜੂਆਜ਼ੀ ਅਮਲ ਵਿੱਚ ਘਰਾਂ ਦਾ ਸਵਾਲ ਕਿਵੇਂ ਨਿਬੇੜਦੀ ਹੈ। ਬੀਮਾਰੀਆਂ ਪੈਦਾ ਕਰਨ ਵਾਲ਼ੀਆਂ ਥਾਂਵਾਂ ਨੂੰ, ਉਹਨਾਂ ਬਦਨਾਮ ਖੁੱਡਾਂ ਤੇ ਤਹਿਖਾਨਿਆਂ ਨੂੰ ਜਿਨ੍ਹਾਂ ਵਿੱਚ ਪੈਦਾਵਾਰ ਦਾ ਸਰਮਾਏਦਾਰ ਢੰਗ ਸਾਡੇ ਮਜ਼ਦੂਰਾਂ ਨੂੰ ਆਈ ਰਾਤ ਬੰਦ ਕਰ ਦਿੰਦਾ ਹੈ, ਖਤਮ ਨਹੀਂ ਕੀਤਾ ਜਾਂਦਾ ਉਹਨਾਂ ਨੂੰ ਕੇਵਲ ਕਿਸੇ ਹੋਰ ਥਾਂ ਬਦਲ ਦਿੱਤਾ ਜਾਂਦਾ ਹੈ। ਉਹੀ ਆਰਥਕ ਲੋੜ ਜੀਹਨੇ ਉਹਨਾਂ ਨੂੰ ਪਹਿਲੀ ਥਾਂ ਤੇ ਪੈਦਾ ਕੀਤਾ ਹੁੰਦਾ ਹੈ, ਉਹਨਾਂ ਨੂੰ ਅਗਲੀ ਥਾਂ ਉੱਤੇ ਵੀ ਪੈਦਾ ਕਰ ਦਿੰਦੀ ਹੈ। ਜਦੋਂ ਤੱਕ ਪੈਦਾਵਾਰ ਦਾ ਪੂੰਜੀਵਾਦੀ ਢੰਗ ਕਾਇਮ ਰਹੇਗਾ, ਘਰਾਂ ਦੇ ਸਵਾਲ ਦੇ ਅਡਰੇ ਨਿਬੇੜੇ ਦੀ ਜਾਂ ਮਜ਼ਦੂਰਾਂ ਦੀ ਹਾਲਤ ਉੱਤੇ ਅਸਰ ਪਾਉਣ ਵਾਲ਼ੇ ਕਿਸੇ ਵੀ ਹੋਰਨਾਂ ਸਵਾਲਾਂ ਦੇ ਅਡਰੇ ਨਿਬੇੜੇ ਦੀ ਆਸ ਕਰਨਾ ਮੂਰਖਤਾਈ ਵਾਲ਼ੀ ਗੱਲ ਹੈ। ਇਹਦਾ ਹੱਲ ਇਸੇ ਗੱਲ ਵਿੱਚ ਲੁਕਿਆ ਹੋਇਆ ਹੈ ਕਿ ਪੈਦਾਵਾਰ ਦਾ ਪੂੰਜੀਵਾਦੀ ਢੰਗ ਖਤਮ ਕੀਤਾ ਜਾਵੇ, ਜੀਵਨ ਦੇ ਸਾਰੇ ਦੇ ਸਾਰੇ ਸਾਧਨ ਅਤੇ ਕਿਰਤ ਦੇ ਸਾਧਨ ਖੁਦ ਮਜ਼ਦੂਰ ਜਮਾਤ ਵੱਲੋਂ ਆਪਣੇ ਹੱਥ ਵਿੱਚ ਲੈ ਲਏ ਜਾਣ।

## ਭਾਗ ਤੀਜਾ

# ਪਰੂਧੋਂ ਅਤੇ ਘਰਾਂ ਦੇ ਸਵਾਲ ਬਾਰੇ ਜ਼ਮੀਮਾ

## I

**ਵੋਲਕਸਤਾਤ** ਦੇ ਨੰਬਰ 86 ਵਿੱਚ ਏ. ਮੂਲਬਰਗਰ ਆਪਣੇ ਆਪ ਨੂੰ ਮੇਰੇ ਵੱਲੋਂ ਨੰਬਰ 51 ਵਿੱਚ ਤੇ ਇਸ ਤੋਂ ਮਗਰੋਂ ਦੇ ਪਰਚਿਆਂ ਵਿੱਚ ਆਲੋਚਨਾ ਕੀਤੇ ਗਏ ਲੇਖਾਂ ਦੇ ਕਰਤੇ ਵਜੋਂ ਪ੍ਰਗਟ ਕਰਦਾ ਹੈ। ਆਪਣੇ ਜਵਾਬ ਵਿੱਚ ਉਹ ਮੇਰੇ ਉੱਤੇ ਮਿਹਣਿਆਂ ਦੀ ਵਾਛੜ ਕਰਦਾ ਹੈ ਅਤੇ ਇਹਦੇ ਨਾਲ਼ ਹੀ ਸਾਰੇ ਮਸਲਿਆਂ ਨੂੰ ਇਸ ਹੱਦ ਤੱਕ ਗਡਮਡ ਕਰ ਦਿੰਦਾ ਹੈ ਕਿ ਇਹਦਾ ਉੱਤਰ ਦੇਣ ਲਈ ਮੈਂ ਮਜਬੂਰ ਹੋ ਗਿਆ ਹਾਂ। ਮੈਂ ਆਪਣਾ ਜਵਾਬ ਦੇਣ ਦਾ ਯਤਨ ਕਰਾਂਗਾ ਜੋ ਕਿ ਮੈਨੂੰ ਅਫ਼ਸੋਸ ਹੈ, ਵੱਡੀ ਹੱਦ ਤੱਕ ਜਾਤੀ ਵਾਦ-ਵਿਵਾਦ ਦੇ ਖੇਤਰ ਵਿੱਚ ਜੋ ਕਿ ਖੁਦ ਮੂਲਬਰਗਰ ਨੇ ਮੇਰੇ ਉੱਤੇ ਠੋਸਿਆ ਹੈ, ਹੋਵੇਗਾ। ਇੱਕ ਵਾਰ ਫੇਰ ਮੁੱਖ ਨੁਕਤੇ ਪੇਸ਼ ਕਰਕੇ ਇਹ ਆਮ ਦਿਲਚਸਪੀ ਵਾਲ਼ਾ ਬਣਾਇਆ ਜਾਵੇਗਾ ਜਿਸ ਵਿੱਚ ਇਹ ਖਤਰਾਂ ਵੀ ਹੈ ਕਿ ਮੂਲਬਰਗਰ ਇੱਕ ਵਾਰ ਫੇਰ ਇਹ ਆਖੇ ਕਿ ਇਸ ਸਾਰੇ ਕੁੱਝ ਵਿੱਚ "ਉਹਦੇ ਲਈ ਜਾਂ **ਵੋਲਕਸਤਾਤ** ਦੇ ਦੂਜੇ ਪਾਠਕਾਂ ਲਈ ਜ਼ਰੂਰੀ ਤੌਰ 'ਤੇ ਕੋਈ ਨਵੀਂ ਗੱਲ ਸ਼ਾਮਲ ਨਹੀਂ ਹੈ।"

ਮੂਲਬਰਗਰ ਨੂੰ ਮੇਰੀ ਨੁਕਤਾਚੀਨੀ ਦੇ ਰੂਪ ਤੇ ਵਿਸ਼ੇਵਸਤੂ ਬਾਰੇ ਸ਼ਿਕਾਇਤ ਹੈ। ਜਿੱਥੋਂ ਤੱਕ ਰੂਪ ਦਾ ਸਬੰਧ ਹੈ, ਕੇਵਲ ਇੰਨਾ ਹੀ ਜਵਾਬ ਦੇਣਾ ਕਾਫ਼ੀ ਹੋਵੇਗਾ ਕਿ ਉਸ ਸਮੇਂ ਮੈਨੂੰ ਇਹ ਪਤਾ ਨਹੀਂ ਸੀ ਕਿ ਸਬੰਧਤ ਲੇਖ ਕੀਹਨੇ ਲਿਖੇ ਸਨ। ਇਸ ਵਾਸਤੇ ਉਹਨਾਂ ਦੇ ਕਰਤੇ ਵਿਰੁੱਧ ਕਿਸੇ ਜਾਤੀ "ਤੁਅੱਸਬ" ਦਾ ਸਵਾਲ ਹੀ ਪੈਦਾ ਨਹੀਂ ਹੁੰਦਾ; ਲੇਖਾਂ ਵਿੱਚ ਪੇਸ਼ ਕੀਤੇ ਗਏ ਘਰਾਂ ਦੀ ਸਮੱਸਿਆ ਦੇ ਹੱਲ ਵਿਰੁੱਧ ਮੈਂ ਨਿਰਸੰਦੇਹ ਇੰਨਾ ਕੁ ਹੀ "ਤੁਅੱਸਬ ਰੱਖਦਾ ਸਾਂ" ਕਿ ਮੈਂ ਬੜਾ ਚਿਰ ਪਹਿਲਾਂ ਪਰੂਧੋਂ ਤੋਂ ਇਸ ਬਾਰੇ ਜਾਣਕਾਰੀ ਹਾਸਲ ਕਰ ਚੁੱਕਿਆ ਸਾਂ ਤੇ ਇਸ ਬਾਰੇ ਮੇਰਾ ਵਿਚਾਰ ਪੱਕੀ ਤਰ੍ਹਾਂ ਨਿਸ਼ਚਿਤ ਹੋ ਚੁੱਕਿਆ ਸੀ।

ਮੈਂ ਆਪਣੀ ਨੁਕਤਾਚੀਨੀ ਦੀ "ਸੁਰ" ਬਾਰੇ ਆਪਣੇ ਮਿੱਤਰ ਮੂਲਬਰਗਰ ਨਾਲ਼ ਨਹੀਂ ਝਗੜਾਂਗਾ। ਜਦੋਂ ਕੋਈ ਆਦਮੀ ਮੇਰੇ ਜਿੰਨੇ ਚਿਰ ਤੋਂ ਲਹਿਰ ਵਿੱਚ ਸ਼ਾਮਲ ਹੋਇਆ ਹੋਵੇ ਤਾਂ ਹਮਲਿਆਂ ਵਿਰੁੱਧ ਉਹਦੀ ਚਮੜੀ ਖਾਸੀ ਮੋਟੀ ਹੋ ਚੁੱਕੀ ਹੁੰਦੀ ਹੈ ਅਤੇ ਇਸੇ ਲਈ ਦੂਜਿਆਂ ਵਿੱਚ ਵੀ ਇਹਦੀ ਹੋਂਦ ਬਾਰੇ ਕੋਈ ਆਸਾਨੀ ਨਾਲ਼ ਫ਼ਰਜ਼ ਕਰ ਲੈਂਦਾ ਹੈ। ਮੂਲਬਰਗਰ ਨੂੰ ਰਾਹਤ ਦੇਣ ਲਈ ਮੈਂ ਇਸ ਵਾਰ ਆਪਣੀ "ਸੁਰ" ਨੂੰ ਉਹਦੀ ਖਲੜੀ ਦੀ ਭਾਵੁਕਤਾ ਨਾਲ਼ ਮੇਲਣ ਦਾ ਯਤਨ ਕਰਾਂਗਾ।

ਮੂਲਬਰਗਰ ਖਾਸ ਤਲਖੀ ਨਾਲ਼ ਇਹ ਸ਼ਿਕਾਇਤ ਕਰਦਾ ਹੈ ਕਿ ਮੈਂ ਇਹ ਆਖਿਆ ਹੈ ਕਿ ਉਹ ਪਰੂਧੋਂਵਾਦੀ ਹੈ ਅਤੇ ਉਹ ਰੋਸ ਪ੍ਰਗਟ ਕਰਦਾ ਹੈ ਕਿ ਉਹ ਨਹੀਂ ਹੈ। ਕੁਦਰਤੀ ਤੌਰ ’ਤੇ ਮੈਨੂੰ ਉਸ ਉੱਤੇ ਵਿਸ਼ਵਾਸ ਕਰਨਾ ਚਾਹੀਦਾ ਹੈ, ਪਰ ਮੈਂ ਇਹ ਸਬੂਤ ਪੇਸ਼ ਕਰਾਂਗਾ ਕਿ ਵਿਚਾਰ ਅਧੀਨ ਲੇਖਾਂ — ਅਤੇ ਮੈਨੂੰ ਕੇਵਲ ਇਹਨਾਂ ਨਾਲ਼ ਹੀ ਵਾਸਤਾ ਹੈ — ਵਿੱਚ ਉਹ ਸ਼ੁੱਧ ਪਰੂਧੋਂਵਾਦ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਹੈ।

ਪਰ ਮੂਲਬਰਗਰ ਅਨੁਸਾਰ ਮੈਂ ਪਰੂਧੋਂ ਦੀ ਵੀ “ਹੋਛੇ ਰੂਪ ਵਿੱਚ” ਨੁਕਤਾਚੀਨੀ ਕੀਤੀ ਹੈ ਅਤੇ ਉਹਦੇ ਨਾਲ਼ ਗੰਭੀਰ ਬੇਇਨਸਾਫੀ ਕੀਤੀ ਹੈ।

“ਨਿੱਕ-ਬੁਰਜੂਆ ਪਰੂਧੋਂ ਦਾ ਸਿਧਾਂਤ ਜਰਮਨੀ ਵਿੱਚ ਇੱਕ ਪ੍ਰਵਾਣਿਤ ਗੁਰਮੰਤਰ ਬਣ ਗਿਆ ਹੈ ਜੀਹਦਾ ਬਹੁਤ ਸਾਰੇ ਅਜਿਹੇ ਲੋਕਾਂ ਵੱਲੋਂ ਵੀ ਐਲਾਨ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਉਹਦੀ ਇੱਕ ਲਾਈਨ ਵੀ ਨਹੀਂ ਪੜ੍ਹੀ ਹੁੰਦੀ।”

ਜਦੋਂ ਮੈਂ ਇਸ ਬਾਰੇ ਅਫ਼ਸੋਸ ਪ੍ਰਗਟ ਕਰਦਾ ਹਾਂ ਕਿ 20 ਸਾਲਾਂ ਤੱਕ ਰੋਮਨ ਭਾਸ਼ਾਵਾਂ ਬੋਲਣ ਵਾਲ਼ੇ ਮਜ਼ਦੂਰਾਂ ਕੋਲ਼ ਪਰੂਧੋਂ ਦੀਆਂ ਕਿਰਤਾਂ ਤੋਂ ਬਿਨਾਂ ਹੋਰ ਕੋਈ ਦਿਮਾਗੀ ਖੁਰਾਕ ਨਹੀਂ ਸੀ ਤਾਂ ਮੂਲਬਰਗਰ ਜਵਾਬ ਦਿੰਦਾ ਹੈ ਕਿ ਜਿੱਥੋਂ ਤੱਕ ਲਾਤੀਨੀ ਮਜ਼ਦੂਰਾਂ ਦਾ ਸਬੰਧ ਹੈ “ਪਰੂਧੋਂ ਵੱਲੋਂ ਬਣਾਏ ਗਏ ਅਸੂਲ ਲਗਭਗ ਹਰ ਥਾਂ ’ਤੇ ਹੀ ਲਹਿਰ ਦੀ ਚਾਲਕ ਸ਼ਕਤੀ ਹਨ”। ਮੈਂ ਇਸ ਨੂੰ ਨਹੀਂ ਮੰਨਦਾ। ਸਭ ਤੋਂ ਪਹਿਲਾਂ, ਮਜ਼ਦੂਰ ਜਮਾਤ ਲਹਿਰ ਦੀ “ਚਾਲਕ ਸ਼ਕਤੀ” ਕਿਸੇ ਵੀ ਥਾਂ ਉੱਤੇ “ਅਸੂਲਾਂ” ਵਿੱਚ ਨਹੀਂ ਹੁੰਦੀ ਸਗੋਂ ਹਰ ਥਾਂ ਉੱਤੇ ਵੱਡੇ ਪੈਮਾਨੇ ਦੀ ਸਨਅਤ ਦੇ ਵਿਕਾਸ ਤੇ ਉਹਦੇ ਅਸਰਾਂ ਵਿੱਚ ਅਤੇ ਇੱਕ ਪਾਸੇ ਪੂੰਜੀ ਦੇ ਇਕੱਤਰ ਹੋਣ ’ਤੇ ਕੇਂਦਰਿਤ ਹੋਣ ਅਤੇ ਦੂਜੇ ਪਾਸੇ ਪ੍ਰੋਲੇਤਾਰੀ ਦੇ ਕੇਂਦਰਿਤ ਹੋਣ ਵਿੱਚ ਹੈ। ਦੂਜੀ ਗੱਲ, ਇਹ ਆਖਣਾ ਦਰੁੱਸਤ ਨਹੀਂ ਹੈ ਕਿ ਲਾਤੀਨੀ ਦੇਸ਼ਾਂ ਵਿੱਚ ਪਰੂਧੋਂ ਦੇ ਕਥਿਤ “ਅਸੂਲ” ਨਿਰਣਈ ਰੋਲ਼ ਅਦਾ ਕਰਦੇ ਹਨ ਜਿਹੜੀ ਗੱਲ ਕਿ ਮੂਲਬਰਗਰ ਨੇ ਇਹਨਾਂ ਨਾਲ਼ ਜੋੜ ਦਿੱਤੀ ਹੈ; ਕਿ “ਅਰਾਜਕਤਾਵਾਦ ਦੇ ਫ਼ੋਰਸਿਜ਼ ਇਕੋਨਾਮਿਕਸ ਦੀ ਜਥੇਬੰਦੀ ਦੇ, ਲਿਕੁਈਡੇਸ਼ਨ ਸੋਸ਼ੇਲ ਦੇ ਅਸੂਲ” ਉੱਥੇ ਇਨਕਲਾਬੀ ਲਹਿਰ ਦੇ ਸੱਚੇ ਰਾਹਨੁਮਾ ਬਣ ਗਏ ਹਨ। ਸਪੇਨ ਅਤੇ ਇਟਲੀ ਦੀ ਤਾਂ ਗੱਲ ਹੀ ਛੱਡੋ ਜਿੱਥੇ ਕਿ ਪਰੂਧੋਂਵਾਦੀ ਅਕਸੀਰ ਨੇ ਅਜੇ ਤੱਕ ਕੇਵਲ ਬਾਕੂਨਿਨ ਵੱਲੋਂ ਪੇਸ਼ ਕੀਤੇ ਗਏ ਹੋਰ ਵੀ ਵਧੇਰੇ ਕੁਢੱਬੇ ਰੂਪ ਵਿੱਚ ਕੁੱਝ ਪ੍ਰਭਾਵ ਹਾਸਲ ਕੀਤਾ ਹੈ, ਕੌਮਾਂਤਰੀ ਮਜ਼ਦੂਰ ਜਮਾਤ ਲਹਿਰ ਦੇ ਕਿਸੇ ਵੀ ਜਾਣੂੰ ਲਈ ਇਹ ਇੱਕ ਮਸ਼ਹੂਰ ਤੱਥ ਹੈ ਕਿ ਫ਼ਰਾਂਸ ਵਿੱਚ ਪਰੂਧੋਂਵਾਦੀਆਂ ਦਾ ਗਿਣਤੀ ਵਿੱਚ ਬਹੁਤ ਹੀ ਨਿਗੂਣਾ ਜਿਹਾ ਪੰਥ ਹੈ ਜਦੋਂ ਕਿ ਫ਼ਰਾਂਸੀਸੀ ਮਜ਼ਦੂਰਾਂ ਦਾ ਸਮੂਹ ਸਮਾਜਕ ਸੁਧਾਰ ਦੀ ਉਸ ਯੋਜਨਾ ਨਾਲ਼ ਕੋਈ ਵੀ ਵਾਸਤਾ ਰੱਖਣ ਤੋਂ ਇਨਕਾਰ ਕਰ ਰਿਹਾ ਹੈ, ਜਿਹੜੀ ਯੋਜਨਾ **ਲਿਕੁਈਡੇਸ਼ਨ ਸੋਸ਼ੇਲ ਅਤੇ ਆਰਗਾਨਾਈਜ਼ੇਸ਼ਨ ਡੇਸ ਫ਼ੋਰਸਿਜ਼ ਇਕੋਨਾਮਿਕਸ** ਦੇ ਸਿਰਲੇਖਾਂ ਥੱਲੇ ਪਰੂਧੋਂ ਨੇ ਤਿਆਰ ਕੀਤੀ ਹੈ। ਦੂਜੀਆਂ ਗੱਲਾਂ ਤੋਂ ਇਲਾਵਾ ਇਹ ਕਮਿਊਨ ਵਿੱਚ ਵੀ ਦਰਸਾਇਆ ਗਿਆ ਹੈ। ਭਾਵੇਂ ਪਰੂਧੋਂਵਾਦੀਏ ਕਮਿਊਨ ਵਿੱਚ ਤਕੜੀ ਪ੍ਰਤੀਨਿਧਤਾ ਰੱਖਦੇ ਸਨ, ਪੁਰਾਣੇ ਸਮਾਜ ਨੂੰ ਖਤਮ ਕਰਨ ਲਈ ਜਾਂ ਪਰੂਧੋਂ ਦੇ ਸੁਝਾਵਾਂ ਅਨੁਸਾਰ ਆਰਥਕ ਤਾਕਤਾਂ ਨੂੰ ਜਥੇਬੰਦ

ਕਰਨ ਲਈ ਨਿਗੂਣਾ ਜਿਹਾ ਯਤਨ ਵੀ ਨਹੀਂ ਕੀਤਾ ਗਿਆ। ਇਹਦੇ ਉਲਟ, ਇਹ ਗੱਲ ਕਮਿਊਨ ਲਈ ਭਾਰੀ ਆਦਰ ਪੈਦਾ ਕਰਦੀ ਹੈ ਕਿ ਉਹਦੇ ਸਾਰੇ ਆਰਥਕ ਕਦਮਾਂ ਵਿਚ "ਚਾਲਕ ਸ਼ਕਤੀ", "ਅਮਲਾਂ" ਦਾ ਕੋਈ ਸੈੱਟ ਨਹੀਂ ਸੀ ਸਗੋਂ ਸਾਦੀਆਂ, ਅਮਲੀ ਲੋੜਾਂ ਸਨ ਅਤੇ ਇਸੇ ਲਈ ਇਹ ਕਦਮ — ਬੇਕਰੀਆਂ ਵਿੱਚ ਰਾਤ ਸਮੇਂ ਕੰਮ ਖਤਮ ਕਰਨਾ, ਫੈਕਟਰੀਆਂ ਵਿੱਚ ਮੁਦਰਾ ਵਿੱਚ ਜੁਰਮਾਨਿਆਂ ਦੀ ਮਨਾਹੀ ਕਰਨਾ, ਬੰਦ ਪਈਆਂ ਫੈਕਟਰੀਆਂ ਤੇ ਵਰਕਸ਼ਾਪਾਂ ਜ਼ਬਤ ਕਰਨਾ ਤੇ ਉਹਨਾਂ ਨੂੰ ਮਜ਼ਦੂਰਾਂ ਦੀਆਂ ਐਸੋਸੀਏਸ਼ਨਾਂ ਦੇ ਸਪੁਰਦ ਕਰ ਦੇਣਾ — ਪਰੂਧੋਂਵਾਦ ਦੀ ਭਾਵਨਾ ਅਨੁਸਾਰ ਨਹੀਂ ਸਨ ਸਗੋਂ ਯਕੀਨੀ ਤੌਰ 'ਤੇ ਜਰਮਨ ਵਿਗਿਆਨਕ ਸਮਾਜਵਾਦ ਦੀ ਭਾਵਨਾ ਅਨੁਸਾਰ ਸਨ। ਇੱਕੋ ਇੱਕ ਸਮਾਜਕ ਕਦਮ ਜੋ ਪਰੂਧੋਂਵਾਦੀਆਂ ਨੇ ਪਾਸ ਕਰਵਾਇਆ, ਬੈਂਕ ਆਫ਼ ਫ਼ਰਾਂਸ ਨੂੰ ਜ਼ਬਤ ਨਾ ਕਰਨ ਬਾਰੇ ਫ਼ੈਸਲਾ ਸੀ ਅਤੇ ਇਹ ਅੰਸ਼ਕ ਰੂਪ ਵਿੱਚ ਕਮਿਊਨ ਦੇ ਪਤਣ ਲਈ ਜ਼ਿੰਮੇਵਾਰ ਹੈ। ਇਸੇ ਤਰ੍ਹਾਂ ਜਦੋਂ ਕਥਿਤ ਬਲਾਂਕੁਇਸਟਾਂ ਨੇ ਆਪਣੇ ਆਪ ਨੂੰ ਕੇਵਲ ਰਾਜਨੀਤਕ ਇਨਕਲਾਬੀਆਂ ਤੋਂ ਇੱਕ ਸਮਾਜਵਾਦੀ ਮਜ਼ਦੂਰ ਗੁੱਟ ਵਿੱਚ ਇੱਕ ਨਿਸ਼ਚਿਤ ਪ੍ਰੋਗਰਾਮ ਲੈ ਕੇ ਪਲਟਣ ਦਾ ਯਤਨ ਕੀਤਾ — ਜਿਵੇਂ ਕਿ ਲੰਡਨ ਵਿਚਲੇ ਬਲਾਂਕੁਇਸਟ ਭਗੌੜਿਆਂ ਨੇ ਆਪਣੇ ਮੈਨੀਫੈਸਟੋ **ਇੰਟਰਨੈਸ਼ਨਲ ਐਟ ਰੈਵੋਲਿਊਸ਼ਨ** ਵਿੱਚ ਕੀਤਾ ਸੀ — ਉਹਨਾਂ ਨੇ ਸਮਾਜ ਦੇ ਕਲਿਆਣ ਲਈ ਪਰੂਧੋਂਵਾਦੀ ਯੋਜਨਾ, "ਅਸੂਲਾਂ" ਦਾ ਐਲਾਨ ਨਹੀਂ ਕੀਤਾ ਸਗੋਂ ਲਗਭਗ ਸ਼ਾਬਦਿਕ ਰੂਪ ਵਿੱਚ, ਪ੍ਰੋਲੇਤਾਰੀ ਵੱਲੋਂ ਰਾਜਨੀਤਕ ਅਮਲ ਦੀ ਅਤੇ ਜਮਾਤਾਂ ਦੇ ਖਾਤਮੇ ਵੱਲ ਤੇ ਉਹਨਾਂ ਦੇ ਨਾਲ਼ ਹੀ ਰਾਜ ਦੇ ਖਾਤਮੇ ਵੱਲ ਤਬਦੀਲੀ ਵਜੋਂ ਉਹਦੀ ਡਿਕਟੇਟਰੀ ਦੀ ਲੋੜ ਬਾਰੇ ਜਰਮਨ ਵਿਗਿਆਨਕ ਸਮਾਜਵਾਦ ਦੇ ਵਿਚਾਰਾਂ ਨੂੰ ਅਪਣਾਇਆ— ਵਿਚਾਰ ਜਿਹੜੇ ਕਮਿਊਨਿਸਟ ਮੈਨੀਫੈਸਟੋ ਵਿੱਚ ਪ੍ਰਗਟ ਕੀਤੇ ਗਏ ਹਨ ਅਤੇ ਉਸ ਤੋਂ ਮਗਰੋਂ ਵੀ ਅਣਗਿਣਤ ਮੌਕਿਆ ਉੱਤੇ ਪ੍ਰਗਟਾਏ ਗਏ ਹਨ ਅਤੇ ਜੇਕਰ ਮੂਲਬਰਗਰ ਜਰਮਨ ਲੋਕਾਂ ਦੀ ਪਰੂਧੋਂ ਪ੍ਰਤੀ ਘ੍ਰਿਣਾ ਤੋਂ ਇਹ ਸਿੱਟਾ ਕੱਢ ਲੈਂਦਾ ਹੈ ਕਿ "ਪੈਰਿਸ ਕਮਿਊਨ ਤੱਕ" ਲਾਤੀਨੀ ਦੇਸ਼ਾਂ ਵਿੱਚ ਲਹਿਰ ਨੂੰ ਪੂਰੀ ਤਰ੍ਹਾਂ ਨਾਲ਼ ਸਮਝਿਆ ਨਹੀਂ ਗਿਆ ਤਾਂ ਇਸ ਘਾਟ ਦੇ ਸਬੂਤ ਵਜੋਂ ਉਹ ਸਾਨੂੰ ਇਹ ਗੱਲ ਦੱਸੇ ਕਿ ਲਾਤੀਨੀ ਧਿਰ ਵੱਲੋਂ ਅਜਿਹੀ ਕਿਹੜੀ ਕਿਰਤ ਹੈ ਜਿਸ ਨੇ ਕਮਿਊਨ ਦਾ ਵਰਨਣ ਇੰਨੇ ਦਰੁੱਸਤ ਢੰਗ ਨਾਲ਼ ਕੀਤਾ ਹੋਵੇ ਤੇ ਉਸ ਬਾਰੇ ਸੂਝਬੂਝ ਦਰਸਾਈ ਹੋਵੇ ਜਿਸ ਨਾਲ਼ ਜਰਮਨ ਮਾਰਕਸ ਨੇ "ਫ਼ਰਾਂਸ ਵਿੱਚ ਘਰੇਲੂ ਜੰਗ ਬਾਰੇ ਇੰਟਰਨੈਸ਼ਨਲ ਦੀ ਆਮ ਕੌਂਸਲ ਦਾ ਖਿਤਾਬ" ਨੇ ਕੀਤਾ ਹੈ।

ਇੱਕੋ ਇੱਕ ਦੇਸ਼ ਜਿੱਥੇ ਮਜ਼ਦੂਰ ਜਮਾਤ ਲਹਿਰ ਸਿੱਧੇ ਤੌਰ 'ਤੇ ਪਰੂਧੋਂਵਾਦੀ "ਅਸੂਲਾਂ" ਦੇ ਪ੍ਰਭਾਵ ਥੱਲੇ ਹੈ, ਬੈਲਜੀਅਮ ਹੈ ਅਤੇ ਐਨ ਇਸੇ ਦੇ ਪ੍ਰਭਾਵ ਦੇ ਨਤੀਜੇ ਵਜੋਂ ਬੈਲਜੀਅਮ ਦੀ ਲਹਿਰ, ਜਿਵੇਂ ਕਿ ਹੀਗਲ ਨੇ ਆਖਿਆ ਸੀ, "ਹੇਚ ਤੋਂ ਹੇਚ ਰਾਹੀਂ ਹੁੰਦੀ ਹੇਚ ਤੱਕ ਪੁੱਜ ਗਈ" ਵਾਲ਼ੀ ਗੱਲ ਬਣ ਗਈ ਹੈ।

ਜਦੋਂ ਮੈਂ ਇਸ ਗੱਲ ਨੂੰ ਮੰਦ ਭਾਗੀ ਸਮਝਦਾ ਹਾਂ ਕਿ ਲਾਤੀਨੀ ਦੇਸ਼ਾਂ ਦੇ ਮਜ਼ਦੂਰ ਨੂੰ 20 ਸਾਲਾਂ ਤੱਕ ਸਿੱਧੇ ਤੇ ਅਸਿੱਧੇ ਢੰਗ ਨਾਲ਼, ਪਰੂਧੋਂ ਦੀ ਹੀ ਬੌਧਕ ਖੁਰਾਕ ਮਿਲੀ ਤਾਂ ਮੇਰਾ

ਭਾਵ ਪਰੂਧੋਂ ਦੇ ਸੁਧਾਰ ਵਾਲ਼ੇ ਨੁਸਖੇ ਦੀ ਪੂਰੀ ਤਰ੍ਹਾਂ ਖਿਆਲੀ ਪ੍ਰਮੁੱਖਤਾ ਨਹੀਂ — ਜਿਸ ਨੂੰ ਮੂਲਬਰਗਰ ਨੇ "ਅਸੂਲ" ਆਖਿਆ ਹੈ — ਸਗੋਂ ਇਹ ਤੱਥ ਹੈ ਕਿ ਵਰਤਮਾਨ ਸਮਾਜ ਦੀ ਉਹਨਾਂ ਦੀ ਆਰਥਕ ਦ੍ਰਿਸ਼ਟੀ ਤੋਂ ਨੁਕਤਾਚੀਨੀ ਵਿੱਚ ਬਿਲਕੁੱਲ ਹੀ ਝੂਠੇ ਪਰੂਧੋਂਵਾਦੀ ਵਾਕੰਸ਼ਾਂ ਦੀ ਮਿਲਾਵਟ ਕਰ ਦਿੱਤੀ ਗਈ ਹੈ ਅਤੇ ਕਿ ਉਹਨਾਂ ਦੇ ਰਾਜਨੀਤਕ ਅਮਲਾਂ ਵਿੱਚ ਪਰੂਧੋਂਵਾਦੀ ਅਸਰ ਨੇ ਘਚੋਲਾ ਪਾ ਦਿੱਤਾ ਹੈ। ਕੀ ਇਸ ਤਰ੍ਹਾਂ "ਲਾਤੀਨੀ ਦੇਸ਼ਾਂ ਦੇ ਪਰੂਧੋਂਵਾਦੀ ਮਜ਼ਦੂਰ" ਜਰਮਨ ਮਜ਼ਦੂਰਾਂ ਜੋ ਹਰ ਹਾਲਤ ਵਿੱਚ ਵਿਗਿਆਨਕ ਜਰਮਨ ਸਮਾਜਵਾਦ ਦੇ ਅਰਥ ਲਾਤੀਨੀਆਂ ਵੱਲੋਂ ਆਪਣੇ ਪਰੂਧੋਂ ਦੇ ਸਮਝੇ ਜਾਂਦੇ ਅਰਥਾਂ ਨਾਲ਼ੋਂ ਕਿਤੇ ਚੰਗੇਰੀ ਤਰ੍ਹਾਂ ਸਮਝਦੇ ਹਨ, ਨਾਲ਼ੋਂ "ਇਨਕਲਾਬ ਵਿੱਚ ਵਧੇਰੇ ਖਲੋਤੇ ਹਨ", ਇਸ ਦਾ ਜਵਾਬ ਤਾਂ ਅਸੀਂ ਕੇਵਲ ਇਹ ਜਾਣਨ ਤੋਂ ਮਗਰੋਂ ਹੀ ਦੇ ਸਕਦੇ ਹਾਂ ਕਿ "ਇਨਕਲਾਬ ਵਿੱਚ ਖਲੋਣ" ਦਾ ਅਸਲ ਵਿੱਚ ਕੀ ਅਰਥ ਹੁੰਦਾ ਹੈ! ਅਸੀਂ ਉਹਨਾਂ ਲੋਕਾਂ ਬਾਰੇ ਗੱਲਾਂ ਸੁਣੀਆਂ ਹਨ ਜੋ "ਈਸਾਈ ਮੱਤ ਵਿੱਚ, ਸੱਚੇ ਧਰਮ ਵਿੱਚ, ਰੱਬ ਦੀ ਮਿਹਰ ਵਿੱਚ ਖਲੋਤੇ ਹਨ" ਆਦਿ, ਪਰ ਇਨਕਲਾਬ ਵਿੱਚ, ਸਾਰੀਆਂ ਲਹਿਰਾਂ ਵਿੱਚੋਂ ਸਭ ਤੋਂ ਵੱਧ ਸਖ਼ਤ ਲਹਿਰ ਵਿੱਚ "ਖਲੋਣ" ਦਾ ਕੀ ਅਰਥ ? ਤਾਂ ਕੀ "ਇਨਕਲਾਬ" ਕੋਈ ਗੁਰ ਮੰਤਰ ਵਾਲ਼ਾ ਧਰਮ ਹੈ ਜਿਸ ਵਿੱਚ ਆਦਮੀ ਦਾ ਵਿਸ਼ਵਾਸ ਹੋਣਾ ਚਾਹੀਦਾ ਹੈ ?

ਇਸ ਤੋਂ ਅੱਗੇ ਮੂਲਬਰਗਰ ਮੈਨੂੰ ਉਹਦੇ ਲੇਖ ਦੇ ਸਪੱਸ਼ਟ ਲਿਖੇ ਸ਼ਬਦਾਂ ਦੇ ਉਲਟ, ਇਹ ਦਾਅਵਾ ਕਰਨ ਬਾਰੇ ਬੁਰਾ-ਭਲਾ ਆਖਦਾ ਹੈ ਕਿ ਮੈਂ ਘਰਾਂ ਦੇ ਸਵਾਲ ਨੂੰ ਨਿਰੋਲ ਮਜ਼ਦੂਰ ਜਮਾਤ ਦਾ ਸਵਾਲ ਹੀ ਐਲਾਨਿਆ ਹੈ।

ਇਸ ਵਾਰ ਮੂਲਬਰਗਰ ਬਿਲਕੁੱਲ ਠੀਕ ਆਖਦਾ ਹੈ, ਮੈਂ ਸਬੰਧਤ ਫ਼ਿਕਰੇ ਨੂੰ ਬਿਨਾਂ ਪੜ੍ਹ ਹੀ ਛੱਡ ਗਿਆ। ਮੇਰੀ ਇਹ ਗੈਰ-ਜ਼ਿੰਮੇਵਾਰੀ ਦੀ ਗੱਲ ਹੈ ਕਿ ਮੈਂ ਉਸ ਨੂੰ ਬਿਨਾਂ ਪੜ੍ਹ ਹੀ ਛੱਡ ਗਿਆ ਕਿਉਂਕਿ ਉਹਦੀ ਬੇਚੈਨੀ ਦੇ ਸਮੁੱਚੇ ਰੁਝਾਨ ਦੀ ਇਹ ਇੱਕ ਸਭ ਤੋਂ ਵੱਧ ਲੱਛਣੀ ਗੱਲ ਹੈ। ਅਸਲ ਵਿੱਚ ਮੂਲਬਰਗਰ ਸਾਫ਼ ਸ਼ਬਦਾਂ ਵਿੱਚ ਲਿਖਦਾ ਹੈ :

"ਕਿਉਂ ਸਾਡੇ ਉੱਤੇ ਇੰਨੀ ਵਾਰ ਅਤੇ ਬਹੁਤਾ ਕਰਕੇ, ਇੱਕ ਜਮਾਤੀ ਨੀਤੀ ਉੱਤੇ ਤੁਰਨ ਦਾ, ਜਮਾਤੀ ਗਲਬੇ ਲਈ ਯਤਨ ਕਰਨ ਦਾ ਬੇਤੁਕਾ ਇਲਜ਼ਾਮ ਲਾਇਆ ਗਿਆ ਹੈ, ਤੇ ਅਜਿਹੇ ਹੋਰ ਇਲਜ਼ਾਮ ਲਾਏ ਗਏ ਹਨ, ਅਸੀਂ ਸਭ ਤੋਂ ਪਹਿਲਾਂ ਤੇ ਸਪੱਸ਼ਟ ਰੂਪ ਵਿੱਚ ਜ਼ੋਰ ਦੇ ਕੇ ਇਹ ਆਖਣਾ ਚਾਹੁੰਦੇ ਹਾਂ ਕਿ ਘਰਾਂ ਦਾ ਸਵਾਲ ਕਿਸੇ ਤਰ੍ਹਾਂ ਵੀ ਅਜਿਹਾ ਸਵਾਲ ਨਹੀਂ ਜਿਹੜਾ ਕੇਵਲ ਪ੍ਰੋਲੇਤਾਰੀ ਨੂੰ ਹੀ ਪ੍ਰਭਾਵਿਤ ਕਰਦਾ ਹੈ ਸਗੋਂ ਇਹਦੇ ਉਲਟ, ਇਹ ਬਹੁਤ ਵੱਡੀ ਹੱਦ ਤੱਕ ਖੁਦ ਦਰਮਿਆਨੀਆਂ ਜਮਾਤਾਂ ਛੋਟੇ ਵਪਾਰੀ, ਨਿੱਕੀ ਬੁਰਜੂਆਜ਼ੀ, ਸਮੁੱਚੀ ਅਫ਼ਸਰਸ਼ਾਹੀ ਦੀ ਦਿਲਚਸਪੀ ਵਾਲ਼ਾ ਸਵਾਲ ਹੈ। ਘਰਾਂ ਦਾ ਸਵਾਲ ਸਮਾਜਕ ਸੁਧਾਰ ਦਾ ਐਨ ਉਹ ਨੁਕਤਾ ਹੈ ਜੋ ਜਾਪਦਾ ਹੈ ਕਿ ਕਿਸੇ ਵੀ ਹੋਰ ਚੀਜ਼ ਨਾਲ਼ੋਂ ਵਧੇਰੇ, ਇੱਕ ਪਾਸੇ ਤਾਂ ਪ੍ਰੋਲੇਤਾਰੀ ਦੇ ਹਿੱਤਾਂ ਅਤੇ ਦੂਜੇ ਪਾਸੇ ਐਨ ਦਰਮਿਆਨੀਆਂ ਜਮਾਤਾਂ ਦੇ ਹਿੱਤਾਂ ਦੀ ਮੁਕੰਮਲ ਅੰਦਰੂਨੀ ਏਕਤਾ ਉਚਿੱਤ ਰੂਪ ਵਿੱਚ ਪ੍ਰਗਟ ਕਰਦਾ ਹੈ। ਕਿਰਾਏ ਦੇ ਘਰਾਂ ਦੀਆਂ ਦਾਬੂ ਜ਼ੰਜੀਰਾਂ ਥੱਲੇ ਦਰਮਿਆਨੀਆਂ ਜਮਾਤਾਂ ਵੀ ਪ੍ਰੋਲੇਤਾਰੀ ਜਿੰਨਾ ਹੀ, ਸ਼ਾਇਦ ਉਸ ਨਾਲ਼ੋਂ ਵੀ

ਵਧੇਰੇ ਦੁਖੀ ਹਨ। ਅੱਜ ਸਮਾਜ ਦੀਆਂ ਐਨ ਦਰਮਿਆਨੀਆਂ ਜਮਾਤਾਂ ਸਾਹਮਣੇ ਇਹ ਸਵਾਲ ਹੈ ਕਿ ਕੀ ਉਹ ਨੌਜਵਾਨ, ਜੋਸ਼ੀਲੀ ਤੇ ਸ਼ਕਤੀਸ਼ਾਲੀ ਮਜ਼ਦੂਰ ਪਾਰਟੀ ਨਾਲ਼ ਮਿਲ ਕੇ ਸਮਾਜ ਦੀ ਤਬਦੀਲੀ ਦੇ ਅਮਲ ਵਿੱਚ ਭਾਗ ਲੈਣ ਦਾ ਹੀਆ ਕਰ ਸਕਦੀ ਹੈ, ਜੀਹਦੀਆਂ ਨਿਆਮਤਾਂ ਉਹ ਸਾਰੇ ਹੀ ਮਾਨਣਗੇ।"

ਦੋਸਤ ਮੂਲਬਰਗਰ ਇਸ ਤਰ੍ਹਾਂ ਇੱਥੇ ਹੇਠਾਂ ਦੱਸੇ ਨੁਕਤੇ ਪੇਸ਼ ਕਰਦਾ ਹੈ :

1. "ਅਸੀਂ" ਕਿਸੇ "ਜਮਾਤੀ ਨੀਤੀ" ਉੱਤੇ ਨਹੀਂ ਤੁਰਦੇ ਅਤੇ "ਜਮਾਤੀ ਗਲਬੇ" ਲਈ ਯਤਨ ਨਹੀਂ ਕਰਦੇ। ਪਰ ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ, ਕੇਵਲ ਇਸੇ ਲਈ ਕਿ ਉਹ ਇੱਕ ਮਜ਼ਦੂਰ ਪਾਰਟੀ ਹੈ, ਜ਼ਰੂਰੀ ਤੌਰ 'ਤੇ ਇੱਕ "ਜਮਾਤੀ ਨੀਤੀ" ਉੱਤੇ ਤੁਰਦੀ ਹੈ, ਜੋ ਕਿ ਮਜ਼ਦੂਰ ਜਮਾਤ ਦੀ ਨੀਤੀ ਹੈ। ਕਿਉਂਕਿ ਹਰ ਇੱਕ ਰਾਜਨੀਤਕ ਪਾਰਟੀ ਰਾਜ ਵਿੱਚ ਆਪਣੀ ਹਕੂਮਤ ਕਾਇਮ ਕਰਨ ਲਈ ਯਤਨ ਕਰਦੀ ਹੈ, ਇਸੇ ਤਰ੍ਹਾਂ ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਵੀ ਜ਼ਰੂਰੀ ਤੌਰ 'ਤੇ ਆਪਣੀ ਹਕੂਮਤ, ਮਜ਼ਦੂਰ ਜਮਾਤ ਦੀ ਹਕੂਮਤ ਕਾਇਮ ਕਰਨ ਦਾ ਯਤਨ ਕਰਦੀ ਹੈ, ਇਸੇ ਲਈ ਉਹ "ਜਮਾਤੀ ਗਲਬਾ" ਕਾਇਮ ਕਰਨ ਦਾ ਯਤਨ ਕਰਦੀ ਹੈ। ਇਸ ਤੋਂ ਉਪਰੰਤ ਇੰਗਲੈਂਡ ਦੇ ਚਾਰਟਿਸਟਾਂ ਤੋਂ ਲੈ ਕੇ ਹਰ ਇੱਕ ਅਮਲੀ ਪ੍ਰੋਲੇਤਾਰੀ ਪਾਰਟੀ ਨੇ ਜਮਾਤੀ ਨੀਤੀ ਪੇਸ਼ ਕੀਤੀ ਹੈ, ਪ੍ਰੋਲੇਤਾਰੀ ਦੀ ਇੱਕ ਅਜ਼ਾਦ ਰਾਜਨੀਤਕ ਪਾਰਟੀ ਵਜੋਂ ਜਥੇਬੰਦੀ ਨੂੰ ਉਹਦੇ ਸੰਗਰਾਮ ਦੀ ਮੁੱਖ ਸ਼ਰਤ ਵਜੋਂ ਅਤੇ ਪ੍ਰੋਲੇਤਾਰੀ ਦੀ ਡਿਕਟੇਟਰੀ ਨੂੰ ਸੰਗਰਾਮ ਦੇ ਫੌਰੀ ਮੰਤਵ ਵਜੋਂ ਪੇਸ਼ ਕੀਤਾ ਹੈ। ਇਸ ਗੱਲ ਨੂੰ "ਬੇਤੁਕਾ" ਹੋਣ ਵਜੋਂ ਐਲਾਨ ਕਰਕੇ ਮੂਲਬਰਗਰ ਆਪਣੇ ਆਪ ਨੂੰ ਪ੍ਰੋਲੇਤਾਰੀ ਲਹਿਰ ਵਿੱਚੋਂ ਬਾਹਰ ਕੱਢ ਲੈਂਦਾ ਹੈ ਅਤੇ ਉਹ ਨਿੱਕ-ਬੁਰਜੂਆ ਸਮਾਜਵਾਦ ਦੇ ਧੜੇ ਵਿੱਚ ਸ਼ਾਮਲ ਹੋ ਜਾਂਦਾ ਹੈ।

2. ਘਰਾਂ ਦੇ ਸਵਾਲ ਵਿੱਚ ਇੱਕ ਗੁਣ ਹੈ ਕਿ ਇਹ ਨਿਰੋਲ ਮਜ਼ਦੂਰ ਜਮਾਤ ਦਾ ਹੀ ਸਵਾਲ ਨਹੀਂ ਹੈ, ਸਗੋਂ ਅਜਿਹਾ ਸਵਾਲ ਹੈ ਜੋ "ਵੱਡੀ ਹੱਦ ਤੱਕ" ਨਿੱਕੀ ਬੁਰਜੂਆਜ਼ੀ ਦੀ "ਦਿਲਚਸਪੀ" ਵਾਲ਼ਾ ਇਸ ਕਰਕੇ ਹੈ ਕਿ "ਖੁਦ ਦਰਮਿਆਨੀਆਂ ਜਮਾਤਾਂ ਇਸ ਤੋਂ ਪ੍ਰੋਲੇਤਾਰੀ ਜਿੰਨਾ ਹੀ ਤੇ ਸ਼ਾਇਦ ਉਸ ਨਾਲ਼ੋਂ ਵੀ ਵਧੇਰੇ" ਦੁਖੀ ਹਨ। ਜੇਕਰ ਕੋਈ ਇਹ ਐਲਾਨ ਕਰਦਾ ਹੈ ਕਿ ਨਿੱਕੀ ਬੁਰਜੂਆਜ਼ੀ ਭਾਵੇਂ ਕੇਵਲ ਇੱਕ ਪੱਖੋਂ ਹੀ ਹੋਵੇ, "ਸ਼ਾਇਦ ਪ੍ਰੋਲੇਤਾਰੀ ਨਾਲ਼ੋਂ ਵੀ ਵਧੇਰੇ" ਦੁਖੀ ਹੈ, ਉਹਨੂੰ ਇਸ ਬਾਰੇ ਕੋਈ ਸ਼ਿਕਾਇਤ ਨਹੀਂ ਹੋਣੀ ਚਾਹੀਦੀ ਕਿ ਕੋਈ ਉਹਨੂੰ ਨਿੱਕ-ਬੁਰਜੂਆ ਸੋਸ਼ਲਿਸਟਾਂ ਵਿੱਚ ਗਿਣਦਾ ਹੈ। ਕੀ ਮੂਲਬਰਗਰ ਕੋਲ਼ ਸ਼ਿਕਾਇਤ ਕਰਨ ਦਾ ਕੋਈ ਕਾਰਨ ਹੈ ਜਦੋਂ ਮੈਂ ਇਹ ਆਖਦਾ ਹਾਂ:

"ਇਹ ਬਹੁਤਾ ਕਰਕੇ ਐਨ ਅਜਿਹੀਆਂ ਮੁਸੀਬਤਾਂ ਬਾਰੇ ਹੀ ਹੈ ਜੋ ਮਜ਼ਦੂਰ ਜਮਾਤ ਦੂਜੀਆਂ ਜਮਾਤਾਂ ਨਾਲ਼ ਖਾਸ ਕਰਕੇ ਨਿੱਕੀ ਬੁਰਜੂਆਜ਼ੀ ਨਾਲ਼ ਮਿਲ ਕੇ ਲੜਦੀ ਹੈ, ਕਿ ਨਿੱਕ-ਬੁਰਜੂਆ ਸਮਾਜਵਾਦ, ਜਿਸ ਨਾਲ਼ ਪਰੂਧੋਂ ਦਾ ਸਬੰਧ ਹੈ, ਆਪਣੇ ਆਪ ਨੂੰ ਰੁਝਿਆ ਹੋਇਆ ਰੱਖਣਾ ਚੰਗਾ ਸਮਝਦਾ ਹੈ ਅਤੇ ਇਸ ਲਈ ਇਹ ਕੋਈ ਸਬੱਬੀ ਗੱਲ ਨਹੀਂ ਕਿ ਸਾਡਾ ਜਰਮਨ ਪਰੂਧੋਂਵਾਦੀ ਮੁੱਖ ਰੂਪ ਵਿੱਚ ਘਰਾਂ ਦਾ ਸਵਾਲ ਹੱਥ ਵਿੱਚ ਲੈਂਦਾ ਹੈ ਜੋ ਕਿ, ਜਿਵੇਂ ਅਸੀਂ ਵੇਖਿਆ ਹੈ, ਨਿਰੋਲ ਮਜ਼ਦੂਰ ਜਮਾਤ ਦਾ ਸਵਾਲ ਨਹੀਂ ਹੈ।"

3. “ਸਮਾਜ ਦੀਆਂ ਐਨ ਦਰਮਿਆਨੀਆਂ ਜਮਾਤਾਂ ਦੇ ਹਿੱਤਾਂ ਅਤੇ ਪ੍ਰੋਲੇਤਾਰੀ ਦੇ ਹਿੱਤਾਂ ਵਿਚਕਾਰ “ਮੁਕੰਮਲ ਅੰਦਰੂਨੀ ਸਮਾਨਤਾ” ਮੌਜੂਦ ਹੈ ਅਤੇ ਇਹ ਪ੍ਰੋਲੇਤਾਰੀ ਨਹੀਂ ਸਗੋਂ ਐਨ ਇਹੋ ਦਰਮਿਆਨੀਆਂ ਜਮਾਤਾਂ ਹਨ ਜੋ ਸਮਾਜ ਦੀ ਤਬਦੀਲੀ ਦੇ ਹੋਣ ਵਾਲ਼ੇ ਅਮਲ ਦੀਆਂ “ਨਿਆਮਤਾਂ” ਨੂੰ ਸਭ ਤੋਂ ਵੱਧ ਮਾਨਣਗੀਆਂ।

ਇਸ ਵਾਸਤੇ ਮਜ਼ਦੂਰ ਆਉਣ ਵਾਲ਼ਾ ਸਮਾਜਕ ਇਨਕਲਾਬ “ਸਭ ਤੋਂ ਵੱਧ” ਨਿੱਕੀ ਬੁਰਜੂਆਜ਼ੀ ਦੇ ਹਿੱਤਾਂ ਵਿੱਚ ਲਿਆਉਣਗੇ ਅਤੇ ਇਸ ਤੋਂ ਉਪਰੰਤ ਨਿੱਕ ਬੁਰਜੂਆਜ਼ੀ ਦੇ ਤੇ ਪ੍ਰੋਲੇਤਾਰੀ ਦੇ ਹਿੱਤਾਂ ਵਿੱਚ ਮੁਕੰਮਲ ਅੰਦਰੂਨੀ ਸਮਾਨਤਾ ਹੈ। ਜੇਕਰ ਨਿੱਕ ਬੁਰਜੂਆਜ਼ੀ ਦੇ ਹਿੱਤਾਂ ਦੀ ਪ੍ਰੋਲੇਤਾਰੀ ਦੇ ਹਿੱਤਾਂ ਨਾਲ਼ ਅੰਦਰੂਨੀ ਸਮਾਨਤਾ ਮੌਜੂਦ ਹੈ ਤਾਂ ਮਜ਼ਦੂਰਾਂ ਦੇ ਹਿੱਤਾਂ ਦੀ ਨਿੱਕ ਬੁਰਜੂਆਜ਼ੀ ਦੇ ਹਿੱਤਾਂ ਨਾਲ਼ ਅੰਦਰੂਨੀ ਸਮਾਨਤਾ ਹੁੰਦੀ ਹੈ। ਇਸ ਤਰ੍ਹਾਂ ਲਹਿਰ ਵਿੱਚ ਨਿੱਕ ਬੁਰਜੂਆ ਦ੍ਰਿਸ਼ਟੀਕੋਣ ਨੂੰ ਹੋਂਦ ਵਿੱਚ ਰਹਿਣ ਦਾ ਓਨਾ ਹੀ ਅਧਿਕਾਰ ਪ੍ਰਾਪਤ ਹੈ ਜਿੰਨਾ ਪ੍ਰੋਲੇਤਾਰੀ ਦ੍ਰਿਸ਼ਟੀਕੋਣ ਨੂੰ ਅਤੇ ਉਹ ਐਨ ਹੱਕ ਦੀ ਇਸ ਬਰਾਬਰੀ ਦਾ ਦਾਅਵਾ ਹੀ ਹੈ ਜੀਹਨੂੰ ਨਿੱਕ ਬੁਰਜੂਆ ਸਮਾਜਵਾਦ ਆਖਦੇ ਹਨ।

ਇਸ ਲਈ ਇਹ ਗੱਲ ਐਨ ਇਕਸਾਰਤਾ ਵਾਲ਼ੀ ਹੈ ਜਦੋਂ ਵੱਖਰੇ ਰੀਪ੍ਰਿੰਟ ਦੇ ਪੰਨਾ ਪੱਚੀ ਉੱਤੇ ਮੂਲਬਰਗਰ “ਸਮਾਜ ਦੀ ਅਸਲੀ ਢੋਅ” ਵਜੋਂ “ਨਿੱਕੀ ਸਨਅਤ” ਦੇ ਗੁਣ ਗਾਉਂਦਾ ਹੈ, “ਕਿਉਂਕਿ ਆਪਣੇ ਖ਼ਾਸੇ ਕਰਕੇ ਉਸ ਵਿੱਚ ਤਿੰਨ ਅੰਸਰ ਸ਼ਾਮਲ ਹੁੰਦੇ ਹਨ : ਕਿਰਤ-ਪ੍ਰਾਪਤੀ-ਕਬਜ਼ਾ ਅਤੇ ਕਿਉਂਕਿ ਇਹਨਾਂ ਤਿੰਨਾਂ ਅੰਸਰਾਂ ਦੇ ਮੇਲ ਵਿੱਚ ਉਹ ਵਿਅਕਤੀ ਦੇ ਵਿਕਾਸ ਦੀ ਸਮਰੱਥਾ ਉੱਤੇ ਕੋਈ ਹੱਦਾਂ ਨਹੀਂ ਲਾਉਂਦੀ” ਅਤੇ ਜਦੋਂ ਉਹ ਸਾਧਾਰਨ ਮਨੁੱਖਾਂ ਦੀ ਪੈਦਾਵਾਰ ਦੀ ਇਸ ਨਰਧਰੀ ਨੂੰ ਤਬਾਹ ਕਰਨ ਸਬੰਧੀ ਅਤੇ “ਆਪਣੇ ਆਪ ਨੂੰ ਮੁੜ ਪੈਦਾ ਕਰਨ ਵਾਲ਼ੀ ਰਿਸ਼ਟ ਪੁਸ਼ਟ ਜਮਾਤ ਵਿੱਚੋਂ ਅਜਿਹੇ ਮਨੁੱਖਾਂ ਦਾ ਅਚੇਤ ਢੇਰ ਜੋ ਇਹ ਨਹੀਂ ਜਾਣਦੇ ਕਿ ਆਪਣੀ ਬੇਸਬਰ ਨਿਗਾਹ ਕਿੱਧਰ ਉਠਾਈ ਜਾਵੇ” ਤਿਆਰ ਕਰਨ ਸਬੰਧੀ ਆਧੁਨਿਕ ਸਨਅਤ ਨੂੰ ਖ਼ਾਸ ਕਰਕੇ ਬੁਰਾ-ਭਲਾ ਆਖਦਾ ਹੈ। ਇਸ ਤਰ੍ਹਾਂ ਨਿਕ ਬੁਰਜੂਆ ਮੂਲਬਰਗਰ ਦਾ ਨਮੂਨੇ ਦਾ ਮਨੁੱਖ ਹੈ ਅਤੇ ਨਿੱਕੀ ਸਨਅਤ ਮੂਲਬਰਗਰ ਦਾ ਪੈਦਾਵਾਰ ਦੇ ਢੰਗ ਦਾ ਨਮੂਨਾ ਹੈ। ਇਸ ਤਰ੍ਹਾਂ ਜਦੋਂ ਮੈਂ ਉਹਨੂੰ ਨਿਕ ਬੁਰਜੂਆ ਸੋਸ਼ਲਿਸਟਾਂ ਦੀ ਜਮਾਤ ਵਿੱਚ ਰੱਖਿਆ ਹੈ ਤਾਂ ਕੀ ਮੈਂ ਉਹਦੀ ਬਦਨਾਮੀ ਕੀਤੀ ਹੈ ?

ਮੂਲਬਰਗਰ ਕਿਉਂਕਿ ਪਰੂਧੋਂ ਲਈ ਸਾਰੀ ਜ਼ਿੰਮੇਵਾਰੀ ਨੂੰ ਰੱਦ ਕਰਦਾ ਹੈ, ਇਸ ਬਾਰੇ ਇੱਥੇ ਹੋਰ ਵਿਚਾਰ ਕਰਨੀ ਫ਼ਜ਼ੂਲ ਹੈ ਕਿ ਪਰੂਧੋਂ ਦੀ ਸੁਧਾਰ ਦੀ ਵਿਉਂਤ ਦਾ ਮੰਤਵ ਸਮਾਜ ਦੇ ਸਾਰੇ ਮੈਂਬਰਾਂ ਨੂੰ ਨਿਕ-ਬੁਰਜੂਆ ਤੇ ਛੋਟੇ ਕਿਸਾਨਾਂ ਵਿੱਚ ਬਦਲਣ ਦਾ ਕਿਵੇਂ ਹੈ। ਨਿੱਕ-ਬੁਰਜੂਆਜ਼ੀ ਤੇ ਮਜ਼ਦੂਰਾਂ ਦੇ ਹਿੱਤਾਂ ਦੀ ਕਥਿਤ ਸਮਾਨਤਾ ਬਾਰੇ ਵੀ ਗੱਲ ਕਰਨਾ ਇਵੇਂ ਹੀ ਬੇਲੋੜਾ ਹੋਵੇਗਾ। ਜੋ ਕੁੱਝ ਜ਼ਰੂਰੀ ਹੈ, ਉਹ ਹੁਣ ਕਮਿਊਨਿਸਟ ਮੈਨੀਫੈਸਟੋ ਵਿੱਚੋਂ ਮਿਲ ਜਾਂਦਾ ਹੈ (ਲੀਪਜ਼ਿਗ ਐਡੀਸ਼ਨ, 1872 ਪੰਨੇ 12 ਤੇ 21)।

ਇਸ ਵਾਸਤੇ ਸਾਡੀ ਘੋਖ ਦਾ ਨਤੀਜਾ ਇਹ ਹੈ ਕਿ “ਨਿੱਕ-ਬੁਰਜੂਆ ਪਰੂਧੋਂ ਦੇ ਢਕੋਸਲੇ” ਦੇ ਨਾਲ਼ ਨਾਲ਼ ਨਿੱਕ-ਬੁਰਜੂਆ ਮੂਲਬਰਗਰ ਦੀ ਅਸਲੀਅਤ ਵੀ ਸਾਹਮਣੇ

ਆਉਂਦੀ ਹੈ।

## II

ਅਸੀਂ ਹੁਣ ਮੁੱਖ ਨੁਕਤਿਆਂ ਵਿੱਚੋਂ ਇੱਕ ਉੱਤੇ ਆਉਂਦੇ ਹਾਂ। ਮੈਂ ਮੂਲਬਰਗਰ ਦੇ ਲੇਖਾਂ ਉੱਤੇ ਇਹ ਦੋਸ਼ ਲਾਇਆ ਸੀ ਕਿ ਉਹ ਪਰੂਧੋਂ ਵਾਂਗ ਹੀ ਆਰਥਕ ਸਬੰਧਾਂ ਦਾ ਕਾਨੂੰਨੀ ਸ਼ਬਦਾਵਲੀ ਵਿੱਚ ਅਨੁਵਾਦ ਕਰਕੇ ਉਹਨਾਂ ਵਿੱਚ ਖੋਟ ਰਲਾਉਂਦਾ ਹੈ। ਇਹਦੀ ਮਿਸਾਲ ਵਜੋਂ ਮੈਂ ਮੂਲਬਰਗਰ ਦਾ ਹੇਠਾਂ ਦਿੱਤਾ ਗਿਆ ਬਿਆਨ ਚੁਣਿਆ ਸੀ :

"ਘਰ, ਜਦੋਂ ਇੱਕ ਵਾਰ ਉਹਦੀ ਉਸਾਰੀ ਹੋ ਜਾਂਦੀ ਹੈ, ਸਮਾਜਕ ਕਿਰਤ ਦੇ ਨਿਸ਼ਚਿਤ ਹਿੱਸੇ ਲਈ ਸਦੀਵੀ ਕਾਨੂੰਨੀ ਹੱਕ ਵਜੋਂ ਕੰਮ ਦਿੰਦਾ ਹੈ ਭਾਵੇਂ ਕਿ ਘਰ ਦੀ ਅਸਲੀ ਕਦਰ ਉਹਦੇ ਮਾਲਕ ਨੂੰ ਕਿਰਾਏ ਦੇ ਰੂਪ ਵਿੱਚ ਕਾਫ਼ੀ ਨਾਲ਼ੋਂ ਵੀ ਜ਼ਿਆਦਾ ਚਰੋਕਣੀ ਅਦਾ ਕੀਤੀ ਜਾ ਚੁੱਕੀ ਹੁੰਦੀ ਹੈ। ਇਸ ਤਰ੍ਹਾਂ ਗੱਲ ਇਹ ਬਣ ਜਾਂਦੀ ਹੈ ਕਿ ਇੱਕ ਘਰ, ਜੋ ਮਿਸਾਲ ਵਜੋਂ, ਪੰਜਾਹ ਸਾਲ ਪਹਿਲਾਂ ਉਸਾਰਿਆ ਗਿਆ, ਇਸ ਸਮੇਂ ਦੌਰਾਨ ਕਿਰਾਏ ਦੀ ਆਮਦਨੀ ਦੇ ਰੂਪ ਵਿੱਚ ਉਹਦੀ ਉਸਾਰੀ ਉੱਤੇ ਹੋਏ ਖਰਚੇ ਨਾਲ਼ੋਂ ਦੋ, ਤਿੰਨ, ਪੰਜ, ਦਸ ਤੇ ਇਸ ਤੋਂ ਵੀ ਵਧੇਰੇ ਗੁਣਾ ਜ਼ਿਆਦਾ ਦੇ ਦਿੰਦਾ ਹੈ।"

ਹੁਣ ਮੂਲਬਰਗਰ ਹੇਠਾਂ ਦੱਸੀ ਸ਼ਿਕਾਇਤ ਕਰਦਾ ਹੈ :

"ਤੱਥਾਂ ਦੇ ਇਸ ਸਾਦਾ ਸੰਜੀਦਾ ਬਿਆਨ ਕਾਰਨ ਏਂਗਲਜ਼ ਮੈਨੂੰ ਇਸ ਬਾਰੇ ਜਾਣਕਾਰੀ ਦਿੰਦਾ ਹੈ ਕਿ ਮੈਂ ਇਹ ਗੱਲ ਸਪੱਸ਼ਟ ਕੀਤੀ ਹੁੰਦੀ ਕਿ ਘਰ ਇੱਕ 'ਕਾਨੂੰਨੀ ਹੱਕ' ਕਿਵੇਂ ਬਣ ਗਿਆ — ਗੱਲ ਜੋ ਮੇਰੇ ਕਾਰਜ ਦੇ ਘੇਰੇ ਤੋਂ ਬਾਹਰ ਦੀ ਹੈ... ਕਿਸੇ ਚੀਜ਼ ਦਾ ਵਰਨਣ ਕਰਨਾ ਇੱਕ ਗੱਲ ਹੈ ਤੇ ਸਪੱਸ਼ਟੀਕਰਨ ਦੂਜੀ। ਜਦੋਂ ਪਰੂਧੋਂ ਨਾਲ਼ ਮੈਂ ਇਹ ਆਖਦਾ ਹਾਂ ਕਿ ਸਮਾਜ ਦੇ ਆਰਥਕ ਜੀਵਨ ਵਿੱਚ ਹੱਕ ਦਾ ਸੰਕਲਪ ਬਹੁਤ ਪ੍ਰਚਲਿਤ ਹੋਣਾ ਚਾਹੀਦਾ ਹੈ ਤਾਂ ਮੈਂ ਅਜੋਕੇ ਸਮਾਜ ਦਾ ਵਰਨਣ ਅਜਿਹੇ ਇੱਕ ਸਮਾਜ ਵਜੋਂ ਕਰਦਾ ਹਾਂ ਜਿਸ ਵਿੱਚ, ਇਹ ਸੱਚ ਹੈ, ਕਿ ਹੱਕ ਦਾ ਹਰ ਸੰਕਲਪ ਗ਼ਾਇਬ ਨਹੀਂ ਹੈ ਪਰ ਜਿਸ ਵਿੱਚ ਇਨਕਲਾਬ ਦੇ ਹੱਕ ਦਾ ਸੰਕਲਪ ਗਾਇਬ ਹੈ, ਅਜਿਹਾ ਤੱਥ ਜਿਸ ਨੂੰ ਖੁਦ ਏਂਗਲਜ਼ ਮੰਨੇਗਾ।"

ਆਓ! ਅਸੀਂ ਇਸ ਸਮੇਂ ਕੇਵਲ ਘਰ ਦੀ ਹੀ ਗੱਲ ਕਰੀਏ ਜਿਸ ਦੀ ਉਸਾਰੀ ਹੋ ਚੁੱਕੀ ਹੈ। ਘਰ, ਜੋ ਇੱਕ ਵਾਰ ਕਿਰਾਏ ਉੱਤੇ ਦਿੱਤਾ ਜਾਂਦਾ ਹੈ, ਉਹਦੇ ਉਸਰੱਈਏ ਨੂੰ ਜ਼ਮੀਨ ਲਗਾਣ, ਮੁਰੰਮਤ ਦੇ ਖਰਚੇ ਤੇ ਉਸਾਰੀ ਉੱਤੇ ਲਾਈ ਪੂੰਜੀ ਉੱਤੇ ਸੂਦ ਦਿੰਦਾ ਹੈ ਅਤੇ ਇਸ ਵਿੱਚ ਕਿਰਾਏ ਦੇ ਰੂਪ ਵਿੱਚ ਕਮਾਇਆ ਮੁਨਾਫਾ ਵੀ ਸ਼ਾਮਲ ਹੁੰਦਾ ਹੈ ਅਤੇ ਹਾਲਾਤ ਅਨੁਸਾਰ ਸਹਿਜੇ ਸਹਿਜੇ ਅਦਾ ਕੀਤਾ ਗਿਆ ਕਿਰਾਇਆ ਅਸਲੀ ਖਰਚੇ ਨਾਲ਼ੋਂ ਦੋ ਗੁਣਾ, ਤਿੰਨ ਗੁਣਾ, ਪੰਜ ਗੁਣਾ ਅਤੇ ਦਸ ਗੁਣਾ ਵੀ ਹੋ ਸਕਦਾ ਹੈ। ਮੇਰੇ ਦੋਸਤ ਮੂਲਬਰਗਰ, ਇਹ "ਤੱਥ", ਇੱਕ ਆਰਥਕ ਤੱਥ ਦਾ "ਸਾਦਾ, ਸੰਜੀਦਾ ਬਿਆਨ ਹੈ", ਅਤੇ ਜੇ ਅਸੀਂ ਇਹ ਜਾਣਨਾ ਚਾਹੀਏ ਕਿ "ਇਹ ਕਿਵੇਂ ਹੋਇਆ" ਕਿ ਇਹ ਮੌਜੂਦ ਹੈ ਤਾਂ ਸਾਨੂੰ ਆਰਥਕ ਖੇਤਰ ਵਿੱਚ ਘੋਖ ਕਰਨੀ ਚਾਹੀਦੀ ਹੈ। ਆਓ! ਅਸੀਂ, ਇਸੇ ਲਈ ਇਸ ਤੱਥ ਉੱਤੇ ਹੋਰ ਨੇੜਿਓਂ ਝਾਤ ਪਾਈਏ ਤਾਂ ਜੋ ਇੱਕ ਬੱਚਾ ਵੀ ਇਹਨੂੰ ਗਲਤ ਨਾ ਸਮਝੇ। ਜਿਵੇਂ ਕਿ ਜਾਣਿਆਂ ਜਾਂਦਾ

ਹੈ, ਕਿਸੇ ਚੀਜ਼ ਦੀ ਵੇਚ ਇਸ ਤੱਥ ਵਿੱਚ ਹੁੰਦੀ ਹੈ ਕਿ ਉਹਦਾ ਮਾਲਕ ਉਹਦੀ ਵਰਤੋਂ-ਕਦਰ ਨੂੰ ਤਿਆਗ ਦਿੰਦਾ ਹੈ ਅਤੇ ਉਹਦੀ ਵਟਾਂਦਰਾ-ਕਦਰ ਆਪਣੀ ਜੇਬ ਵਿੱਚ ਪਾ ਲੈਂਦਾ ਹੈ। ਦੂਜੀਆਂ ਗੱਲਾਂ ਤੋਂ ਇਲਾਵਾਂ, ਚੀਜ਼ਾਂ ਦੀਆਂ ਵਰਤੋਂ-ਕਦਰਾਂ ਇੱਕ ਦੂਜੀ ਨਾਲ਼ੋਂ ਉਹਨਾਂ ਦੀ ਖਪਤ ਲਈ ਲੋੜੀਂਦੇ ਸਮੇਂ ਦੇ ਵੱਖ ਵੱਖ ਦੌਰਾਂ ਕਰਕੇ ਵੱਖ ਵੱਖ ਹੁੰਦੀਆਂ ਹਨ। ਰੋਟੀ ਦੇ ਇੱਕ ਟੁਕੜੇ ਦੀ ਖਪਤ ਇੱਕ ਦਿਨ ਵਿੱਚ ਹੋ ਜਾਂਦੀ ਹੈ, ਪਜਾਮਿਆਂ ਦਾ ਇੱਕ ਜੋੜਾ ਸਾਲ ਭਰ ਚੱਲਦਾ ਹੈ ਅਤੇ ਇੱਕ ਘਰ, ਆਖ ਲਵੋਂ, 100 ਸਾਲ ਕੰਮ ਆਉਂਦਾ ਹੈ। ਇਸ ਲਈ ਹੰਢਣਸਾਰ ਚੀਜ਼ਾਂ ਦੇ ਮਾਮਲੇ ਵਿੱਚ ਉਹਨਾਂ ਦੀ ਵਰਤੋਂ-ਕਦਰ ਥੋੜ੍ਹਾ ਥੋੜ੍ਹਾ ਕਰਕੇ ਵੇਚਣ ਦੀ ਅਤੇ ਹਰ ਵਾਰ ਨਿਸ਼ਚਿਤ ਸਮੇਂ ਲਈ, ਵੇਚਣ ਦੀ, ਆਖ ਲਵੋ ਉਹਨੂੰ ਕਿਰਾਏ ਉੱਤੇ ਦੇਣ ਦੀ ਸੰਭਾਵਨਾ ਪੈਦਾ ਹੋ ਜਾਂਦੀ ਹੈ। ਥੋੜ੍ਹਾ ਥੋੜ੍ਹਾ ਕਰਕੇ ਕੀਤੀ ਗਈ ਵੇਚ, ਇਸ ਲਈ ਵਟਾਂਦਰਾ-ਕਦਰ ਕੇਵਲ ਸਹਿਜੇ ਸਹਿਜੇ ਪ੍ਰਾਪਤ ਕਰਦੀ ਹੈ। ਪੇਸ਼ਗੀ ਦਿੱਤੀ ਪੂੰਜੀ ਦੀ ਤੁਰੰਤ ਮੁੜਾਈ ਅਤੇ ਉਸ ਉੱਤੇ ਮਿਲਦੇ ਮੁਨਾਫੇ ਦਾ ਤਿਆਗ ਕਰਨ ਦੇ ਮੁਆਵਜੇ ਵਜੋਂ ਵੇਚਣ ਵਾਲ਼ੇ ਨੂੰ ਵਧੀ ਹੋਈ ਕੀਮਤ, ਸੂਦ ਮਿਲਦਾ ਹੈ, ਜਿਸ ਦੀ ਦਰ ਕਿਸੇ ਆਪਹੁਦਰੇ ਢੰਗ ਨਾਲ਼ ਨਹੀਂ ਸਗੋਂ ਰਾਜਸੀ ਆਰਥਕਤਾ ਦੇ ਕਾਨੂੰਨਾਂ ਵੱਲੋਂ ਮਿਥੀ ਜਾਂਦੀ ਹੈ। 100 ਸਾਲ ਬੀਤਣ ਮਗਰੋਂ ਘਰ ਹੰਢਾਇਆ ਜਾ ਚੁੱਕਿਆ, ਟੁੱਟੀ-ਫੁੱਟੀ ਹਾਲਤ ਵਿੱਚ ਹੋ ਚੁੱਕਿਆ ਹੁੰਦਾ ਹੈ ਅਤੇ ਉਹ ਰਿਹਾਇਸ਼ ਕਰਨ ਦੇ ਯੋਗ ਨਹੀਂ ਰਹਿੰਦਾ। ਜੇਕਰ ਅਸੀਂ ਅਦਾ ਕੀਤੇ ਜਾ ਚੁੱਕੇ ਸਮੁੱਚੇ ਕਿਰਾਏ ਵਿੱਚੋਂ ਹੇਠਾਂ ਲਿਖੀਆਂ ਚੀਜ਼ਾਂ ਕੱਢ ਦੇਈਏ : (1) ਜ਼ਮੀਨ ਦਾ ਲਗਾਣ ਤੇ ਉਹਦੇ ਨਾਲ਼ ਹੀ ਸਬੰਧਤ ਸਮੇਂ ਦੌਰਾਨ ਇਸ ਵਿੱਚ ਹੋਇਆ ਕੋਈ ਵਾਧਾ ਅਤੇ (2) ਮੌਜੂਦਾ ਮੁਰੰਮਤਾਂ ਲਈ ਖਰਚ ਕੀਤੀਆਂ ਗਈਆਂ ਰਕਮਾਂ, ਤਾਂ ਅਸੀਂ ਵੇਖਾਂਗੇ ਕਿ ਬਾਕੀ ਬਚੀ ਚੀਜ਼ ਔਸਤਨ ਹੇਠਾਂ ਦੱਸੇ ਵਾਂਗ ਰਹਿ ਜਾਵੇਗੀ : (1) ਉਸਾਰੀ : ਸਰਮਾਇਆ ਜੋ ਮੁੱਢ ਵਿੱਚ ਘਰ ਉੱਤੇ ਲਾਇਆ ਗਿਆ (2) ਇਸ ਉੱਤੇ ਮਿਲਿਆ ਮੁਨਾਫਾ ਅਤੇ (3) ਸਹਿਜੇ ਸਹਿਜੇ ਪੁਗ ਰਹੀ ਪੂੰਜੀ ਉੱਤੇ ਸੂਦ ਅਤੇ ਮੁਨਾਫਾ। ਹੁਣ ਇਹ ਗੱਲ ਸੱਚ ਹੈ ਕਿ ਇੱਕ ਸਮੇਂ ਦੇ ਅੰਤ ਉੱਤੇ ਜਾ ਕੇ ਕਿਰਾਏਦਾਰ ਕੋਲ਼ ਕੋਈ ਘਰ ਨਹੀਂ ਰਹਿੰਦਾ ਅਤੇ ਨਾ ਹੀ ਘਰ ਦੇ ਮਾਲਕ ਕੋਲ਼ ਰਹਿੰਦਾ ਹੈ। ਘਰ ਦੇ ਮਾਲਕ ਕੋਲ਼ ਕੇਵਲ ਪਲਾਟ (ਸ਼ਰਤ ਇਹ ਹੈ ਕਿ ਉਸੇ ਦਾ ਹੋਵੇ) ਅਤੇ ਉਸ ਉੱਤੇ ਪਈ ਉਸਾਰੀ ਸਮੱਗਰੀ ਜੋ ਹੁਣ ਘਰ ਨਹੀਂ ਰਹੀ, ਅਤੇ ਭਾਵੇਂ ਇਸ ਦੌਰਾਨ ਘਰ ਨੇ ਇੰਨੀ ਰਕਮ ਲੈ ਆਂਦੀ "ਜੋ ਅਸੀਂ ਖਰਚੇ ਨਾਲ਼ੋਂ ਪੰਜ ਜਾਂ ਦਸ ਗੁਣਾ ਜ਼ਿਆਦਾ ਹੁੰਦੀ ਹੈ", ਅਸੀਂ ਇਹ ਵੇਖਾਂਗੇ ਕਿ ਇਹ ਕੇਵਲ ਜ਼ਮੀਨ ਦੇ ਲਗਾਨ ਵਿੱਚ ਵਾਧੇ ਕਾਰਨ ਹੀ ਹੈ। ਲੰਡਨ ਵਰਗੇ ਸ਼ਹਿਰਾਂ ਵਿੱਚ ਹੁਣ ਇਹ ਗੱਲ ਕਿਸੇ ਕੋਲ਼ੋਂ ਲੁਕੀ ਨਹੀਂ ਜਿੱਥੇ ਜ਼ਮੀਨ ਦਾ ਮਾਲਕ ਤੇ ਘਰ ਦਾ ਮਾਲਕ ਬਹੁਤੇ ਮਾਮਲਿਆਂ ਵਿੱਚੋ ਦੋ ਵੱਖਰੇ ਵੱਖਰੇ ਵਿਅਕਤੀ ਹੁੰਦੇ ਹਨ। ਕਿਰਾਇਆ ਵਿੱਚ ਇੰਨੇ ਭਾਰੀ ਵਾਧੇ ਤੇਜ਼ੀ ਨਾਲ਼ ਵੱਧ ਰਹੇ ਸ਼ਹਿਰਾਂ ਵਿੱਚ ਹੁੰਦੇ ਹਨ ਪਰ ਖੇਤੀ ਵਾਲ਼ੇ ਪਿੰਡ ਵਿੱਚ ਨਹੀਂ ਜਿੱਥੇ ਉਸਾਰੀ ਥਾਂਵਾਂ ਦਾ ਜ਼ਮੀਨੀ ਲਗਾਣ ਅਮਲੀ ਤੌਰ 'ਤੇ ਉਹੀ ਰਹਿੰਦਾ ਹੈ। ਅਸਲ ਵਿੱਚ ਇਹ ਬੜੀ ਬਦਨਾਮ ਹਕੀਕਤ ਹੈ ਕਿ ਜ਼ਮੀਨੀ ਲਗਾਣ ਵਿੱਚ ਵਾਧਿਆਂ ਤੋਂ ਇਲਾਵਾ ਘਰਾਂ ਦੇ ਕਿਰਾਏ, ਔਸਤਨ, ਘਰ ਦੇ ਮਾਲਕ ਲਈ ਲਾਗਤ ਕੀਤੀ ਪੂੰਜੀ (ਮੁਨਾਫੇ ਸਮੇਤ) ਉੱਤੇ 7 ਫੀਸਦੀ ਸਾਲਾਨਾ

ਨਾਲ਼ੋਂ ਵੱਧ ਨਹੀਂ ਘੱਟ ਕੇ ਦਿੰਦੇ ਅਤੇ ਇਸ ਰਕਮ ਵਿੱਚੋਂ ਮੁਰੰਮਤ ਦੇ ਖਰਚੇ ਆਦਿ ਵੀ ਅਦਾ ਕੀਤੇ ਜਾਂਦੇ ਹਨ। ਗੱਲ ਕੀ ਕਿਰਾਏ ਦਾ ਸਮਝੌਤਾ ਬਿਲਕੁੱਲ ਸਾਧਾਰਨ ਜਿਣਸ ਵਟਾਂਦਰਾ ਹੈ ਜੋ ਸਿਧਾਂਤਕ ਰੂਪ ਵਿੱਚ ਮਜ਼ਦੂਰ ਲਈ ਕਿਸੇ ਵੀ ਹੋਰ ਜਿਣਸ ਦੇ ਵਟਾਂਦਰੇ ਤੋਂ ਨਾ ਵੱਧ ਤੇ ਨਾ ਘੱਟ ਦਿਲਚਸਪੀ ਵਾਲ਼ੀ ਗੱਲ ਹੈ, ਛੋਟ ਇਹ ਹੈ ਕਿ ਜੋ ਕਿਰਤ ਸ਼ਕਤੀ ਦੀ ਖਰੀਦ ਤੇ ਵੇਚ ਦੇ ਸਬੰਧ ਵਿੱਚ ਹੈ, ਜਦੋਂ ਕਿ ਮਜ਼ਦੂਰ ਕਿਰਾਏ ਬਾਰੇ ਸਮਝੌਤੇ ਨੂੰ ਅਮਲੀ ਤੌਰ 'ਤੇ ਬੁਰਜੂਆ ਹੇਰਾ ਫੇਰੀ ਦੇ ਹਜ਼ਾਰਾਂ ਰੂਪਾਂ ਵਿੱਚੋਂ ਇੱਕ ਰੂਪ ਵਜੋਂ ਸਮਝਦਾ ਹੈ ਜਿਸ ਬੇਰ ਮੈਂ ਵੱਖਰੀ ਮੁੜ–ਛਾਪ ਦੇ ਪੰਨਾ ਚਾਰ ਉੱਤੇ ਜ਼ਿਕਰ ਕੀਤਾ ਹੈ। ਪਰ ਜਿਵੇਂ ਕਿ ਮੈਂ ਉੱਥੇ ਸਿੱਧ ਕੀਤਾ ਹੈ, ਇਹ ਰੂਪ ਵਿੱਚ ਆਰਥਕ ਨੇਮਬੰਦੀ ਦੇ ਅਧੀਨ ਹੈ।

ਦੂਜੇ ਪਾਸੇ ਮੂਲਬਰਗਰ ਕਿਰਾਏ ਬਾਰੇ ਸਮੌਝਤੇ ਨੂੰ ਨਿਰੋਲ "ਆਪ ਹੁਦਰਾਸ਼ਾਹੀ" ਸਮਝਦਾ ਹੈ (ਵੱਖਰੀ ਮੁੜ–ਛਾਪ ਦਾ ਪੰਨਾ 19) ਅਤੇ ਜਦੋਂ ਮੈਂ ਇਹਦੇ ਉਲਟ ਗੱਲ ਸਿੱਧ ਕਰ ਦਿੰਦਾ ਹਾਂ ਤਾਂ ਉਹ ਇਹ ਸ਼ਿਕਾਇਤ ਕਰਦਾ ਹੈ ਕਿ ਮੈਂ ਉਹਨੂੰ ਕੇਵਲ ਉਹ ਗੱਲਾਂ ਦਸ ਰਿਹਾ ਹਾਂ, "ਜੋ ਉਹਨੂੰ ਅਫਸੋਸ ਹੈ ਕਿ ਉਹ ਪਹਿਲੋਂ ਹੀ ਜਾਣਦਾ ਸੀ।"

ਪਰ ਘਰਾਂ ਦੇ ਕਿਰਾਏ ਵਿਚ ਕੀਤੀਆਂ ਸਾਰੀਆਂ ਆਰਥਕ ਪੜਤਾਲ਼ਾਂ ਸਾਨੂੰ ਕਿਰਾਏ ਉੱਤੇ ਰਿਹਾਇਸ਼ੀ ਘਰਾਂ ਦੇ ਖਾਤਮੇ ਨੂੰ "ਸਭ ਤੋਂ ਵੱਧ ਫਲਦਾਇਕ ਤੇ ਸ਼ਾਨਦਾਰ ਭਾਵਨਾਵਾਂ ਵਿੱਚੋਂ ਇੱਕ ਵਿੱਚ ਜੋ ਕਿ ਕਦੀ ਇਨਕਲਾਬੀ ਵਿਚਾਰ ਦੀ ਕੁੱਖੋਂ ਜਨਮੀ", ਪਲਟਨ ਦੇ ਸਮੱਰਥ ਨਹੀਂ ਬਣਾਵੇਗਾ। ਇਹ ਕੰਮ ਕਰਨ ਲਈ ਸਾਨੂੰ ਇਹ ਸਾਦਾ ਜਿਹਾ ਤੱਥ ਸੰਜੀਦਾ ਅਰਥ ਸ਼ਾਸਤਰ ਤੋਂ ਕਾਨੂੰਨ–ਵਿਗਿਆਨ ਦੇ ਅਸਲੋਂ ਹੀ ਕਿਤੇ ਵਧੇਰੇ ਵਿਚਾਰਧਾਰਕ ਖੇਤਰ ਵਿੱਚ ਸਾਕਾਰ ਕਰਨਾ ਪਵੇਗਾ। "ਘਰ" ਘਰ ਦੇ ਕਿਰਾਏ ਦੇ "ਸਦੀਵੀ ਕਾਨੂੰਨੀ ਹੱਕ ਵਜੋਂ ਕੰਮ ਦਿੰਦਾ ਹੈ" ਅਤੇ "ਇਸ ਤਰ੍ਹਾਂ ਗੱਲ ਇਹ ਬਣ ਜਾਂਦੀ ਹੈ" ਕਿ ਘਰ ਦੀ ਕਦਰ ਕਿਰਾਏ ਦੇ ਰੂਪ ਵਿੱਚ ਦੋ, ਤਿੰਨ, ਪੰਜ ਜਾਂ ਦਸ ਗੁਣਾ ਤੋਂ ਵੱਧ ਮੋੜੀ ਜਾ ਸਕਦੀ ਹੈ। "ਕਾਨੂੰਨੀ ਹੱਕ" ਸਾਨੂੰ ਇਹ ਲੱਭਣ ਵਿੱਚ ਕਿ ਇਹ ਅਸਲੋਂ "ਕਿਵੇਂ ਵਾਪਰਦਾ ਹੈ" ਉਕਾ ਹੀ ਕੋਈ ਮਦਦ ਨਹੀਂ ਕਰਦਾ ਅਤੇ ਇਸੇ ਲਈ ਮੈ ਇਹ ਆਖਿਆ ਸੀ ਕਿ ਮੂਲਬਰਗਰ ਇਸ ਗੱਲ ਨੂੰ ਕਿ ਇਹ ਅਸਲੋਂ "ਕਿਵੇਂ ਵਾਪਰਦਾ ਹੈ" ਲੱਭਣ ਦੇ ਕੇਵਲ ਇਸ ਬਾਰੇ ਪੜਤਾਲ਼ ਕਰਨ ਨਾਲ਼ ਹੀ ਸਮੱਰਥ ਹੋ ਸਕੇਗਾ ਕਿ ਘਰ ਕਾਨੂੰਨੀ ਹੱਕ ਕਿਵੇਂ ਬਣ ਜਾਂਦਾ ਹੈ। ਇਹ ਅਸੀਂ ਤਦੋਂ ਹੀ ਲੱਭਦੇ ਸਾਂ, ਜਿਵੇਂ ਕਿ ਮੈਂ ਕੀਤਾ, ਜਦੋਂ ਅਸੀਂ ਕਾਨੂੰਨੀ ਰੂਪ ਨਾਲ਼, ਜਿਸ ਅਧੀਨ ਹੁਕਮਰਾਨ ਜਮਾਤ ਇਹਦੀ ਮਨਜ਼ੂਰੀ ਦਿੰਦੀ ਹੈ, ਝਗੜਨ ਦੀ ਬਜਾਏ ਘਰ ਦੇ ਕਿਰਾਏ ਦੇ ਆਰਥਕ ਲੱਛਣ ਦੀ ਘੋਖ ਕਰਦੇ ਹਾਂ। ਕਿਸੇ ਵੀ ਆਦਮੀ ਨੂੰ ਜਿਹੜਾ ਕਿਰਾਇਆ ਖਤਮ ਕਰਨ ਸਬੰਧੀ ਆਰਥਕ ਕਦਮ ਲੈਣ ਦਾ ਸੁਝਾਅ ਦਿੰਦਾ ਹੈ, ਘਰਾਂ ਦੇ ਕਿਰਾਏ ਬਾਰੇ ਇਸ ਨਾਲ਼ੋਂ ਥੋੜ੍ਹਾ ਵਧੇਰੇ ਜਾਣਨਾ ਚਾਹੀਦਾ ਹੈ ਕਿ ਇਹ ਅਜਿਹੀ "ਛੱਟ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਕਿਰਾਏਦਾਰ ਪੂੰਜੀ ਦੇ ਸਦੀਵੀ ਹੱਕ ਲਈ ਅਦਾ ਕਰਦਾ ਹੈ" ਇਹਦਾ ਜਵਾਬ ਮੂਲਬਰਗਰ ਇਹ ਦਿੰਦਾ ਹੈ, "ਬਿਆਨ ਕਰਨਾ ਹੋਰ ਗੱਲ ਹੈ, ਸਪੱਸ਼ਟੀਕਰਨ ਕਰਨਾ ਹੋਰ ਗੱਲ ਹੈ।"

ਇਸ ਤਰ੍ਹਾਂ ਅਸੀਂ ਘਰ ਨੂੰ, ਭਾਵੇਂ ਇਹ ਕਿਸੇ ਤਰ੍ਹਾਂ ਵੀ ਸਦੀਵੀ ਨਹੀਂ ਹੁੰਦਾ, ਘਰ

ਦੇ ਕਿਰਾਏ ਦੇ ਸਦੀਵੀ ਕਾਨੂੰਨੀ ਹੱਕ ਵਿੱਚ ਬਦਲ ਦਿੱਤਾ ਹੈ। ਅਸੀਂ ਵੇਖਦੇ ਹਾਂ, ਇਹ ਕੋਈ ਗੱਲ ਨਹੀਂ ਕਿ ਇਹ ਕਿਵੇਂ "ਵਾਪਰਦਾ ਹੈ" ਕਿ ਇਸ ਕਾਨੂੰਨੀ ਹੱਕ ਕਰਕੇ ਘਰ ਕਿਰਾਏ ਦੇ ਰੂਪ ਵਿੱਚ ਉਹਦੀ ਅਸਲੀ ਕਦਰ ਨਾਲ਼ੋਂ ਕਈ ਗੁਣਾ ਵਧੇਰੇ ਰਕਮ ਲਿਆਉਂਦਾ ਹੈ। ਕਾਨੂੰਨੀ ਸ਼ਬਦਾਵਲੀ ਵਿੱਚ ਅਨੁਵਾਦਨ ਰਾਹੀਂ, ਅਸੀਂ ਅਰਥ ਸ਼ਾਸਤਰ ਤੋਂ ਇੰਨੇ ਕੁ ਦੂਰ ਹੋ ਗਏ ਹਾਂ ਕਿ ਹੁਣ ਸਾਨੂੰ ਇਸ ਵਰਤਾਰੇ ਤੋਂ ਬਿਨਾਂ ਹੋਰ ਕੁੱਝ ਵੀ ਦਿਖਾਈ ਨਹੀਂ ਦਿੰਦਾ ਕਿ ਇੱਕ ਘਰ ਸਹਿਜੇ ਸਹਿਜੇ ਸਮੁੱਚੇ ਕਿਰਾਏ ਦੇ ਰੂਪ ਵਿੱਚ ਕਈ ਗੁਣਾ ਵੱਧ ਰਕਮ ਲਿਆਉਂਦਾ ਹੈ। ਅਸੀਂ ਕਿਉਂਕਿ ਕਾਨੂੰਨੀ ਪੱਖ ਤੋਂ ਸੋਚ ਰਹੇ ਤੇ ਗੱਲਬਾਤ ਕਰ ਰਹੇ ਹਾਂ, ਅਸੀਂ ਇਸ ਵਰਤਾਰੇ ਦੀ ਵਰਤੋਂ ਇਨਸਾਫ ਦੇ ਮਾਪ ਵਜੋਂ ਕਰਦੇ ਹਾਂ ਅਤੇ ਅਸੀਂ ਇਹ ਲੱਭਦੇ ਹਾਂ ਕਿ ਇਹ ਬੇਇਨਸਾਫੀ ਹੈ ਕਿ ਇਹ "ਇਨਕਲਾਬ ਦੇ ਇਨਸਾਫ ਦੇ ਸੰਕਲਪ" ਨਾਲ਼ ਮੇਲ ਨਹੀਂ ਖਾਂਦਾ, ਭਾਵੇਂ ਉਹ ਸੰਕਲਪ ਕੁੱਝ ਵੀ ਹੋਵੇ ਅਤੇ ਕਿ ਇਸ ਕਾਨੂੰਨੀ ਹੱਕ ਦਾ ਕੋਈ ਲਾਭ ਨਹੀਂ। ਹੋਰ ਅੱਗੇ ਅਸੀਂ ਇਹ ਲੱਭਦੇ ਹਾਂ ਕਿ ਇਹੋ ਗੱਲ ਸੂਦ ਦੇਣ ਵਾਲ਼ੀ ਪੂੰਜੀ ਉੱਤੇ ਅਤੇ ਪਟੇ ਉੱਤੇ ਦਿੱਤੀ ਜ਼ਰਾਇਤੀ ਭੋਂ ਉੱਤੇ ਵੀ ਲਾਗੂ ਹੁੰਦੀ ਹੈ ਅਤੇ ਹੁਣ ਸਾਡੇ ਕੋਲ਼ ਜਾਇਦਾਦ ਦੀਆਂ ਇਹਨਾਂ ਜਮਾਤਾਂ ਨੂੰ ਦੂਜੀਆਂ ਨਾਲ਼ੋਂ ਵੱਖ ਕਰਨ ਦਾ ਬਹਾਨਾ ਹੋ ਗਿਆ ਹੈ ਅਤੇ ਉਹਨਾਂ ਨਾਲ਼ ਅਸਾਧਾਰਨ ਵਰਤਾਅ ਕਰਨ ਦਾ ਬਹਾਨਾ ਹੋ ਗਿਆ ਹੈ। ਇਹ ਇਹਨਾਂ ਮੰਗਾਂ ਉੱਤੇ ਸਮਿਲਤ ਹੈ : (1) ਮਾਲਕ ਨੂੰ ਮਕਾਨ ਖਾਲੀ ਕਰਨ ਸਬੰਧੀ ਨੋਟਿਸ ਦੇਣ ਦੇ ਅਧਿਕਾਰ ਤੋਂ ਅਤੇ ਆਪਣੀ ਜਾਇਦਾਦ ਦੀ ਮੋੜਾਈ ਦੀ ਮੰਗ ਕਰਨ ਦੇ ਅਧਿਕਾਰ ਤੋਂ ਵਾਝਿਆਂ ਕਰਨਾ; ਇਹ ਪੱਟੇਦਾਰ ਨੂੰ, ਕਰਜ਼ ਲੈਣ ਵਾਲ਼ੇ ਨੂੰ ਜਾਂ ਕਿਰਾਏਦਾਰ ਨੂੰ ਚੀਜ਼ ਦੀ ਮੁਫ਼ਤ ਵਰਤੋਂ ਦਾ ਹੱਕ ਦੇਣਾ, ਪਰ ਜੋ ਉਹਦੀ ਮਾਲਕੀ ਵਾਲ਼ਾ ਨਹੀਂ, ਮਾਲਕ ਨੂੰ ਲੰਮੇਂ ਸਮੇਂ ਦੌਰਾਨ ਬਿਨਾਂ ਸੂਦ ਦੇ ਕਿਸ਼ਤਾਂ ਦੇ ਰੂਪ ਵਿਚ ਅਦਾਇਗੀ ਕਰਨਾ ਅਤੇ ਇਹਦੇ ਨਾਲ਼ ਅਸੀਂ ਇਸ ਪੱਖ ਤੋਂ ਪਰੂਧੋਂਵਾਦੀ ਅਸੂਲਾਂ ਨੂੰ ਮੁਕਾ ਲਿਆ ਹੈ। ਇਹ ਹੈ ਪਰੂਧੋਂ ਦੀ "ਸਮਾਜਕ ਚੁਕਤੀ"।

ਸਬੱਬੀ ਤੌਰ 'ਤੇ, ਇਹ ਗੱਲ ਪ੍ਰਤੱਖ ਹੋ ਗਈ ਹੈ ਕਿ ਸੁਧਾਰ ਦੀ ਇਸ ਸਮੁੱਚੀ ਵਿਉਂਤ ਨਾਲ਼ ਕੇਵਲ ਨਿੱਕ-ਬੁਰਜੂਆ ਤੇ ਛੋਟੇ ਕਿਸਾਨਾਂ ਨੂੰ ਹੀ ਲਾਭ ਪੁੱਜੇਗਾ ਅਤੇ ਇਸ ਕਾਰਨ ਇਹ ਨਿੱਕ-ਬੁਰਜੂਆ ਤੇ ਛੋਟੇ ਕਿਸਾਨਾਂ ਵਜੋਂ ਉਹਨਾਂ ਦੀ ਪੋਜੀਸ਼ਨ ਨੂੰ ਮਜ਼ਬੂਤ ਕਰਦੀ ਹੈ। ਇਸ ਤਰ੍ਹਾਂ "ਨਿੱਕ-ਬੁਰਜੂਆ ਪਰੂਧੋਂ" ਜੋ ਮੂਲਬਰਗਰ ਅਨੁਸਾਰ, ਇੱਕ ਕਲਪਤ ਸ਼ਕਲ ਹੀ ਹੈ, ਇੱਕ ਦਮ ਹੀ ਬਹੁਤ ਨਿਗਰ ਇਤਿਹਾਸਕ ਹੋਂਦ ਧਾਰਨ ਕਰ ਲੈਂਦਾ ਹੈ।

ਮੂਲਬਰਗਰ ਅੱਗੇ ਆਖਦਾ ਹੈ :

"ਜਦੋਂ ਮੈਂ ਪਰੂਧੋਂ ਦੇ ਨਾਲ਼ ਇਹ ਗੱਲ ਆਖਦਾ ਹਾਂ ਕਿ ਸਮਾਜ ਦੇ ਆਰਥਕ ਜੀਵਨ ਵਿੱਚ ਹੱਕ ਦੇ ਸੰਕਲਪ ਦਾ ਬੋਲਬਾਲਾ ਹੋਣਾ ਚਾਹੀਦਾ ਹੈ, ਤਾਂ ਮੈਂ ਅਜੋਕੇ ਸਮਾਜ ਦਾ ਅਜਿਹੇ ਸਮਾਜ ਵਜੋਂ ਵਰਨਣ ਕਰ ਰਿਹਾ ਹੁੰਦਾ ਹਾਂ, ਜਿਸ ਵਿੱਚ, ਇਹ ਸੱਚ ਹੈ ਕਿ ਹੱਕ ਦਾ ਹਰ ਇੱਕ ਸੰਕਲਪ ਗਾਇਬ ਨਹੀਂ ਹੈ, ਪਰ ਜਿਸ ਵਿੱਚ ਇਨਕਲਾਬ ਦੇ ਹੱਕ ਦਾ ਸੰਕਲਪ ਗਾਇਬ ਹੈ, ਅਜਿਹਾ ਤੱਥ ਜਿਸ ਨੂੰ ਖੁਦ ਏਂਗਲਜ਼ ਵੀ ਮੰਨੇਗਾ।"

ਮੰਦੇ ਭਾਗਾਂ ਨੂੰ ਮੈਂ ਮੂਲਬਰਗਰ ਨੂੰ ਨਿਵਾਜਣ ਦੀ ਪੋਜੀਸ਼ਨ ਵਿੱਚ ਨਹੀਂ ਹਾਂ।

ਮੂਲਬਰਗਰ ਮੰਗ ਕਰਦਾ ਹੈ ਕਿ ਸਮਾਜ ਵਿੱਚ ਹੱਕ ਦੇ ਸੰਕਲਪ ਦਾ ਬੋਲਬਾਲਾ ਹੋਣਾ ਚਾਹੀਦਾ ਹੈ ਅਤੇ ਉਹਨੂੰ ਇਹ ਵਿਆਖਿਆ ਆਖਦਾ ਹੈ। ਜੇਕਰ ਅਦਾਲਤ ਇੱਕ ਕੁਰਕ ਅਮੀਨ ਨੂੰ ਮੇਰੇ ਕੋਲ਼ ਸੰਮਨ ਦੇ ਕੇ ਭੇਜਦੀ ਹੈ ਜਿਨ੍ਹਾਂ ਵਿੱਚ ਇਹ ਮੰਗ ਕੀਤੀ ਗਈ ਹੋਵੇ ਕਿ ਕਰਜ਼ਾ ਅਦਾ ਕੀਤਾ ਜਾਣਾ ਚਾਹੀਦਾ ਹੈ ਤਾਂ ਮੂਲਬਰਗਰ ਅਨੁਸਾਰ ਇਹ ਮੈਨੂੰ ਅਜਿਹੇ ਆਦਮੀ ਵਜੋਂ ਜੋ ਆਪਣੇ ਕਰਜ਼ੇ ਅਦਾ ਨਹੀਂ ਕਰਦਾ, ਬਿਆਨ ਕਰਨ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਹੈ। ਕਿਸੇ ਗੱਲ ਦਾ ਵਰਨਣ ਕਰਨਾ ਹੋਰ ਗੱਲ ਹੈ ਤੇ ਜ਼ਰੱਈ ਮੰਗ ਕਰਨਾ ਹੋਰ ਅਤੇ ਇਸੇ ਗੱਲ ਵਿੱਚ ਜਰਮਨ ਵਿਗਿਆਨਕ ਸਮਾਜਵਾਦ ਤੇ ਪਰੂਧੋਂ ਵਿਚਕਾਰ ਜ਼ਰੂਰੀ ਫ਼ਰਕ ਲੁਕਿਆ ਹੋਇਆ ਹੈ। ਅਸੀਂ ਆਰਥਕ ਸਬੰਧਾਂ ਦਾ ਜਿਵੇਂ ਉਹ ਹਨ ਅਤੇ ਜਿਵੇਂ ਉਹ ਵਿਕਾਸ ਕਰਦੇ ਹਨ, ਵਰਨਣ ਕਰਦੇ ਹਾਂ (—ਕਿਸੇ ਚੀਜ਼ ਦਾ ਮੂਲਬਰਗਰ ਵੱਲੋਂ ਕੀਤਾ ਗਿਆ ਹਰ ਇੱਕ ਅਸਲੀ ਵਰਨਣ ਇਹਦੇ ਨਾਲ਼ ਹੀ ਉਹਦਾ ਸਪੱਸ਼ਟੀਕਰਣ ਵੀ ਹੁੰਦਾ ਹੈ— ਅਤੇ ਅਸੀਂ ਕੜੇ ਆਰਥਕ ਰੂਪ ਵਿੱਚ, ਇਸ ਗੱਲ ਦਾ ਸਬੂਤ ਮੁਹੱਈਆ ਕਰਦੇ ਹਾਂ ਕਿ ਉਹਨਾਂ ਦਾ ਵਿਕਾਸ ਇਹਦੇ ਨਾਲ ਹੀ ਸਮਾਜਕ ਇਨਕਲਾਬ ਦੇ ਅੰਸਰਾਂ ਦਾ ਵਿਭਾਗ ਹੁੰਦਾ ਹੈ : ਇੱਕ ਪਾਸੇ, ਅਜਿਹੀ ਇੱਕ ਜਮਾਤ ਦਾ ਵਿਕਾਸ ਜਿਸ ਦੀਆਂ ਜੀਵਨ ਦੀਆਂ ਹਾਲਤਾਂ ਜ਼ਰੂਰੀ ਤੌਰ ’ਤੇ ਉਹਨੂੰ ਸਮਾਜਕ ਇਨਕਲਾਬ ਵੱਲ ਧੱਕਦੀਆਂ ਹਨ, ਇਹ ਪ੍ਰੋਲੇਤਾਰੀ ਹੈ, ਅਤੇ ਦੂਜੇ ਪਾਸੇ, ਉਹਨਾਂ ਪੈਦਾਵਾਰੀ ਤਾਕਤਾਂ ਦਾ ਵਿਕਾਸ ਜਿਨ੍ਹਾਂ ਨੇ ਪੂੰਜੀਵਾਦੀ ਸਮਾਜ ਦੇ ਚੌਖਟੇ ਤੋਂ ਬਾਹਰ ਪਸਾਰ ਕਰ ਜਾਣ ਕਰਕੇ ਜ਼ਰੂਰੀ ਤੌਰ ’ਤੇ ਉਸ ਚੌਖਟੇ ਨੂੰ ਤੋੜਨਾ ਹੁੰਦਾ ਹੈ ਅਤੇ ਜੋ ਇਹਦੇ ਨਾਲ਼ ਖੁਦ ਸਮਾਜਕ ਤਰੱਕੀ ਦੇ ਹਿੱਤ ਵਿੱਚ ਜਮਾਤੀ ਫ਼ਰਕਾਂ ਨੂੰ ਮੇਟਣ ਦੇ ਸਾਧਨ ਪੇਸ ਕਰਦੀਆਂ ਹਨ। ਇਹਦੇ ਉਲਟ ਪਰੂਧੋਂ ਅਜੋਕੇ ਸਮਾਜ ਤੋਂ ਇਹ ਮੰਗ ਕਰਦਾ ਹੈ ਕਿ ਇਹਨੂੰ ਖੁਦ ਆਪਣੇ ਆਰਥਕ ਵਿਕਾਸ ਦੇ ਕਾਨੂੰਨਾਂ ਅਨੁਸਾਰ ਨਹੀਂ ਬਦਲਣਾ ਚਾਹੀਦਾ ਸਗੋਂ ਇਨਸਾਫ਼ ਦੇ ਸੰਕਲਪਾਂ ਅਨੁਸਾਰ ਬਦਲਣਾ ਚਾਹੀਦਾ ਹੈ (“ਹੱਕ ਦਾ ਸੰਕਲਪ” ਉਹਦਾ ਨਹੀਂ ਸਗੋਂ ਮੂਲਬਰਗਰ ਦਾ ਹੈ)। ਜਿੱਥੇ ਅਸੀਂ ਸਿੱਧ ਕਰਦੇ ਹਾਂ, ਉੱਥੇ ਪਰੂਧੋਂ ਅਤੇ ਉਹਦੇ ਨਾਲ਼ ਮੂਲਬਰਗਰ, ਉਪਦੇਸ਼ ਦਿੰਦਾ ਹੈ ਤੇ ਰੋਣੇ ਰੋਂਦਾ ਹੈ।

“ਇਨਕਲਾਬ ਦੇ ਹੱਕ ਦਾ ਸੰਕਲਪ” ਕੀ ਬਲਾ ਹੈ, ਮੈਂ ਇਸ ਬਾਰੇ ਅਨੁਮਾਨ ਲਾਉਣ ਦੇ ਉਕਾ ਹੀ ਅਸਮਰਥ ਹਾਂ। ਇਹ ਠੀਕ ਹੈ ਕਿ ਪਰੂਧੋਂ “ਇਨਕਲਾਬ” ਨੂੰ ਇੱਕ ਕਿਸਮ ਦੀ ਦੇਵੀ ਬਣਾ ਦਿੰਦਾ ਹੈ, ਜਿਸ ਨੂੰ ਕਰਨ ਲੱਗਿਆਂ ਉਹ 1789–94 ਦੇ ਬੁਰਜੂਆ ਇਨਕਲਾਬ ਨੂੰ ਹੋਣ ਵਾਲ਼ੇ ਪ੍ਰੋਲੇਤਾਰੀ ਇਨਕਲਾਬ ਨਾਲ਼ ਗਡਮਡ ਕਰਨ ਦੀ ਅਜੀਬ ਗਲਤੀ ਕਰ ਜਾਂਦਾ ਹੈ : ਇਹ ਗੱਲ ਉਹ ਆਪਣੀਆਂ ਲਗਭਗ ਸਮੁੱਚੀਆਂ ਕਿਰਤਾਂ ਵਿੱਚ ਹੀ ਕਰਦਾ ਹੈ, ਖਾਸ ਕਰਕੇ 1848 ਤੋਂ ਲੈ ਕੇ। ਮੈਂ ਕੇਵਲ ਮਿਸਾਲ ਵਜੋਂ ਇੱਕ ਦਾ, ਭਾਵ “ਇਨਕਲਾਬ ਦਾ ਆਮ ਵਿਚਾਰ” 1868 ਦੇ ਐਡੀਸ਼ਨ ਦੇ ਪੰਨੇ–39 ਤੇ 40 ਦਾ ਹੀ ਵਰਨਣ ਕਰਾਂਗਾ। ਮੂਲਬਰਗਰ ਕਿਉਂਕਿ ਪਰੂਧੋਂ ਦੀ ਸਾਰੀ ਤੇ ਹਰ ਇੱਕ ਜ਼ਿੰਮੇਵਾਰੀ ਤੋਂ ਇਨਕਾਰੀ ਹੈ, ਤਾਂ ਮੈਨੂੰ ਪਰੂਧੋਂ ਦੇ “ਇਨਕਲਾਬ ਦੇ ਹੱਕ ਦੇ ਸੰਕਲਪ” ਬਾਰੇ ਗੱਲ ਸਪੱਸ਼ਟ ਕਰਨ ਦਾ ਕੋਈ ਅਧਿਕਾਰ ਨਹੀਂ ਅਤੇ ਇਸੇ ਲਈ ਮਿਸਰੀ ਹਨ੍ਹੇਰੇ ਵਿੱਚ.....

ਮੂਲਬਰਗਰ ਅੱਗੇ ਆਖਦਾ ਹੈ :

"ਪਰ ਨਾ ਤਾਂ ਪਰੂਧੋਂ ਅਤੇ ਨਾ ਹੀ ਮੈਂ 'ਸਦੀਵੀ ਇਨਸਾਫ਼' ਨੂੰ ਅਪੀਲ ਕਰਦੇ ਹਾਂ ਤਾਂ ਜੋ ਇਉਂ ਕਰਨ ਨਾਲ ਵਰਤਮਾਨ ਅਨਿਆਈਂ ਹਾਲਤਾਂ ਦਾ ਸਪੱਸ਼ਟੀਕਰਣ ਕੀਤਾ ਜਾਵੇ, ਜਾਂ ਜਿਵੇਂ ਏਂਗਲਜ਼ ਮੇਰੇ ਨਾਂ ਨਾਲ਼ ਜੋੜਦਾ ਹੈ, ਇਸ ਇਨਸਾਫ਼ ਨੂੰ ਅਪੀਲ ਕਰਨ ਰਾਹੀਂ ਇਹਨਾਂ ਹਾਲਤਾਂ ਵਿੱਚ ਬਿਹਤਰੀ ਆ ਜਾਣ ਦੀ ਹੀ ਆਸ ਰੱਖੀ ਜਾਵੇ।"

ਮੂਲਬਰਗਰ ਨੇ ਇਸ ਵਿਚਾਰ ਉੱਤੇ ਟੇਕ ਰੱਖੀ ਹੋਵੇਗੀ ਕਿ "ਜਰਮਨੀ ਵਿੱਚ ਪਰੂਧੋਂ ਆਮ ਤੌਰ 'ਤੇ ਅਣਜਾਣੇ ਵਰਗਾ ਹੀ ਹੈ।" ਆਪਣੀਆਂ ਸਮੁੱਚੀਆਂ ਕਿਰਤਾਂ ਵਿੱਚ ਪਰੂਧੋਂ ਸਾਰੇ ਸਮਾਜਕ, ਕਾਨੂੰਨੀ, ਰਾਜਨੀਤਕ ਅਤੇ ਧਾਰਮਕ ਸੰਕਲਪਾਂ ਨੂੰ "ਇਨਸਾਫ" ਦੇ ਗਜ਼ ਨਾਲ਼ ਮਾਪਦਾ ਹੈ ਅਤੇ ਇਸ ਅਨੁਸਾਰ ਉਹਨਾਂ ਨੂੰ ਰੱਦ ਕਰਦਾ ਤੇ ਮਾਣਦਾ ਦਿੰਦਾ ਹੈ ਕਿ ਕੀ ਉਹ, ਜਿਸ ਨੂੰ ਉਹ "ਇਨਸਾਫ਼" ਆਖਦਾ ਹੈ, ਉਸ ਨਾਲ਼ ਮੇਲ ਖਾਂਦੇ ਹਨ ਜਾਂ ਨਹੀਂ। ਉਹਦੀ ਰਚਨਾ "ਆਰਥਕ ਵਿਰੋਧਤਾਈਆਂ" ਵਿੱਚ ਇਸ ਇਨਸਾਫ਼ ਨੂੰ ਅਜੇ ਵੀ "ਸਦੀਵੀ ਇਨਸਾਫ਼" ਆਖਿਆ ਗਿਆ ਹੈ। ਮਗਰੋਂ ਜਾ ਕੇ ਇਸ ਸਦੀਵਤਾ ਬਾਰੇ ਫੇਰ ਕੁੱਝ ਵੀ ਨਹੀਂ ਆਖਿਆ ਗਿਆ, ਪਰ ਵਿਚਾਰ ਦਾ ਸਾਰਅੰਸ ਮੌਜੂਦ ਰਹਿੰਦਾ ਹੈ। ਮਿਸਾਲ ਵਜੋਂ ਉਹਦੀ ਰਚਨਾ "ਇਨਕਲਾਬ ਵਿੱਚ ਅਤੇ ਚਰਚ ਵਿੱਚ ਇਨਸਾਫ਼"; ਐਡੀਸ਼ਨ 1858, ਵਿੱਚ ਹੇਠਾਂ ਦਿੱਤਾ ਗਿਆ ਪੈਰ੍ਹਾ ਸਮੁੱਚੇ ਤਿੰਨ ਜਿਲਦੀ ਉਪਦੇਸ਼ ਦਾ ਪਾਠ ਹੈ (ਜਿਲਦ-1, ਪੰਨਾ-42):

"ਸਮਾਜਾਂ ਦਾ ਬੁਨਿਆਦੀ ਅਸੂਲ, ਸਜੀਵੀ, ਤਰਤੀਬ ਦੇਣ ਵਾਲ਼ਾ, ਖੁਦ ਮੁਖਤਿਆਰ ਅਸੂਲ ਕੀ ਹੈ ਜੋ ਹੋਰਨਾਂ ਸਾਰਿਆਂ ਨੂੰ ਆਪਣੇ ਅਧੀਨ ਕਰ ਲੈਂਦਾ ਹੈ, ਜੋ ਹਕੂਮਤ ਕਰਦਾ ਹੈ, ਰੱਖਿਆ ਕਰਦਾ ਹੈ, ਦਬਾਉਂਦਾ ਹੈ, ਸਜ਼ਾ ਦਿੰਦਾ ਹੈ ਅਤੇ ਜੇ ਲੋੜ ਪਵੇ ਤਾਂ ਸਮੁੱਚੇ ਬਾਗੀ ਅੰਸਰਾਂ ਨੂੰ ਵੀ ਦਬਾ ਦਿੰਦਾ ਹੈ ? ਕੀ ਇਹ ਧਰਮ ਹੈ, ਆਦਰਸ਼ ਜਾਂ ਹਿੱਤ ਹੈ ?... ਮੇਰੇ ਵਿਚਾਰ ਵਿਚ ਇਹ ਅਸੂਲ ਇਨਸਾਫ਼ ਹੈ। ਇਨਸਾਫ਼ ਕੀ ਹੈ ? ਇਹ ਤਾਂ ਮਨੁੱਖਜ਼ਾਤੀ ਦਾ ਤੱਤ ਹੈ। ਸੰਸਾਰ ਦੇ ਆਰੰਭ ਤੋਂ ਇਹ ਕੀ ਰਿਹਾ ਹੈ ? ਕੁੱਝ ਵੀ ਨਹੀਂ। ਇਹ ਕਿਹੋ ਜਿਹਾ ਹੋਣਾ ਚਾਹੀਦਾ ਹੈ ? ਹਰ ਚੀਜ਼ ਹੋਣਾ ਚਾਹੀਦਾ ਹੈ।"

ਇਨਸਾਫ਼ ਜਿਹੜਾ ਮਨੁੱਖਜਾਤੀ ਦਾ ਹੀ ਸਾਰਅੰਸ਼ ਹੈ, ਉਹ ਕੀ ਹੈ ਜੇਕਰ ਉਹ ਸਦੀਵੀ ਇਨਸਾਫ਼ ਨਹੀਂ ? ਇਨਸਾਫ਼ ਜਿਹੜਾ ਸਮਾਜਾਂ ਦਾ ਸਜੀਵੀ, ਤਰਤੀਬ ਦੇਣ ਵਾਲ਼ਾ, ਖੁਦ ਮੁਖਤਿਆਰ ਬੁਨਿਆਦੀ ਅਸੂਲ ਹੈ, ਜੋ ਫੇਰ ਵੀ ਵਰਤਮਾਨ ਸਮੇਂ ਤੱਕ ਕੁੱਝ ਵੀ ਨਹੀਂ ਰਿਹਾ, ਪਰ ਜੋ ਹਰ ਚੀਜ਼ ਹੋਣਾ ਚਾਹੀਦਾ ਹੈ—ਜੇਕਰ ਇਹ ਸਮੁੱਚੇ ਮਨੁੱਖੀ ਮਾਮਲਿਆਂ ਨੂੰ ਮਾਪਣ ਵਾਲ਼ਾ ਗਜ਼ ਨਹੀਂ, ਜੇਕਰ ਇਹ ਉਹ ਅੰਤਮ ਸਾਲਸ ਨਹੀਂ ਜਿਸ ਕੋਲ਼ ਸਾਰੇ ਝਗੜਿਆਂ ਸਬੰਧੀ ਅਪੀਲ ਕੀਤੀ ਜਾਵੇ, ਤਾਂ ਇਹ ਹੋਰ ਕੀ ਹੈ ? ਅਤੇ ਕੀ ਮੈਂ ਇਸ ਤੋਂ ਇਲਾਵਾ ਕੋਈ ਹੋਰ ਦਾਅਵਾ ਕੀਤਾ ਹੈ ਕਿ ਪਰੂਧੋਂ, ਸਾਰੇ ਆਰਥਕ ਸਬੰਧਾਂ ਦਾ ਆਰਥਕ ਕਾਨੂੰਨ ਅਨੁਸਾਰ ਨਹੀਂ ਸਗੋਂ ਇਸ ਅਨੁਸਾਰ ਕਿ ਕੀ ਉਹਇਸ ਸਦੀਵੀ ਇਨਸਾਫ਼ ਦੇ ਉਹਦੇ ਸੰਕਲਪ ਨਾਲ਼ ਮੇਲ ਵੀ ਖਾਂਦੇ ਹਨ ਜਾਂ ਨਹੀਂ, ਅਨੁਮਾਨ ਲਾ ਕੇ ਆਪਣੀ ਆਰਥਕ ਅਗਿਆਨਤਾ ਅਤੇ ਬੇਬਸੀ ਉੱਤੇ ਪਰਦਾ ਪਾਉਂਦਾ ਹੈ ? ਅਤੇ ਪਰੂਧੋਂ ਤੇ ਮੂਲਬਰਗਰ ਵਿੱਚ ਕੀ ਫ਼ਰਕ ਰਹਿ ਜਾਂਦਾ

ਹੈ ਜਦੋਂ ਮੂਲਬਰਗਰ ਇਹ ਮੰਗ ਕਰਦਾ ਹੈ ਕਿ "ਆਧੁਨਿਕ ਸਮਾਜ ਦੇ ਜੀਵਨ ਵਿੱਚ ਇਹਨਾਂ ਸਾਰੀਆਂ ਤਬਦੀਲੀਆਂ" ਵਿੱਚ "ਹੱਕ ਦੇ ਸੰਕਲਪ ਦਾ ਬੋਲਬਾਲਾ" ਹੋਣਾ ਚਾਹੀਦਾ ਹੈ, "ਭਾਵ" ਕੀ "ਹਰ ਥਾਂ ਉੱਤੇ ਇਨਸਾਫ਼ ਦੀਆਂ ਕਰੜੀਆਂ ਮੰਗਾਂ ਅਨੁਸਾਰ ਸਿਰੇ ਚਾੜ੍ਹਿਆ ਜਾਣਾ" ਚਾਹੀਦਾ ਹੈ ? ਕੀ ਇਹ ਗੱਲ ਹੈ ਕਿ ਮੈਂ ਪੜ੍ਹ ਨਹੀਂ ਸਕਦਾ ਜਾਂ ਇਹ ਕਿ ਮੂਲਬਰਗਰ ਲਿਖ ਨਹੀਂ ਸਕਦਾ ?

ਮੂਲਬਰਗਰ ਅੱਗੇ ਆਖਦਾ ਹੈ :

"ਪਰੂਧੋਂ ਜਾਣਦਾ ਹੈ ਅਤੇ ਮਾਰਕਸ ਤੇ ਏਂਗਲਜ਼ ਵੀ ਜਾਣਦੇ ਹਨ ਕਿ ਮਨੁੱਖੀ ਸਮਾਜ ਦੀ ਅਸਲੀ ਚਾਲਕ ਭਾਵਨਾ ਆਰਥਕ ਸਬੰਧ ਹਨ, ਕਾਨੂੰਨੀ ਸਬੰਧ ਨਹੀਂ; ਉਹ ਇਹ ਗੱਲ ਵੀ ਜਾਣਦਾ ਹੈ ਕਿ ਕਿਸੇ ਕੌਮ ਵਿੱਚ ਹੱਕ ਦੇ ਮੌਜੂਦ ਸੰਕਲਪ ਕੇਵਲ ਆਰਥਕ ਸਬੰਧਾਂ ਦਾ ਪ੍ਰਗਟਾਅ, ਬਿੰਬ ਅਤੇ ਉਪਜ ਹੁੰਦੇ ਹਨ—ਅਤੇ ਖਾਸ ਕਰਕੇ ਪੈਦਾਵਾਰ ਦੇ ਸਬੰਧਾਂ ਦੀ। ਗੱਲ ਕੀ ਪਰੂਧੋਂ ਲਈ ਹੱਕ ਇਤਿਹਾਸਕ ਰੂਪ ਵਿੱਚ ਤਿਆਰ ਹੋਈ ਆਰਥਕ ਉਪਜ ਹੈ।"

ਜੇਕਰ ਪਰੂਧੋਂ ਇਹ ਸਾਰੀਆਂ ਗੱਲਾਂ ਜਾਣਦਾ ਹੈ, (ਮੈਂ ਮੂਲਬਰਗਰ ਵੱਲੋਂ ਵਰਤੇ ਗਏ ਅਸਪੱਸ਼ਟ ਵਿਚਾਰਾਂ ਨੂੰ ਅੱਖੋਂ ਉਹਲੇ ਕਰਦਾ ਹਾਂ ਅਤੇ ਕੰਮ ਲਈ ਉਹਦੇ ਚੰਗੇ ਇਰਾਦਿਆਂ ਨੂੰ ਲੈਂਦਾ ਹਾਂ), ਜੇਕਰ ਪਰੂਧੋਂ ਇਹ ਸਾਰਾ ਕੁੱਝ ਜਾਣਦਾ ਹੈ "ਅਤੇ ਮਾਰਕਸ ਤੇ ਏਂਗਲਜ਼" ਵੀ ਜਾਣਦੇ ਹਨ, ਤਾਂ ਝਗੜਾ ਕਿਸ ਗੱਲ ਦਾ ਰਹਿ ਜਾਂਦਾ ਹੈ ? ਮੁਸ਼ਕਲ ਇਹ ਹੈ ਕਿ ਪਰੂਧੋਂ ਦੇ ਗਿਆਨ ਬਾਰੇ ਹਾਲਤ ਕੁੱਝ ਵੱਖਰੀ ਹੈ। ਕਿਸੇ ਸਬੰਧਤ ਸਮਾਜ ਦੇ ਆਰਥਕ ਸਬੰਧ ਆਪਣੇ ਆਪ ਨੂੰ ਸਭ ਤੋਂ ਪਹਿਲਾਂ ਹਿੱਤਾਂ ਵਜੋਂ ਪੇਸ਼ ਕਰਦੇ ਹਨ। ਤਾਂ ਉਹਦੇ ਸ਼ਾਹਕਾਰ ਵਿੱਚ ਹੁਣੇ ਇੰਨ ਬਿੰਨ ਦਿੱਤੇ ਗਏ ਪੈਰ੍ਹੇ ਵਿੱਚ ਪਰੂਧੋਂ ਸਪੱਸ਼ਟ ਰੂਪ ਵਿੱਚ ਆਖਦਾ ਹੈ ਕਿ "ਸਮਾਜਾਂ ਦੀ ਤਰਤੀਬ ਦੇਣ ਵਾਲ਼ਾ, ਸਜੀਵੀ, ਖੁਦ ਮੁਖਤਿਆਰ ਬੁਨਿਆਦੀ ਅਸੂਲ, ਅਸੂਲ ਜੋ ਦੂਜੇ ਸਾਰਿਆਂ ਨੂੰ ਆਪਣੇ ਅਧੀਨ ਕਰ ਲੈਂਦਾ ਹੈ" ਹਿੱਤ ਨਹੀਂ ਸਗੋਂ ਇਨਸਾਫ਼ ਹੈ ਅਤੇ ਉਹ ਆਪਣੀਆਂ ਸਾਰੀਆਂ ਕਿਰਤਾਂ ਦੇ ਨਿਰਣਈ ਪੈਰ੍ਹਿਆਂ ਵਿੱਚ ਇਹੋ ਗੱਲ ਦੁਹਰਾਉਂਦਾ ਹੈ, ਜਿਹੜੀ ਗੱਲ ਕਿ ਮੂਲਬਰਗਰ ਨੂੰ ਅੱਗੇ ਇਹ ਗੱਲ ਕਰਨੋਂ ਨਹੀਂ ਹੋੜਦੀ :

"...ਆਰਥਕ ਹੱਕ ਦਾ ਵਿਚਾਰ, ਜੋ ਪਰੂਧੋਂ ਨੇ ਸਭ ਤੋਂ ਵੱਧ ਡੂੰਘਾਈ ਨਾਲ਼ "ਜੰਗ ਅਤੇ ਅਮਨ" ਵਿੱਚ ਵਿਕਸਿਤ ਕੀਤਾ ਹੈ, ਪੂਰੀ ਤਰ੍ਹਾਂ ਨਾਲ਼ ਫੈਸਲੇ ਦੇ ਉਸ ਬੁਨਿਆਦੀ ਵਿਚਾਰ ਨਾਲ਼ ਜਾ ਮਿਲਦਾ ਹੈ ਜੋ ਉਹਨੇ "ਪ੍ਰਾਪਤ ਕੀਤੇ ਗਏ ਹੱਕਾਂ ਦੀ ਪ੍ਰਣਾਲੀ" ਦੇ ਆਪਣੇ ਮੁੱਖਬੰਧ ਵਿੱਚ ਇੰਨੇ ਸ਼ਾਨਦਾਰ ਢੰਗ ਨਾਲ਼ ਪ੍ਰਗਟ ਕੀਤਾ ਹੈ।"

"ਜੰਗ ਅਤੇ ਅਮਨ ਪਰੂਧੋਂ ਦੀਆਂ ਬਹੁਤ ਸਾਰੀਆਂ ਸਕੂਲੀ ਬੱਚਿਆਂ ਵਾਲ਼ੀਆਂ ਕਿਰਤਾਂ ਵਿੱਚੋਂ ਸ਼ਾਇਦ ਸਭ ਤੋਂ ਵੱਧ ਸਕੂਲੀ ਬੱਚਿਆਂ ਵਾਲ਼ੀ ਕਿਰਤ ਹੈ, ਪਰ ਮੈਨੂੰ ਬਿਲਕੁੱਲ ਆਸ ਨਹੀਂ ਸੀ ਕਿ ਇਹਨੂੰ ਪਰੂਧੋਂ ਦੀ ਇਤਿਹਾਸ ਦੇ ਜਰਮਨ ਪਦਾਰਥਵਾਦੀ ਸੰਕਲਪ ਦੀ ਕਥਿਤ ਸੂਝ ਬੂਝ ਦੇ ਸਬੂਤ ਵਜੋਂ ਪੇਸ਼ ਕੀਤਾ ਜਾਵੇਗਾ ਜਿਹੜਾ ਪਦਾਰਥਵਾਦ ਸਾਰੀਆਂ ਇਤਿਹਾਸਕ ਘਟਨਾਵਾਂ ਤੇ ਵਿਚਾਰਾਂ ਦਾ, ਸਾਰੀ ਰਾਜਨੀਤੀ, ਦਰਸ਼ਨ ਸ਼ਾਸਤਰ ਤੇ ਧਰਮ ਦਾ ਸਪੱਸ਼ਟੀਕਰਣ ਸਬੰਧਤ ਇਤਿਹਾਸਕ ਦੌਰ ਦੇ ਜੀਵਨ ਦੀਆਂ ਪਦਾਰਥਕ, ਆਰਥਕ ਹਾਲਤਾਂ

ਤੋਂ ਕਰਦਾ ਹੈ। ਕਿਤਾਬ ਇੰਨੀ ਘੱਟ ਪਦਾਰਥਵਾਦੀ ਹੈ ਕਿ ਇਹ ਪ੍ਰਮਾਤਮਾਂ ਨੂੰ ਮਦਦ ਲਈ ਬੁਲਾਉਣ ਤੋਂ ਬਿਨਾਂ ਜੰਗ ਦਾ ਆਪਣਾ ਸੰਕਲਪ ਤੱਕ ਨਹੀਂ ਉਸਾਰੀ ਸਕਦੀ :

"ਪਰ ਪਰਮਾਤਮਾ ਦੇ ਜੀਹਨੇ ਸਾਡੇ ਲਈ ਜੀਵਨ ਦਾ ਇਹ ਰੂਪ ਚੁਣਿਆ, ਆਪਣੇ ਹੀ ਮੰਤਵ ਹਨ।" (ਜਿਲਦ-2, ਪੰਨਾ-100, ਐਡੀਸ਼ਨ-1869)।

ਇਹ ਕਿਤਾਬ ਕਿਹੜੇ ਇਤਿਹਾਸਕ ਗਿਆਨ ਉੱਤੇ ਅਧਾਰਤ ਹੈ, ਇਹਦਾ ਅਨੁਮਾਨ ਇਸ ਤੱਥ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਉਹ ਸੁਨਹਿਰੀ ਯੁੱਗ ਦੀ ਇਤਿਹਾਸਕ ਹੋਂਦ ਵਿੱਚ ਵਿਸ਼ਵਾਸ ਰੱਖਦੀ ਹੈ :

"ਸ਼ੁਰੂ ਵਿੱਚ ਜਦੋਂ ਮਨੁੱਖੀ ਨਸਲ ਧਰਤੀ ਦੇ ਤੱਲ ਉੱਤੇ ਅਜੇ ਬੜੀ ਥੋੜ੍ਹੀ ਗਿਣਤੀ ਵਿੱਚ ਫੈਲੀ ਹੋਈ ਸੀ, ਕੁਦਰਤ ਬਿਨਾਂ ਕਿਸੇ ਮੁਸ਼ਕਲ ਦੇ ਉਹਦੀਆਂ ਲੋੜਾਂ ਦੀ ਪੂਰਤੀ ਕਰੀ ਜਾਂਦੀ ਸੀ। ਇਹ ਸੁਨਹਿਰੀ ਯੁੱਗ, ਅਮਨ ਤੇ ਬਹੁਲਤਾ ਦਾ ਯੁੱਗ ਸੀ।" (ਜਿਲਦ-2, ਪੰਨਾ-102, ਐਡੀਸ਼ਨ-1869)।

ਇਹਦਾ ਆਰਥਕ ਦ੍ਰਿਸ਼ਟੀਕੋਣ ਸਿਰੇ ਦਾ ਅਵੈੜਾ ਮਾਲਥੂਸੀਅਨਵਾਦ ਹੈ :

"ਜਦੋਂ ਪੈਦਾਵਾਰ ਦੁੱਗਣੀ ਹੋ ਜਾਂਦੀ ਹੈ, ਆਬਾਦੀ ਵੀ ਛੇਤੀ ਹੀ ਦੁੱਗਣੀ ਹੋ ਜਾਵੇਗੀ।" (ਪੰਨਾ-105)

ਫੇਰ ਇਸ ਕਿਤਾਬ ਦਾ ਪਦਾਰਥਵਾਦ ਕਿਸ ਗੱਲ ਵਿੱਚ ਹੈ ? ਇਸ ਗੱਲ ਵਿੱਚ ਹੈ ਕਿ ਇਹ ਐਲਾਨ ਕਰਦੀ ਹੈ ਕਿ ਜੰਗ ਦਾ ਕਾਰਨ ਹਮੇਸ਼ਾ ਹੀ ਇਹ ਰਿਹਾ ਹੈ ਅਤੇ ਹੁਣ ਵੀ ਹੈ : "ਗਰੀਬੀ" (ਮਿਸਾਲ ਲਈ ਪੰਨਾ-143)। ਚਾਚਾ ਬਰਾਮਿਸ (ਜਰਮਨ ਬੁਰਜੂਆ ਮਖੌਲੀਏ ਤੇ ਨਾਵਲਕਾਰ ਫ਼ਰਿਟਜ਼ ਰਿਊਟਰ ਦੀਆਂ ਕਿਰਤਾਂ ਦਾ ਹਸੌਣਾ ਪਾਤਰ—ਸੰਪਾ.) ਵੀ ਅਜਿਹਾ ਹੀ ਪੱਕਾ ਪਦਾਰਥਵਾਦੀ ਸੀ ਜਦੋਂ 1848 ਦੀ ਆਪਣੀ ਤਕਰੀਰਾਂ ਵਿੱਚ ਉਹਨੇ ਬੜੇ ਠਰ੍ਹੰਮੇ ਨਾਲ਼ ਇਹ ਸ਼ਾਨਦਾਰ ਸ਼ਬਦ ਆਖੇ : ਬਹੁਤ ਜ਼ਿਆਦਾ ਗਰੀਬੀ ਦਾ ਕਾਰਨ ਹੈ....

ਲੈਸਲੇ ਦੀ "ਪ੍ਰਾਪਤ ਕੀਤੇ ਹੱਕਾਂ ਦੀ ਪ੍ਰਣਾਲੀ" ਉੱਤੇ ਕੇਵਲ ਇੱਕ ਕਾਨੂੰਨਦਾਨ ਦੀ ਨਹੀਂ ਸਗੋਂ ਪੁਰਾਣੇ ਹੀਗੇਲੀਅਨ ਦੀ ਵੀ ਮੁਹਰ ਛਾਪ ਲੱਗੀ ਹੋਈ ਹੈ। ਪੰਨਾ-7 ਉੱਤੇ ਲੈਸਲੇ ਸਪੱਸ਼ਟ ਰੂਪ ਵਿੱਚ ਐਲਾਨ ਕਰਦਾ ਹੈ ਕਿ "ਅਰਥ-ਵਿਗਿਆਨ ਵਿੱਚ ਵੀ, ਪ੍ਰਾਪਤ ਕੀਤੇ ਹੱਕਾਂ ਦਾ ਸੰਕਲਪ ਸਮੁੱਚੇ ਹੋਰ ਵਿਕਾਸ ਦੀ ਚਾਲਕ ਸ਼ਕਤੀ ਹੁੰਦਾ ਹੈ", ਅਤੇ ਉਹ ਇਹ ਸਿੱਧ ਕਰਨ ਦਾ ਯਤਨ ਕਰਦਾ ਹੈ ਕਿ "ਹੱਕ ਤਾਂ ਆਪਣੇ ਆਪ ਵਿੱਚੋਂ ਹੀ ਵਿਕਾਸ ਕਰਨ ਵਾਲ਼ਾ ਸ਼ਕਤੀਪੂਰਨ ਅੰਗ ਹੈ" (ਅਤੇ ਇਸ ਲਈ ਇਹ ਆਰਥਕ ਪੂਰਵ-ਸ਼ਰਤਾਂ ਵਿੱਚੋਂ ਵਿਕਾਸ ਨਹੀਂ ਕਰਦਾ)। (ਪੰਨਾ-9) ਫੈਸਲੇ ਲਈ ਇਹ ਆਰਥਕ ਸਬੰਧਾਂ ਵਿੱਚੋਂ ਨਹੀਂ ਸਗੋਂ "ਖੁਦ ਇੱਛਾ ਦੇ ਸੰਕਲਪ ਵਿੱਚੋਂ, ਜਿਸ ਦਾ ਕਾਨੂੰਨ ਦਾ ਫਲਸਫਾ ਕੇਵਲ ਵਿਕਾਸ ਅਤੇ ਪ੍ਰਗਟਾਅ" ਹੀ ਹੈ, ਹੱਕ ਨੂੰ ਕੱਢਣ ਦਾ ਸਵਾਲ ਹੈ।(ਪੰਨਾ-9)। ਇਸ ਤਰ੍ਹਾਂ ਇਸ ਕਿਤਾਬ ਦਾ ਜ਼ਿਕਰ ਇੱਥੇ ਕਿਵੇਂ ਆ ਗਿਆ ? ਪਰੂਧੋਂ ਅਤੇ ਲੈਸਲੇ ਵਿੱਚ ਫ਼ਰਕ ਕੇਵਲ ਇਹੋ ਹੈ ਕਿ ਲੈਸਲੇ ਅਮਲੀ ਕਾਨੂੰਨੀ-ਮਾਹਿਰ ਤੇ ਹੀਗੇਲੀਅਨ ਹੈ ਜਦੋਂ ਕਿ ਪਰੂਧੋਂ ਕੇਵਲ ਵਿਗਿਆਨ ਤੇ ਫਲਸਫ਼ੇ ਦੋਹਾਂ ਵਿੱਚ ਹੀ, ਦੂਜੇ ਸਾਰੇ ਮਾਮਲਿਆਂ ਵਾਂਗ ਹੀ, ਕੇਵਲ ਇੱਕ ਅਨਾੜੀ ਹੀ ਹੈ।

ਮੈਂ ਇਹ ਗੱਲ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਪਰੂਧੋਂ ਨਾਂ ਦਾ ਇਹ ਵਿਅਕਤੀ ਜੋ ਲਗਾਤਾਰ ਆਪਾ-ਵਿਰੋਧ ਕਰਨ ਵਿੱਚ ਬਦਨਾਮ ਹੈ, ਕਈ ਵਾਰ ਅਜਿਹੀਆਂ ਗੱਲਾਂ ਆਖਦਾ ਹੈ ਜੋ ਇਉਂ ਜਾਪਣਗੀਆਂ ਜਿਵੇਂ ਉਹਨੇ ਤੱਥਾਂ ਦੇ ਅਧਾਰ ਉੱਤੇ ਵਿਚਾਰਾਂ ਦੀ ਵਿਆਖਿਆ ਕੀਤੀ ਹੋਵੇ। ਪਰ ਅਜਿਹੀਆਂ ਗੱਲਾਂ ਦੀ ਕੋਈ ਵੀ ਅਹਿਮੀਅਤ ਨਹੀਂ ਹੁੰਦੀ ਜਦੋਂ ਉਹਨਾਂ ਦੀ ਤੁਲਨਾ ਉਹਦੇ ਚਿੰਤਨ ਦੇ ਬੁਨਿਆਦੀ ਰੁਝਾਨ ਨਾਲ਼ ਕੀਤੀ ਜਾਂਦੀ ਹੈ ਅਤੇ ਜਿੱਥੇ ਕਿਤੇ ਵੀ ਉਹ ਕੁੱਝ ਅਹਿਮੀਅਤ ਵਾਲ਼ੇ ਹੁੰਦੇ ਹਨ ਉੱਥੇ ਉਹ ਇਸ ਤੋਂ ਇਲਾਵਾ, ਬਹੁਤ ਹੀ ਜ਼ਿਆਦਾ ਗੱਡ-ਮਡ ਤੇ ਸੁਭਾਵਿਕ ਤੌਰ 'ਤੇ ਇਕਸਾਰਤਾ ਤੋਂ ਬਿਨਾਂ ਹੁੰਦੇ ਹਨ।

ਸਮਾਜ ਦੇ ਵਿਕਾਸ ਦੇ ਇੱਕ ਖਾਸ, ਬਹੁਤ ਹੀ ਪ੍ਰਾਚੀਨ ਪੜਾਅ ਉੱਤੇ ਚੀਜ਼ਾਂ ਦੀ ਪੈਦਾਵਾਰ, ਵੰਡ ਤੇ ਵਟਾਂਦਰੇ ਦੀਆਂ ਵਾਰ ਵਾਰ ਕੀਤੀਆਂ ਜਾਣ ਵਾਲ਼ੀਆਂ ਰੋਜ਼ ਦੀਆਂ ਕਾਰਵਾਈਆਂ ਨੂੰ ਇੱਕ ਸਾਂਝੇ ਨੇਮ ਹੇਠ ਲਿਆਉਣ ਦੀ ਅਤੇ ਇਸ ਗੱਲ ਦਾ ਖਿਆਲ ਰੱਖਣ ਦੀ ਕਿ ਵਿਅਕਤੀ ਆਪਣੇ ਆਪ ਨੂੰ ਪੈਦਾਵਾਰ ਤੇ ਵਟਾਂਦਰੇ ਦੀਆਂ ਸਾਂਝੀਆਂ ਹਾਲਤਾਂ ਦੇ ਅਧੀਨ ਰੱਖੇ, ਲੋੜ ਪੈਦਾ ਹੁੰਦੀ ਹੈ। ਇਹ ਨੇਮ ਜੋ ਪਹਿਲਾਂ ਰਿਵਾਜ ਹੁੰਦਾ ਹੈ, ਛੇਤੀ ਹੀ ਕਾਨੂੰਨ ਬਣ ਜਾਂਦਾ ਹੈ। ਕਾਨੂੰਨ ਦੇ ਨਾਲ਼ ਉਹ ਅਦਾਰੇ ਵੀ ਜ਼ਰੂਰੀ ਤੌਰ 'ਤੇ ਪੈਦਾ ਹੋ ਜਾਂਦੇ ਹਨ ਜਿਨ੍ਹਾਂ ਨੂੰ ਇਹਨੂੰ ਕਾਇਮ ਰੱਖਣ ਦਾ ਕੰਮ ਸੌਂਪਿਆ ਜਾਂਦਾ ਹੈ — ਜਨਤਕ ਅਥਾਰਟੀ ਅਤੇ ਰਾਜ। ਹੋਰ ਸਮਾਜਕ ਵਿਕਾਸ ਨਾਲ਼ ਕਾਨੂੰਨ ਲਗਭਗ ਇੱਕ ਸਰਬੰਗੀ ਕਾਨੂੰਨੀ ਪ੍ਰਣਾਲੀ ਦਾ ਰੂਪ ਧਾਰਨ ਕਰ ਜਾਂਦਾ ਹੈ। ਇਹ ਕਾਨੂੰਨੀ ਪ੍ਰਣਾਲੀ ਜਿੰਨੀ ਵਧੇਰੇ ਗੁੰਝਲਦਾਰ ਹੁੰਦੀ ਜਾਂਦੀ ਹੈ, ਓਨੀ ਹੀ ਵਧੇਰੇ ਇਹਦੇ ਪ੍ਰਗਟਾਅ ਦਾ ਢੰਗ ਉਸ ਤੋਂ ਦੂਰ ਹੁੰਦਾ ਜਾਂਦਾ ਹੈ ਜਿਸ ਵਿੱਚ ਕਿ ਸਮਾਜ ਦੇ ਜੀਵਨ ਦੀਆਂ ਆਮ ਆਰਥਕ ਹਾਲਤਾਂ ਪ੍ਰਗਟ ਕੀਤੀਆਂ ਹੁੰਦੀਆਂ ਹਨ। ਇਹ ਇੱਕ ਅਜ਼ਾਦ ਅੰਸ਼ਰ ਵਜੋਂ ਪ੍ਰਗਟ ਹੁੰਦੀ ਹੈ ਜੋ ਆਪਣੀ ਹੋਂਦ ਦੇ ਹੱਕੀ ਹੋਣ ਨੂੰ ਅਤੇ ਉਹਦੇ ਹੋਰ ਵਿਕਾਸ ਦੇ ਸਬੂਤ ਨੂੰ ਆਰਥਕ ਸਬੰਧਾਂ ਵਿੱਚੋਂ ਨਹੀਂ ਸਗੋਂ ਖੁਦ ਆਪਣੀਆਂ ਅੰਦਰੂਨੀ ਨੀਹਾਂ ਵਿੱਚੋਂ, ਜਾਂ ਆਖ ਲਵੋ, "ਇੱਛਾ ਦੇ ਸੰਕਲਪ ਵਿੱਚੋਂ" ਕੱਢਦੀ ਹੈ। ਲੋਕ ਭੁੱਲ ਜਾਂਦੇ ਹਨ ਕਿ ਉਹਨਾਂ ਦਾ ਹੱਕ ਉਹਨਾਂ ਦੇ ਜੀਵਨ ਦੀਆਂ ਆਰਥਕ ਹਾਲਤਾਂ ਵਿੱਚੋਂ ਪੈਦਾ ਹੁੰਦਾ ਹੈ, ਜਿਵੇਂ ਕਿ ਉਹ ਇਹ ਗੱਲ ਭੁੱਲ ਜਾਂਦੇ ਹਨ ਕਿ ਉਹ ਆਪ ਪਸ਼ੂ ਸੰਸਾਰ ਵਿੱਚੋਂ ਪੈਦਾ ਹੋਏ ਹਨ। ਕਾਨੂੰਨੀ ਪ੍ਰਣਾਲੀ ਦੇ ਇੱਕ ਗੁੰਝਲਦਾਰ, ਸਰਬੰਗੀ ਸਮੂਹ ਵਿੱਚ ਵਿਕਾਸ ਕਰ ਜਾਣ ਨਾਲ਼ ਕਿਰਤ ਦੀ ਇੱਕ ਨਵੀਂ ਸਮਾਜਕ ਵੰਡ ਜ਼ਰੂਰੀ ਹੋ ਜਾਂਦੀ ਹੈ; ਪੇਸ਼ਾਵਰ ਕਾਨੂੰਨੀ ਮਾਹਿਰਾਂ ਦਾ ਪ੍ਰਬੰਧ ਵਿਕਾਸ ਕਰ ਜਾਂਦਾ ਹੈ ਅਤੇ ਇਹਨਾਂ ਦੇ ਨਾਲ਼ ਕਾਨੂੰਨ ਵਿਗਿਆਨ ਹੋਂਦ ਵਿੱਚ ਆਉਂਦਾ ਹੈ। ਇਹਦਾ ਹੋਰ ਅੱਗੇ ਵਿਕਾਸ ਹੋ ਜਾਣ ਨਾਲ਼ ਇਹ ਵਿਗਿਆਨ ਵੱਖ ਵੱਖ ਕੌਮਾਂ ਦੀਆਂ ਤੇ ਵੱਖ ਵੱਖ ਸਮਿਆਂ ਦੀਆਂ ਕਾਨੂੰਨੀ ਪ੍ਰਣਾਲੀਆਂ ਨਾਲ਼ ਤੁਲਨਾ ਸਬੰਧਤ ਆਰਥਕ ਸਬੰਧਾਂ ਦੇ ਪ੍ਰਗਟਾਅ ਵਜੋਂ ਨਹੀਂ ਸਗੋਂ ਅਜਿਹੀ ਪ੍ਰਣਾਲੀਆਂ ਵਜੋਂ ਕਰਦਾ ਹੈ ਜੋ ਆਪਣੀ ਸਿੱਧੀ ਆਪਣੇ ਵਿੱਚੋਂ ਹੀ ਲੱਭਦੀਆਂ ਹਨ। ਤੁਲਨਾ ਸਾਂਝੇ ਨੁਕਤਿਆਂ ਦਾ ਪੂਰਵ-ਅਨੁਮਾਨ ਲਾਉਂਦੀ ਹੈ ਅਤੇ ਇਹ ਨੁਕਤੇ ਕਾਨੂੰਨੀ ਮਾਹਿਰ, ਇਹਨਾਂ ਸਾਰੀਆਂ ਕਾਨੂੰਨੀ ਪ੍ਰਣਾਲੀਆਂ ਦੀਆਂ ਲਗਭਗ ਸਾਂਝੀਆਂ ਗੱਲਾਂ ਦਾ ਸੰਗ੍ਰਹਿ ਤਿਆਰ ਕਰਕੇ ਲੱਭਦੇ ਹਨ ਜਿਨ੍ਹਾਂ ਨੂੰ ਉਹ

"ਕੁਦਰਤੀ ਹੱਕ" ਆਖਦੇ ਹਨ। ਕੁਦਰਤੀ ਹੱਕ ਕੀ ਹੈ ਤੇ ਕੀ ਨਹੀਂ ਹੈ, ਇਸ ਦਾ ਮਾਪ ਕਰਨ ਲਈ ਵਰਤਿਆ ਗਜ਼, ਖੁਦ ਹੱਕ ਦਾ ਸਭ ਤੋਂ ਵੱਧ ਅਮੂਰਤ ਪ੍ਰਗਟਾਅ, ਭਾਵ ਇਨਸਾਫ ਹੈ। ਇਸ ਲਈ, ਇਸ ਤੋਂ ਅੱਗੇ ਕਾਨੂੰਨੀ ਮਾਹਿਰਾਂ ਲਈ ਅਤੇ ਉਹਨਾਂ ਲੋਕਾਂ ਲਈ ਜੋ ਉਹਨਾਂ ਦੇ ਆਖੇ ਸ਼ਬਦਾਂ ਨੂੰ ਹੀ ਸਭ ਕੁੱਝ ਸਮਝਦੇ ਹਨ, ਹੱਕ ਦਾ ਵਿਕਾਸ ਕਾਨੂੰਨੀ ਸ਼ਬਦਾਂ ਵਿੱਚ ਪ੍ਰਗਟਾਈਆਂ ਗਈਆਂ ਮਨੁੱਖੀ ਹਾਲਤਾਂ ਨੂੰ ਇਨਸਾਫ਼ ਦੇ, ਸਦੀਵੀ ਇਨਸਾਫ਼ ਦੇ ਸਦਾ ਹੋਰ ਨੇੜੇ ਲਿਆਉਣ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਅਤੇ ਇਹ ਇਨਸਾਫ਼ ਹਮੇਸ਼ਾ ਹੀ ਵਿਚਾਰਧਾਰਾ ਤੋਂ ਪ੍ਰਭਾਵਿਤ ਮੌਜੂਦ ਅਰਥਕ ਸਬੰਧਾਂ ਦਾ ਵਧਾ ਚੜ੍ਹਾ ਕੇ ਪੇਸ਼ ਕੀਤਾ ਪ੍ਰਗਟਾਅ ਹੀ ਹੁੰਦਾ ਹੈ, ਜੋ ਕਦੀ ਉਹਨਾਂ ਸਬੰਧਾਂ ਦੇ ਰੂੜੀਵਾਦੀ ਤੇ ਕਦੀ ਉਹਨਾਂ ਦੇ ਇਨਕਲਾਬੀ ਪੱਖ ਤੋਂ ਪ੍ਰਗਟ ਕੀਤਾ ਗਿਆ ਹੁੰਦਾ ਹੈ। ਯੂਨਾਨੀਆਂ ਤੇ ਰੋਮਨ ਲੋਕਾਂ ਦਾ ਇਨਸਾਫ਼ ਗੁਲਮੀ ਨੂੰ ਹੱਕੀ ਗੱਲ ਮੰਨਦਾ ਸੀ; 1789 ਦੀ ਬੁਰਜੂਆਜ਼ੀ ਦੇ ਇਨਸਾਫ ਨੇ ਇਸ ਅਧਾਰ ਉੱਤੇ ਜਾਗੀਰਦਾਰੀ ਦੇ ਖਾਤਮੇ ਦੀ ਮੰਗ ਕੀਤੀ ਸੀ ਕਿ ਉਹ ਅਨਿਆਈਂ ਸੀ। ਪ੍ਰਸ਼ੀਅਨ ਜੰਕਰ ਲਈ ਤਾਂ ਨਿਗੂਣਾ ਜਿਹਾ ਡਿਸਟਰਿਕਟ ਆਰਡੀਨੈਂਸ ਵੀ ਸਦੀਵੀ ਇਨਸਾਫ਼ ਦੀ ਉਲੰਘਣਾ ਹੈ। ਇਸ ਲਈ ਸਦੀਵੀ ਇਨਸਾਫ਼ ਦਾ ਸੰਕਲਪ ਕੇਵਲ ਸਮੇਂ ਤੇ ਸਥਾਨ ਨਾਲ਼ ਹੀ ਨਹੀਂ ਸਗੋਂ ਸਬੰਧਤ ਵਿਅਕਤੀਆਂ ਨਾਲ਼ ਵੀ ਬਦਲਦਾ ਰਹਿੰਦਾ ਹੈ ਅਤੇ ਉਹਨਾਂ ਚੀਜ਼ਾਂ ਵਿੱਚ ਸ਼ਾਮਲ ਹੈ ਜਿਨ੍ਹਾਂ ਬਾਰੇ ਮੂਲਬਰਗਰ ਦਰੁੱਸਤ ਢੰਗ ਨਾਲ਼ ਆਖਦਾ ਹੈ, ਹਰ ਕੋਈ ਕੁੱਝ ਵੱਖਰੇ ਹੀ ਢੰਗ ਨਾਲ਼ ਸਮਝਦਾ ਹੈ।" ਜਦੋਂ ਕਿ ਨਿਤਦਿਹਾੜੀ ਦੇ ਜੀਵਨ ਵਿੱਚ ਵਿਚਾਰੇ ਗਏ ਸਬੰਧਾਂ ਦੀ ਸਾਦਗੀ ਦੀ ਦ੍ਰਿਸ਼ਟੀ ਤੋਂ, ਠੀਕ, ਗਲਤ ਇਨਸਾਫ਼ ਤੇ ਹੱਕ ਦੀ ਭਾਵਨਾ ਵਰਗੇ ਸ਼ਬਦ ਸਮਾਜਕ ਮਾਮਲਿਆਂ ਦੇ ਸਬੰਧ ਵਿੱਚ ਵੀ ਬਿਨਾਂ ਕਿਸੇ ਗਲਤ ਫਹਿਮੀ ਤੋਂ ਹੀ ਪ੍ਰਵਾਨ ਕਰ ਲਏ ਜਾਂਦੇ ਹਨ, ਉਹ ਜਿਵੇਂ ਅਸੀਂ ਵੇਖਿਆ ਹੈ, ਆਰਥਕ ਸਬੰਧਾਂ ਵਿੱਚ ਕਿਸੇ ਵੀ ਵਿਗਿਆਨਕ ਪੜਤਾਲ਼ ਵਿੱਚ ਉਸੇ ਤਰ੍ਹਾਂ ਘਚੌਲਾ ਪੈਦਾ ਕਰਦੇ ਹਨ ਜਿਵੇਂ ਮਿਸਾਲ ਵਜੋਂ ਆਧੁਨਿਕ ਰਸਾਇਣ ਵਿਗਿਆਨ ਵਿੱਚ ਪੈਦਾ ਹੋ ਜਾਵੇ ਜੇਕਰ ਫਲੋਜਿਸਟਨ ਸਿਧਾਂਤ ਦੀ ਸ਼ਬਦਾਵਲੀ ਕਾਇਮ ਰੱਖੀ ਜਾਵੇ। ਇਹ ਘਚੌਲਾ ਹੋਰ ਵੀ ਵਧੇਰੇ ਹੋ ਜਾਵੇ ਜੇਕਰ ਕੋਈ ਪਰੂਧੋਂ ਵਾਂਗ ਇਸ ਸਮਾਜਕ ਫਲੋਜਿਸਟਨ, "ਇਨਸਾਫ਼" ਵਿੱਚ ਵਿਸ਼ਵਾਸ ਰੱਖਦਾ ਹੋਵੇ ਜਾਂ ਜੇਕਰ ਕੋਈ ਮੂਲਬਰਗਰ ਵਾਂਗ ਇਹ ਆਖੇ ਕਿ ਫਲੋਜਿਸਟਨ ਸਿਧਾਂਤ ਵੀ ਆਕਸੀਜਨ ਸਿਧਾਂਤ ਵਾਂਗ ਹੀ ਦਰੁੱਸਤ ਹੈ (ਆਕਸੀਜਨ ਦੀ ਲੱਭਤ ਤੋਂ ਪਹਿਲਾਂ ਰਸਾਇਣ ਵਿਗਿਆਨੀ ਵਾ-ਮੰਡਲੀ ਹਵਾ ਕਿਸੇ ਚੀਜ਼ ਦੇ ਮੱਚਣ ਨੂੰ ਇੱਕ ਖਾਸ ਅੱਗ ਲਾਉਣ ਵਾਲ਼ੀ ਚੀਜ਼ ਫਲੋਜਿਸਟਨ ਦੀ ਹੋਂਦ ਫ਼ਰਜ਼ ਕਰਕੇ ਸਪੱਸ਼ਟੀਕਰਣ ਕਰਦੇ ਸਨ ਜਿਹੜੀ ਬਲਣ ਦੇ ਅਮਲ ਦੌਰਾਨ ਵਿੱਚੋਂ ਨਿਕਲਦੀ ਹੈ : ਉਹਨਾਂ ਨੇ ਕਿਉਂਕਿ ਇਹ ਲੱਭ ਲਿਆ ਸੀ ਕਿ ਸਾਰੀਆਂ ਚੀਜ਼ਾਂ ਦਾ ਮਚ ਜਾਣ ਉੱਤੇ ਭਾਰ ਉਸ ਨਾਲ਼ੋਂ ਵਧੇਰੇ ਹੋ ਜਾਂਦਾ ਸੀ ਜਿੰਨਾ ਮਚਣ ਤੋਂ ਪਹਿਲਾਂ ਹੁੰਦਾ ਹੈ, ਤਾਂ ਉਹਨਾਂ ਨੇ ਇਹ ਐਲਾਨ ਕਰ ਦਿੱਤਾ ਕਿ ਫ਼ਲੋਜਿਸਟਨ ਵਾਲ਼ੀ ਚੀਜ਼ ਨਾਲ਼ੋਂ ਵਧੇਰੇ ਭਾਰੀ ਹੁੰਦੀ ਹੈ। ਇਸ ਢੰਗ ਨਾਲ਼ ਆਕਸੀਜਨ ਦੀਆਂ ਸਾਰੀਆਂ ਮੁੱਖ ਖਾਸੀਅਤਾਂ ਸਹਿਜੇ ਸਹਿਜੇ ਫਲੋਜਿਸਟਨ ਨਾਲ਼ ਜੋੜ ਦਿੱਤੀਆਂ ਗਈਆਂ, ਪਰ ਸਾਰੀਆਂ ਹੀ ਉਲਟੇ ਰੂਪ ਵਿੱਚ। ਇਸ ਲੱਭਤ ਨੇ ਕਿ ਬਲਣ ਦਾ

ਅਮਲ ਬਲ ਰਹੀ ਚੀਜ਼ ਦੇ ਕਿਸੇ ਹੋਰ ਚੀਜ਼ ਆਕਸੀਜਨ ਨਾਲ਼ ਮੇਲ ਵਿੱਚ ਸ਼ਾਮਲ ਹੈ ਅਤੇ ਇਸ ਆਕਸੀਜਨ ਦੀ ਲੱਭਤ ਨੇ ਮੌਲਿਕ ਅਨੁਮਾਨ ਨੂੰ ਖਤਮ ਕਰ ਦਿੱਤਾ, ਪਰ ਇਹ ਕੇਵਲ ਪੁਰਾਣੇ ਰਸਾਇਣ ਵਿਗਿਆਨੀਆਂ ਦੀ ਲੰਮੀ ਮੁਜ਼ਾਹਮਤ ਤੋਂ ਮਗਰੋਂ ਹੀ ਹੋਇਆ — ਏਂਗਲਜ਼ ਦਾ ਨੋਟ)।

## III

ਮੂਲਬਰਗਰ ਅੱਗੇ ਸ਼ਿਕਾਇਤ ਕਰਦਾ ਹੈ ਕਿ ਮੈਂ ਉਹਦੀ ਜ਼ੋਰ ਨਾਲ਼ ਆਖੀ ਇਸ ਗੱਲ ਨੂੰ, "ਕਿ ਸਾਡੀ ਸਨਮਾਨੀ ਸਦੀ ਦੇ ਸਮੁੱਚੇ ਸੱਭਿਆਚਾਰ ਦੀ ਇਸ ਤੱਥ ਨਾਲ਼ੋਂ ਵਧੇਰੇ ਭਿਆਨਕ ਹਾਸੋਹੀਣੀ ਗੱਲ ਹੋਰ ਕੋਈ ਨਹੀਂ ਕਿ ਵੱਡੇ ਸ਼ਹਿਰਾਂ ਵਿੱਚ 90 ਫੀਸਦੀ ਜਾਂ ਇਸ ਨਾਲ਼ੋਂ ਵੀ ਵਧੇਰੇ ਆਬਾਦੀ ਕੋਲ਼ ਅਜਿਹੀ ਕੋਈ ਥਾਂ ਨਹੀਂ ਜਿਸ ਨੂੰ ਉਹ ਆਪਣਾ ਆਖ ਸਕਣ", ਇੱਕ ਪਿਛਾਖੜੀ ਕੀਰਨਾ ਆਖਿਆ ਹੈ।

ਯਕੀਨੀ ਤੌਰ 'ਤੇ ਗੱਲ ਇਉਂ ਹੀ ਹੈ। ਜੇਕਰ ਮੂਲਬਰਗਰ ਨੇ ਆਪਣੇ ਆਪ ਨੂੰ ਕੇਵਲ "ਅਜੋਕੇ ਸਮੇਂ ਦੀ ਭਿਆਨਕਤਾ" ਦਾ ਵਰਨਣ ਕਰਨ ਤੱਕ ਹੀ ਸੀਮਤ ਰੱਖਿਆ ਹੁੰਦਾ, ਜਿਵੇਂ ਕਿ ਉਹ ਖੇਖਣ ਕਰਦਾ ਹੈ, ਤਾਂ ਮੈਂ ਯਕੀਨੀ ਤੌਰ 'ਤੇ "ਉਹਦੇ ਤੇ ਉਹਦੇ ਸਾਦਮੁਰਾਦੇ ਸ਼ਬਦਾਂ" ਬਾਰੇ ਇੱਕ ਵੀ ਮਾੜਾ ਸ਼ਬਦ ਨਾ ਆਖਿਆ ਹੁੰਦਾ। ਪਰ ਅਸਲ ਵਿੱਚ ਉਹ ਇਸ ਨਾਲ਼ੋਂ ਬਿਲਕੁੱਲ ਹੀ ਵੱਖਰੀ ਗੱਲ ਕਰਦਾ ਹੈ। ਉਹ ਇਹਨਾਂ "ਭਿਆਨਕ ਗੱਲਾਂ" ਦਾ ਵਰਨਣ ਇਸ ਤੱਥ ਦਾ ਨਤੀਜਾ ਹੋਣ ਵਜੋਂ ਕਰਦਾ ਹੈ ਕਿ ਮਜ਼ਦੂਰਾਂ ਕੋਲ਼ "ਅਜਿਹੀ ਕੋਈ ਥਾਂ ਨਹੀਂ ਜਿਸ ਨੂੰ ਉਹ ਆਪਣੀ ਆਖ ਸਕਣ।" ਭਾਵੇਂ ਕੋਈ ਇਸ ਕਾਰਨ ਲਈ ਕਿ ਮਜ਼ਦੂਰਾਂ ਲਈ ਘਰਾਂ ਦੀ ਮਾਲਕੀ ਖਤਮ ਕਰ ਦਿੱਤੀ ਗਈ ਹੈ ਜਾਂ ਜਿਵੇਂ ਜੰਕਰ ਕਰ ਰਹੇ ਹਨ, ਇਸ ਕਾਰਨ ਕਰਕੇ ਕਿ ਜਾਗੀਰਦਾਰੀ ਤੇ ਗਿਲਡ ਖਤਮ ਕਰ ਦਿੱਤੇ ਗਏ ਹਨ, "ਅਜੋਕੇ ਸਮੇਂ ਦੀ ਭਿਆਨਕਤਾ" ਦਾ ਰੋਣਾ ਰੋਂਦਾ ਹੈ, ਦੋਵਾਂ ਹਾਲਤਾਂ ਵਿੱਚ ਇਸ ਦਾ ਨਤੀਜਾ ਕੇਵਲ ਪਿਛਾਖੜੀ ਕੀਰਨੇ ਦੇ ਰੂਪ ਵਿੱਚ, ਅਟੱਲ ਚੀਜ਼ਾਂ ਦੇ, ਇਤਿਹਾਸਕ ਤੌਰ 'ਤੇ ਜ਼ਰੂਰੀ ਚੀਜ਼ ਦੇ ਆਉਣ ਉੱਤੇ ਸੋਗੀ ਗੀਤ ਦੇ ਰੂਪ ਵਿੱਚ ਹੀ ਨਿਕਲ ਸਕਦਾ ਹੈ। ਇਹਦਾ ਪਿਛਾਖੜੀ ਲੱਛਣ ਐਨ ਇਸੇ ਤੱਥ ਵਿੱਚ ਹੈ ਕਿ ਮੂਲਬਰਗਰ ਮਜ਼ਦੂਰਾਂ ਲਈ ਵਿਅਕਤੀਗਤ ਘਰ-ਮਾਲਕੀ ਮੁੜ ਸਥਾਪਤ ਕਰਨਾ ਚਾਹੁੰਦਾ ਹੈ — ਅਜਿਹਾ ਮਾਮਲਾ ਜਿਸ ਦਾ ਇਤਿਹਾਸ ਨੇ ਚਿਰੋਕਣਾ ਭੋਗ ਪਾ ਦਿੱਤਾ ਹੈ; ਕਿ ਉਹ ਮਜ਼ਦੂਰਾਂ ਦੀ ਬੰਦ-ਖਲਾਸੀ ਹਰ ਇੱਕ ਨੂੰ ਇੱਕ ਵਾਰ ਫੇਰ ਆਪਣੇ ਹੀ ਘਰ ਦਾ ਮਾਲਕ ਬਣਾਉਣ ਤੋਂ ਇਲਾਵਾ ਕਿਸੇ ਹੋਰ ਢੰਗ ਨਾਲ਼ ਨਹੀਂ ਚਿਤਵ ਸਕਦਾ।

ਅਤੇ ਅੱਗੇ ਹੋਰ ਸੁਣੋ :

"ਮੈਂ ਪੂਰੇ ਜ਼ੋਰ ਨਾਲ਼ ਇਹ ਐਲਾਨ ਕਰਦਾ ਹਾਂ ਕਿ ਪੈਦਾਵਾਰ ਦੇ ਪੂੰਜੀਵਾਦੀ ਢੰਗ ਵਿਰੁੱਧ ਅਸਲੀ ਸੰਗਰਾਮ ਲੜਨਾ ਪਵੇਗਾ; ਕੇਵਲ ਇਹਦੀ ਤਬਦੀਲੀ ਨਾਲ਼ ਹੀ ਘਰਾਂ ਦੀ ਹਾਲਤ ਵਿੱਚ ਸੁਧਾਰ ਦੀ ਆਸ ਕੀਤੀ ਜਾ ਸਕਦੀ ਹੈ। ਏਂਗਲਜ਼ ਨੂੰ ਇਹ ਸਾਰਾ ਕੁੱਝ ਉਕਾ

ਹੀ ਦਿਖਾਈ ਨਹੀਂ ਦੇ ਰਿਹਾ.... ਮੈਂ ਸਮਾਜਕ ਸਵਾਲ ਦੇ ਮੁਕੰਮਲ ਨਿਬੇੜੇ ਦਾ ਪੂਰਵ-ਅਨੁਮਾਨ ਲਾਉਂਦਾ ਹਾਂ ਤਾਂ ਜੋ ਕਿਰਾਏ ਵਾਲ਼ੀ ਰਿਹਾਇਸ਼ ਦੇ ਖਾਤਮੇ ਵੱਲ ਅੱਗੇ ਵੱਧਣ ਦੇ ਸਮਰੱਥ ਹੋਇਆ ਜਾਵੇ।"

ਮੰਦੇ ਭਾਗਾਂ ਨੂੰ, ਮੈਨੂੰ ਹੁਣ ਵੀ ਇਸ ਸਾਰੇ ਕੁੱਝ ਵਿੱਚ ਚੀਜ਼ ਨਜ਼ਰ ਨਹੀਂ ਆ ਰਹੀ। ਮੇਰੇ ਲਈ ਇਹ ਜਾਣਨਾ ਯਕੀਨੀ ਤੌਰ 'ਤੇ ਅਸੰਭਵ ਹੈ ਕਿ ਕੋਈ ਵਿਅਕਤੀ ਜੀਹਦਾ ਮੈਂ ਕਦੀ ਨਾਂ ਵੀ ਨਹੀਂ ਸੁਣਿਆਂ, ਆਪਣੇ ਦਿਮਾਘ ਦੇ ਗੁਪਤ ਖੂੰਜਿਆਂ ਵਿੱਚ ਕੀ ਪੂਰਵ-ਅਨੁਮਾਨ ਲਾ ਰਿਹਾ ਹੈ। ਜੋ ਕੁੱਝ ਮੈਂ ਵੱਧ ਤੋਂ ਵੱਧ ਕਰ ਸਕਦਾ ਸੀ ਉਹ ਇਹ ਸੀ ਕਿ ਮੈਂ ਮੂਲਬਰਗਰ ਦੇ ਛਾਪੇ ਗਏ ਲੇਖਾਂ ਤੱਕ ਹੀ ਰਹਾਂ ਅਤੇ ਉਹਨਾਂ ਵਿੱਚ ਮੈਨੂੰ ਅੱਜ ਵੀ (ਮੁੜ ਛਾਪ ਦੇ ਪੰਨੇ 15 ਤੇ 16) ਇਹ ਲੱਭਦਾ ਹੈ ਕਿ ਉਹ ਕਿਰਾਏ ਦੇ ਰਿਹਾਇਸ਼ੀ ਘਰਾਂ ਤੋਂ ਇਲਾਵਾਂ ਕਿਸੇ ਵੀ ਹੋਰ ਚੀਜ਼ ਦਾ ਪੂਰਵ-ਅਨੁਮਾਨ ਨਹੀਂ ਲਾਉਂਦਾ। ਕੇਵਲ ਪੰਨਾ-17 ਉੱਤੇ ਹੀ ਉਹ "ਪੂੰਜੀ ਦੀ ਉਪਜਾਇਕਤਾ ਨੂੰ ਸਿੰਙਾਂ ਤੋਂ" ਫੜਦਾ ਹੈ ਜਿਸ ਵੱਲ ਅਸੀਂ ਮਗਰੋਂ ਪਰਤਾਂਗੇ। ਆਪਣੇ ਜਵਾਬ ਹੀ ਉਹ ਇਹਦੀ ਪੁਸ਼ਟੀ ਕਰਦਾ ਹੈ ਜਦੋਂ ਉਹ ਇਹ ਆਖਦਾ ਹੈ :

"ਇਹ ਤਾਂ ਇਹ ਦਰਸਾਉਣ ਦਾ ਸਵਾਲ ਸੀ ਕਿ ਮੌਜੂਦ ਹਾਲਤਾਂ ਤੋਂ ਘਰਾਂ ਦੇ ਸਵਾਲ ਦੀ ਮੁਕੰਮਲ ਤਬਦੀਲੀ ਕਿਵੇਂ ਪ੍ਰਾਪਤ ਕੀਤੀ ਜਾ ਸਕਦੀ ਹੈ।"

'ਮੌਦੂਦ ਹਾਲਤਾਂ ਤੋਂ' ਅਤੇ 'ਪੈਦਾਵਾਰ ਦੇ ਪੂੰਜੀਵਾਦੀ ਢੰਗ ਦੀ ਤਬਦੀਲੀ (ਇਹਨੂੰ ਖਾਤਮਾ ਪੜ੍ਹੋ) ਤੋਂ' ਯਕੀਨੀ ਤੌਰ 'ਤੇ ਬਿਲਕੁੱਲ ਹੀ ਆਪਾ ਵਿਰੋਧੀ ਚੀਜ਼ਾਂ ਹਨ।

ਇਸ ਵਿੱਚ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਮੂਲਬਰਗਰ ਸ਼ਿਕਾਇਤ ਕਰਦਾ ਹੈ ਜਦੋਂ ਮੈਂ ਸਾਡੇ ਸ਼੍ਰੀ ਡੋਲਫਸ ਤੇ ਦੂਜੇ ਕਾਰਖਾਨੇਦਾਰਾਂ ਵੱਲੋਂ ਉਹਨਾਂ ਦੇ ਆਪਣੇ ਘਰ ਹਾਸਲ ਕਰਨ ਲਈ ਮਜ਼ਦੂਰਾਂ ਦੀ ਮਦਦ ਕਰਨ ਦੇ ਪਰਉਪਕਾਰੀ ਯਤਨਾਂ ਨੂੰ ਸਾਡੇ ਪਰੂਧੋਂਵਾਦੀ ਪ੍ਰੋਜੈਕਟਾਂ ਦੀ ਇੱਕੋ ਇੱਕ ਸੰਭਵ ਅਮਲੀ ਪੂਰਤੀ ਵਜੋਂ ਸਮਝਦਾ ਹਾਂ। ਜੇ ਉਹ ਇਹ ਗੱਲ ਸਮਝ ਜਾਵੇ ਕਿ ਸਮਾਜ ਦੇ ਕਲਿਆਣ ਲਈ ਪਰੂਧੋਂ ਦੀ ਵਿਉਂਤ ਇੱਕ ਕਲਪਨਾ ਹੈ ਜੋ ਪੂਰੀ ਤਰ੍ਹਾਂ ਬੁਰਜੂਆ ਸਮਾਜ ਦੀ ਬੁਨਿਆਦ ਉੱਤੇ ਅਧਾਰਤ ਹੈ ਤਾਂ ਉਹ ਕੁਦਰਤੀ ਹੀ ਇਸ ਵਿੱਚ ਵਿਸ਼ਵਾਸ ਨਾ ਕਰੇ। ਮੈਂ ਕਦੀ ਵੀ ਉਹਦੇ ਨੇਕ ਇਰਾਦਿਆਂ ਉੱਤੇ ਕਿੰਤੂ ਨਹੀਂ ਕੀਤਾ। ਪਰ ਉਹ ਵੀਆਨਾ ਸਿਟੀ ਕੌਂਸਲ ਨੂੰ ਇਹ ਸੁਝਾਅ ਦੇਣ ਸਬੰਧੀ ਕਿ ਉਹਨੂੰ ਡੋਲਫਸ ਦੇ ਪ੍ਰੋਜੈਕਟਾਂ ਦੀ ਨਕਲ ਕਰਨੀ ਚਾਹੀਦੀ ਹੈ, ਡਾ. ਰੇਸ਼ਾਓਰ ਦੀ ਪ੍ਰਸ਼ੰਸਾ ਕਿਉਂ ਕਰਦਾ ਹੈ ?

ਮੂਲਬਰਗਰ ਅੱਗੇ ਐਲਾਨ ਕਰਦਾ ਹੈ :

"ਜਿੱਥੋਂ ਤੱਕ ਸ਼ਹਿਰ ਤੇ ਪਿੰਡ ਵਿਚਕਾਰ ਖਾਸ ਤੌਰ 'ਤੇ ਵਖਰੇਵੇਂ ਦੇ ਸਵਾਲ ਦਾ ਸਬੰਧ ਹੈ, ਇਹ ਨੂੰ ਖਤਮ ਕਰਨਾ ਯੂਟੋਪੀਆਈ ਹੈ। ਇਹ ਵਖਰੇਵਾਂ ਕੁਦਰਤੀ ਹੈ ਜਾਂ ਵਧੇਰੇ ਦਰੁੱਸਤ ਆਖਿਆ, ਅਜਿਹਾ ਵਖਰੇਵਾਂ ਹੈ ਜੋ ਇਤਿਹਾਸਕ ਤੌਰ 'ਤੇ ਪੈਦਾ ਹੋਇਆ ਹੈ...। ਸਵਾਲ ਵਖਰੇਵੇਂ ਨੂੰ ਦੂਰ ਕਰਨ ਦਾ ਨਹੀਂ ਸਗੋਂ ਅਜਿਹੇ ਰਾਜਨੀਤਕ ਅਤੇ ਸਮਾਜਕ ਰੂਪ ਲੱਭਣ ਦਾ ਹੈ ਜਿਨ੍ਹਾਂ ਵਿੱਚ ਇਹ ਇੱਕਸੁਰ ਹੋ ਜਾਵੇ, ਅਸਲ ਵਿੱਚ ਫਲਦਾਇਕ ਵੀ ਹੋ ਜਾਵੇ। ਇਸ ਢੰਗ ਨਾਲ਼ ਇੱਕਸਾਰ ਹੋਣ ਦੀ, ਹਿੱਤਾਂ ਦੇ ਸਹਿਜੇ ਸਹਿਜੇ ਤੋਲ ਦੀ ਆਸ ਕਰਨਾ ਸੰਭਵ

ਹੋ ਜਾਵੇਗਾ।"

ਇਸ ਤਰ੍ਹਾਂ ਸ਼ਹਿਰ ਤੇ ਪਿੰਡ ਵਿਚਕਾਰ ਵਖਰੇਵੇਂ ਦਾ ਖ਼ਾਤਮਾ ਯੂਟੋਪੀਆਈ ਹੈ ਕਿਉਂਕਿ ਇਹ ਵਖਰੇਵਾਂ ਕੁਦਰਤੀ ਹੈ ਅਤੇ ਵਧੇਰੇ ਦਰੁੱਸਤ ਰੂਪ ਵਿੱਚ ਆਖਿਆ, ਇਤਿਹਾਸਕ ਤੌਰ 'ਤੇ ਪੈਦਾ ਹੋਇਆ ਹੈ। ਆਓ! ਅਸੀਂ ਇਸੇ ਤਰਕ ਨੂੰ ਆਧੁਨਿਕ ਸਮਾਜ ਦੇ ਦੂਜੇ ਫ਼ਰਕਾਂ ਉੱਤੇ ਲਾਗੂ ਕਰੀਏ ਤੇ ਵੇਖੀਏ ਅਸੀਂ ਕਿੱਥੇ ਪੁੱਜ ਜਾਂਦੇ ਹਾਂ। ਮਿਸਾਲ ਵਜੋਂ :

"ਜਿੱਥੇ ਤੱਕ, ਖ਼ਾਸ ਕਰਕੇ, 'ਸਰਮਾਏਦਾਰਾਂ ਤੇ ਉਜਰਤੀ ਮਜ਼ਦੂਰਾਂ' ਵਿਚਕਾਰ ਵਖਰੇਵੇਂ ਦਾ ਸਬੰਧ ਹੈ, ਇਹਨੂੰ ਖ਼ਤਮ ਕਰਨ ਦੀ ਖ਼ਾਹਿਸ਼ ਕਰਨਾ ਯੂਟੋਪੀਆਈ ਹੈ। ਇਹ ਵਖਰੇਵੇਂ ਕੁਦਰਤੀ ਹੈ ਅਤੇ ਵਧੇਰੇ ਦਰੁੱਸਤ ਰੂਪ ਵਿੱਚ ਆਖਿਆ, ਇਤਿਹਾਸਕ ਤੌਰ 'ਤੇ ਪੈਦਾ ਹੋਇਆ ਹੈ। ਸਵਾਲ ਇਸ ਵਖਰੇਵੇਂ ਨੂੰ ਖ਼ਤਮ ਕਰਨ ਦਾ ਨਹੀਂ ਸਗੋਂ ਅਜਿਹੇ ਰਾਜਨੀਤਕ ਤੇ ਸਮਾਜਕ ਰੂਪ ਲੱਭਣ ਦਾ ਹੈ ਜਿਨ੍ਹਾਂ ਵਿੱਚ ਇਹ ਹਾਨੀ-ਰਹਿਤ ਹੋ ਜਾਵੇ, ਅਸਲ ਵਿੱਚ ਫਲਦਾਇਕ ਵੀ ਹੋ ਜਾਵੇ। ਇਸ ਢੰਗ ਨਾਲ਼ ਸ਼ਾਂਤਮਈ ਇੱਕਸਾਰਤਾ ਦੀ, ਹਿੱਤਾਂ ਦੇ ਸਹਿਜ ਸਹਿਜੇ ਸਮਤੋਲ ਦੀ ਆਸ ਕਰਨਾ ਸੰਭਵ ਹੋਵੇਗਾ।"

ਅਸੀਂ ਇਸ ਨਾਲ਼ ਅਸੀਂ ਇੱਕ ਵਾਰ ਫੇਰ ਸ਼ੁਲਜ਼ੇ-ਡੀਲਿਟਜ਼ੇ ਉੱਤੇ ਪੁੱਜ ਗਏ ਹਾਂ।

ਸ਼ਹਿਰ ਅਤੇ ਪਿੰਡ ਵਿਚਕਾਰ ਵਖਰੇਵੇਂ ਦਾ ਖ਼ਾਤਮਾ ਸਰਮਾਏਦਾਰਾਂ ਤੇ ਉਜਰਤੀ ਮਜ਼ਦੂਰਾਂ ਵਿਚਕਾਰ ਵਖਰੇਵੇਂ ਦੇ ਖ਼ਾਤਮੇ ਨਾਲ਼ੋਂ ਨਾ ਵਧੇਰੇ ਅਤੇ ਨਾ ਘੱਟ ਯੂਟੋਪੀਆਈ ਹੈ। ਦਿਨੋ ਦਿਨ ਇਹ ਸਨਅਤੀ ਤੇ ਜ਼ਰਾਇਤੀ ਪੈਦਾਵਾਰ ਦੋਵਾਂ ਦੀ ਵਧੇਰੇ ਹੀ ਵਧੇਰੇ ਅਮਲੀ ਮੰਗ ਬਣਦੀ ਜਾ ਰਹੀ ਹੈ। ਜ਼ਰਾਇਤ ਦੇ ਰਸਾਇਣ-ਵਿਗਿਆਨ ਬਾਰੇ ਆਪਣੀਆਂ ਲਿਖਤਾਂ ਵਿੱਚ ਲੀਬਿਗ ਨੇ ਜਿੰਨੀ ਇਹਦੀ ਜ਼ੋਰਦਾਰ ਮੰਗ ਕੀਤੀ ਹੈ, ਉਨੀ ਕਿਸੇ ਹੋਰ ਨੇ ਨਹੀਂ ਕੀਤੀ, ਜਿਸ ਵਿੱਚ ਉਹਦੀ ਪਹਿਲੀ ਮੰਗ ਹਮੇਸ਼ਾ ਇਹੋ ਰਹੀ ਹੈ ਕਿ ਮਨੁੱਖ ਧਰਤੀ ਨੂੰ ਉਹ ਕੁੱਝ ਵਾਪਸ ਦੇਵੇ ਜੋ ਉਹ ਉਸ ਤੋਂ ਹਾਸਲ ਕਰਦਾ ਹੈ ਅਤੇ ਜਿਸ ਵਿੱਚ ਉਹ ਸਿੱਧ ਕਰਦਾ ਹੈ ਕਿ ਕੇਵਲ ਸ਼ਹਿਰਾਂ ਦੀ, ਖ਼ਾਸ ਕਰਕੇ ਵੱਡੇ ਸ਼ਹਿਰਾਂ ਦੀ ਹੋਂਦ ਇਸ ਵਿੱਚ ਅੜਿਕਾ ਲਾਉਂਦੀ ਹੈ। ਜਦੋਂ ਕੋਈ ਵੀ ਆਦਮੀ ਇਹ ਵੇਖਦਾ ਹੈ ਕਿ ਇਕੱਲੇ ਲੰਡਨ ਸ਼ਹਿਰ ਵਿੱਚ ਖਾਦ ਦੀ ਸੈਕਸਨੀ ਦੀ ਸਮੁੱਚੀ ਸਲਤਨਤ ਵਿਚਲੀ ਪੈਦਾਵਾਰ ਨਾਲ਼ੋਂ ਵਧੇਰੇ ਮਿਕਦਾਰ ਨੂੰ ਹਰ ਰੋਜ਼ ਹੀ ਭਾਰੀਆਂ ਰਕਮਾਂ ਖ਼ਰਚ ਕਰਕੇ ਸਮੁੰਦਰ ਵਿੱਚ ਕਿਵੇਂ ਸੁੱਟਿਆ ਜਾਂਦਾ ਹੈ ਅਤੇ ਇਸ ਖਾਦ ਨਾਲ਼ ਸਮੁੱਚੇ ਲੰਡਨ ਨੂੰ ਇਹਦੇ ਜ਼ਹਿਰੀ ਅਸਰ ਤੋਂ ਬਚਾਉਣ ਲਈ ਕਿੰਨੀਆਂ ਵੱਡੀਆਂ ਸਥਾਪਨਾਵਾਂ ਜ਼ਰੂਰੀ ਹਨ, ਤਾਂ ਸ਼ਹਿਰ ਤੇ ਪਿੰਡ ਵਿਚਕਾਰ ਵਖਰੇਵੇਂ ਨੂੰ ਖ਼ਤਮ ਕਰਨ ਦੇ ਯੂਟੋਪੀਆ ਨੂੰ ਸ਼ਾਨਦਾਰ ਅਮਲੀ ਅਧਾਰ ਮਿਲ ਜਾਂਦਾ ਹੈ ਅਤੇ ਇੱਥੋਂ ਤੱਕ ਕਿ ਮੁਕਾਬਲਤਨ ਘੱਟ ਅਹਿਮੀਅਤ ਵਾਲ਼ੇ ਬਰਲਿਨ ਦਾ ਵੀ ਘੱਟੋ ਘੱਟ ਬੀਤੇ 30 ਸਾਲਾਂ ਤੋਂ ਉਹਦੀ ਆਪਣੀ ਹੀ ਗੰਦਗੀ ਦੀ ਬਦਬੂ ਵਿੱਚ ਦਮ ਘੁਟ ਰਿਹਾ ਹੈ। ਦੂਜੇ ਪਾਸੇ, ਪਰੂਧੋਂ ਵਾਂਗ ਇਹ ਚਾਹੁੰਣਾ ਕਿ ਕਿਸਾਨੀ ਇਸੇ ਤਰ੍ਹਾਂ ਕਾਇਮ ਰੱਖ ਕੇ ਅਜੋਕੇ ਬੁਰਜੂਆ ਸਮਾਜ ਵਿੱਚ ਉਥਲ-ਪੁਥਲ ਲਿਆਂਦੀ ਜਾਵੇ, ਪੂਰੀ ਤਰ੍ਹਾਂ ਯੂਟੋਪੀਆਈ ਹੈ। ਕੇਵਲ ਸਮੁੱਚੇ ਦੇਸ਼ ਵਿੱਚ ਵਸੋਂ ਦੀ ਵੱਧ ਤੋਂ ਵੱਧ ਸੰਭਵ ਇਕਸਾਰ ਵੰਡ, ਕੇਵਲ ਸਨਅਤੀ ਤੇ ਜ਼ਰਾਇਤੀ ਪੈਦਾਵਾਰ ਵਿਚਕਾਰ ਨੇੜਵਾਂ ਸਬੰਧ ਅਤੇ

ਇਹਦੇ ਨਾਲ਼ ਹੀ ਇਸ ਤਰ੍ਹਾਂ ਜ਼ਰੂਰੀ ਬਣਾਇਆ ਗਿਆ ਸੰਚਾਰ ਸਾਧਨਾਂ ਦਾ ਪਸਾਰ — ਸ਼ਰਤ ਇਹ ਹੈ ਕਿ ਪੈਦਾਵਾਰ ਦੇ ਪੂੰਜੀਵਾਦੀ ਢੰਗ ਦਾ ਖਾਤਮਾ ਹੋ ਗਿਆ ਹੋਵੇ — ਪੇਂਡੂ ਵਸੋਂ ਨੂੰ ਉਸ ਨਿਖੇੜੇ ਤੇ ਪੀਨਕ ਤੋਂ ਛੁਟਕਾਰਾ ਦਵਾਵੇਗਾ ਜਿਸ ਵਿੱਚ ਉਹ ਲਗਭਗ ਅਬਦਲ ਢੰਗ ਨਾਲ਼ ਹਜ਼ਾਰਾਂ ਸਾਲਾਂ ਤੋਂ ਪਲ਼ਦੀ ਆ ਰਹੀ ਹੈ। ਯੂਟੋਪੀਆਈ ਹੋਣ ਦਾ ਅਰਥ ਇਹ ਵਿਚਾਰ ਰੱਖਣਾ ਨਹੀਂ ਬਣਦਾ ਕਿ ਉਹਦੇ ਬੀਤੇ ਇਤਿਹਾਸਕ ਸਮੇਂ ਵੱਲੋਂ ਤਿਆਰ ਕੀਤੀਆਂ ਗਈਆਂ ਜ਼ੰਜੀਰਾਂ ਤੋਂ ਮਨੁੱਖਜਾਤੀ ਦੀ ਬੰਦਖਲਾਸੀ ਕੇਵਲ ਉਦੋਂ ਹੀ ਮੁਕੰਮਲ ਹੋਵੇਗੀ ਜਦੋਂ ਸ਼ਹਿਰ ਤੇ ਪਿੰਡ ਵਿਚਕਾਰ ਵਖਰੇਵਾਂ ਖਤਮ ਕੀਤਾ ਜਾਵੇਗਾ; ਯੂਟੋਪੀਆ ਕੇਵਲ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਕੋਈ "ਮੌਜੂਦ ਹਾਲਤਾਂ ਤੋਂ" ਅਜਿਹਾ ਰੂਪ ਤਜਵੀਜ਼ ਕਰਨ ਦਾ ਹੌਸਲਾ ਕਰਦਾ ਹੈ, ਜਿਸ ਵਿੱਚ ਅਜੋਕੇ ਸਮਾਜ ਦਾ ਇੱਕ ਜਾਂ ਦੂਜਾ ਵਖਰੇਵਾਂ ਹੱਲ ਕੀਤਾ ਜਾਵੇਗਾ ਅਤੇ ਇਹੀ ਉਹ ਗੱਲ ਹੈ ਜੋ ਮੂਲਬਰਗਰ ਘਰਾਂ ਦੇ ਸਵਾਲ ਦੇ ਨਿਬੜੇ ਲਈ ਪਰੂਧੋਂਵਾਦੀ ਗੁਰ ਅਪਣਾ ਕੇ ਕਰਦਾ ਹੈ।

ਫੇਰ ਮੂਲਬਰਗਰ ਇਹ ਸ਼ਿਕਾਇਤ ਕਰਦਾ ਹੈ ਕਿ ਮੈਂ ਉਹਨੂੰ ਕੁੱਝ ਹੱਦ ਤੱਕ "ਪੂੰਜੀ ਤੇ ਸੂਦ ਬਾਰੇ ਪਰੂਧੋਂ ਦੇ ਸ਼ੈਤਾਨੀ ਵਿਚਾਰਾਂ" ਲਈ ਸਹਿ-ਜ਼ਿੰਮੇਵਾਰ ਬਣਾ ਦਿੱਤਾ ਹੈ ਅਤੇ ਉਹ ਐਲਾਨ ਕਰਦਾ ਹੈ :

"ਮੈਂ ਪੈਦਾਵਾਰ ਦੇ ਸਬੰਧਾਂ ਦੀ ਤਬਦੀਲੀ ਦਾ ਇੱਕ ਮੁਕੰਮਲ ਹੋ ਚੁੱਕੇ ਤੱਥ ਵਜੋਂ ਪੂਰਵ-ਅਨੁਮਾਨ ਲਾਉਂਦਾ ਹਾਂ ਅਤੇ ਸੂਦ ਦੀ ਦਰ ਨੂੰ ਤਰਤੀਬ ਦੇਣ ਵਾਲ਼ਾ ਆਰਜ਼ੀ ਕਾਨੂੰਨ ਪੈਦਾਵਾਰ ਦੇ ਸਬੰਧਾਂ ਨਾਲ਼ ਨਹੀਂ ਸਗੋਂ ਸਮਾਜਕ ਲੈਣ-ਦੇਣ, ਗੇੜ ਦੇ ਸਬੰਧਾਂ ਨਾਲ਼ ਸਿਝਦਾ ਹੈ...।ਪੈਦਾਵਾਰ ਦੇ ਸਬੰਧਾਂ ਦੀ ਤਬਦੀਲੀ ਜਾਂ ਜਿਵੇਂ ਜਰਮਨ ਸਕੂਲ ਵਧੇਰੇ ਸ਼ੁੱਧਤਾਈ ਨਾਲ਼ ਆਖਦਾ ਹੈ, ਪੈਦਾਵਾਰ ਦੇ ਪੂੰਜੀਵਾਦੀ ਢੰਗ ਦਾ ਖਾਤਮਾ ਯਕੀਨੀ ਤੌਰ 'ਤੇ ਜਿਵੇਂ ਏਂਗਲਜ਼ ਮੈਥੋਂ ਅਖਵਾਉਣ ਦਾ ਯਤਨ ਕਰਦਾ ਹੈ, ਸੂਦ ਨੂੰ ਖਤਮ ਕਰਨ ਵਾਲ਼ੇ ਆਰਜ਼ੀ ਕਾਨੂੰਨ ਦਾ ਨਹੀਂ ਸਗੋਂ ਕਿਰਤ ਦੇ ਸਾਰੇ ਸਾਧਨਾਂ ਦੀ ਅਸਲੀ ਜ਼ਬਤੀ ਦਾ, ਕਿਰਤੀ ਲੋਕਾਂ ਵੱਲੋਂ ਸਮੁੱਚੇ ਤੌਰ 'ਤੇ ਸਨਅਤ ਦੀ ਜ਼ਬਤੀ ਦਾ ਨਤੀਜਾ ਹੈ।ਉਸ ਹਾਲਤ ਵਿੱਚ ਕੀ ਕਿਰਤੀ ਲੋਕ ਫੌਰੀ ਤੌਰ 'ਤੇ ਜ਼ਬਤ ਕਰਨ ਨਾਲ਼ੋਂ ਪਹਿਲਾਂ ਚੁਕਤੀ ਕਰ ਦੇਣਗੇ, ਇਸ ਬਾਰੇ ਫ਼ੈਸਲਾ ਨਾ ਤਾਂ ਏਂਗਲਜ਼ ਦਾ ਕੰਮ ਹੈ ਅਤੇ ਨਾ ਮੇਰਾ।"

ਮੈਂ ਹੈਰਾਨੀ ਵਿੱਚ ਆਪਣੀਆਂ ਅੱਖਾਂ ਮਲ਼ਦਾ ਹਾਂ, ਮੈਂ ਮੂਲਬਰਗਰ ਦਾ ਵਿਖਿਆਨ ਇੱਕ ਵਾਰ ਫੇਰ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਪੜ੍ਹਦਾ ਹਾਂ ਤਾਂ ਜੋ ਉਹ ਪੈਰ੍ਹਾ ਲੱਭ ਜਾਵੇ ਜਿੱਥੇ ਉਹ ਇਹ ਆਖਦਾ ਹੈ ਕਿ ਕਿਰਾਏ ਦੇ ਘਰਾਂ ਦੀ ਉਹਦੀ ਚੁਕਤੀ "ਕਿਰਤ ਦੇ ਸਾਰੇ ਸਾਧਨਾਂ ਦੀ ਅਸਲੀ ਜ਼ਬਤੀ ਦਾ, ਕਿਰਤੀ ਲੋਕਾਂ ਵੱਲੋਂ ਸਮੁੱਚੇ ਤੌਰ 'ਤੇ ਸਨਅਤ ਦੀ ਜ਼ਬਤੀ ਦਾ" ਇੱਕ ਮੁਕੰਮਲ ਹੋ ਚੁੱਕੇ ਤੱਥ ਵਜੋਂ ਪੂਰਵ-ਅਨੁਮਾਨ ਲਾਉਂਦੀ ਹੈ, ਪਰ ਮੈਨੂੰ ਅਜਿਹਾ ਕੋਈ ਪੈਰ੍ਹਾ ਨਹੀਂ ਲੱਭਦਾ। ਇਹ ਉੱਥੇ ਹੈ ਹੀ ਨਹੀਂ। ਕਿਸੇ ਵੀ ਥਾਂ ਉੱਤੇ "ਅਸਲੀ ਜ਼ਬਤੀ" ਆਦਿ ਦਾ ਜ਼ਿਕਰ ਨਹੀਂ ਸਗੋਂ ਪੰਨਾ-17 ਉੱਤੇ ਇਹ ਲਿਖਿਆ ਹੋਇਆ ਹੈ :

"ਆਓ! ਅਸੀਂ ਇਹ ਫ਼ਰਜ਼ ਕਰ ਲਈਏ ਕਿ ਪੂੰਜੀ ਦੀ ਉਪਜਾਇਕਤਾ ਅਸਲੋਂ

ਹੀ ਸਿੰਙਾਂ ਤੋਂ ਫੜ ਲਈ ਜਾਂਦੀ ਹੈ ਜਿਵੇਂ ਕਿ ਅਗੇਤੇ ਜਾਂ ਪਛੇਤੇ, ਮਿਸਾਲ ਵਜੋਂ, ਤਬਦੀਲੀ ਦਾ ਕਾਨੂੰਨ ਇਹ ਕਰੇਗਾ ਜੋ ਸਭਨਾਂ ਪੂੰਜੀਆ ਉੱਤੇ ਸੂਦ ਦੀ ਦਰ ਇੱਕ ਫੀਸਦੀ ਨਿਸ਼ਚਿਤ ਕਰਦਾ ਹੈ, ਪਰ ਧਿਆਨ ਰਹੇ ਕਿ ਇਸ ਵਿੱਚ ਰੁਝਾਨ ਇਹ ਹੁੰਦਾ ਹੈ ਕਿ ਸੂਦ ਦੀ ਇਹ ਦਰ ਵਧੇਰੇ ਹੀ ਵਧੇਰੇ ਸਿਫ਼ਰ ਨੁਕਤੇ ਵੱਲ ਜਾਂਦੀ ਰਹਿੰਦੀ ਹੈ....। ਦੂਜੀਆਂ ਸਾਰੀਆਂ ਚੀਜ਼ਾਂ ਵਾਂਗ ਘਰ ਅਤੇ ਰਿਹਾਇਸ਼ੀ ਥਾਂਵਾਂ ਵੀ ਕੁਦਰਤੀ ਤੌਰ ’ਤੇ ਇਸ ਕਾਨੂੰਨ ਦੇ ਘੇਰੇ ਵਿੱਚ ਸ਼ਾਮਲ ਹੁੰਦੀਆਂ ਹਨ...। ਇਸ ਲਈ ਅਸੀਂ ਇਸ ਦ੍ਰਿਸ਼ਟੀ ਤੋਂ ਵੇਖਦੇ ਹਾਂ ਕਿ ਕਿਰਾਏ ਦੇ ਘਰਾਂ ਦਾ ਮੁੱਲ ਚੁਕਾਉਣ ਦੀ ਗੱਲ ਆਮ ਤੌਰ ’ਤੇ ਪੂੰਜੀ ਦੀ ਉਪਜਾਇਕਤਾ ਦੇ ਖਾਤਮੇ ਦਾ ਜ਼ਰੂਰੀ ਨਤੀਜਾ ਹੁੰਦੀ ਹੈ।”

ਇਸ ਤਰ੍ਹਾਂ ਇੱਥੇ ਬੜੇ ਸਾਫ਼ ਸ਼ਬਦਾਂ ਵਿੱਚ, ਮੂਲਬਰਗਰ ਦੀ ਸਭ ਤੋਂ ਤਾਜ਼ਾ ਪੁੱਠੀ-ਛਾਲ਼ ਦੇ ਐਨ ਉਲਟ, ਆਖਿਆ ਗਿਆ ਹੈ ਕਿ ਪੂੰਜੀ ਦੀ ਉਪਜਾਇਕਤਾ, ਜਿਸ ਅਸਪੱਸ਼ਟ ਸ਼ਬਦ ਦਾ ਉਹ ਪ੍ਰਵਾਣਿਤ ਰੂਪ ਵਿੱਚ ਪੈਦਾਵਾਰ ਦੇ ਪੂੰਜੀਵਾਦੀ ਢੰਗ ਦਾ ਅਰਥ ਕੱਢਦਾ ਹੈ, ਨੂੰ ਅਸਲ ਵਿੱਚ ਸੂਦ ਨੂੰ ਖਤਮ ਕਰਨ ਦੇ ਕਾਨੂੰਨ ਨੇ “ਸਿੰਙਾਂ ਤੋਂ ਫੜਿਆ” ਹੈ ਅਤੇ ਉਹ ਵੀ ਐਨ “ਅਜਿਹੇ ਕਾਨੂੰਨ ਦੇ ਫ਼ਲਸਰੂਪ ਹੈ ਕਿ ਕਿਰਾਏ ਦੇ ਘਰਾਂ ਦੀ ਮੁੱਲ ਚੁੱਕਾਈ ਆਮ ਤੌਰ ’ਤੇ ਪੂੰਜੀ ਦੀ ਉਪਜਾਇਕਤਾ ਦੇ ਖਾਤਮੇ ਦਾ ਜ਼ਰੂਰੀ ਨਤੀਜਾ ਹੁੰਦੀ ਹੈ।” ਹੁਣ ਮੂਲਬਰਗਰ ਆਖਦਾ ਹੈ ਕਿ ਇਹ ਗੱਲ ਉਕਾ ਹੀ ਨਹੀਂ। ਉਹ ਤਬਦੀਲੀ ਵਾਲ਼ਾ ਕਾਨੂੰਨ “ਪੈਦਾਵਾਰ ਦੇ ਸਬੰਧਾਂ ਨਾਲ਼ ਨਹੀਂ ਸਗੋਂ ਸਰਕੂਲੇਸ਼ਨ ਦੇ ਸਬੰਧਾਂ ਨਾਲ਼ ਸਿਝਦਾ ਹੈ।” ਇਸ ਅਵੱਲੀ ਵਿਰੋਧਤਾਈ ਨੂੰ ਮੁੱਖ ਰੱਖਦਿਆਂ ਗੋਇਥੇ ਦੇ ਕਥਨ ਵਾਂਗ “ਜੋ ਸਿਆਣੇ ਲੋਕਾਂ ਤੇ ਮੂਰਖਾਂ ਲਈ ਇੱਕੋ ਜਿਹਾ ਰਹੱਸ ਹੈ”, ਮੇਰੇ ਲਈ ਕਰਨ ਨੂੰ ਜੋ ਕੁੱਝ ਬਾਕੀ ਰਹਿ ਗਿਆ ਹੈ ਉਹ ਇਹ ਫ਼ਰਜ਼ ਕਰਨਾ ਹੈ ਕਿ ਮੈਂ ਦੋ ਅਤੇ ਵੱਖ ਵੱਖ ਮੂਲਬਰਗਰਾਂ ਨਾਲ਼ ਸਿੱਝ ਰਿਹਾ ਹਾਂ ਜਿਨ੍ਹਾਂ ਵਿੱਚੋਂ ਇੱਕ ਹੱਕੀ ਤੌਰ ’ਤੇ ਇਹ ਸ਼ਿਕਾਇਤ ਕਰਦਾ ਹੈ ਕਿ ਮੈਂ “ਉਸ ਕੋਲ਼ੋਂ ਇਹ ਅਖਵਾਉਣ ਦਾ ਯਤਨ ਕੀਤਾ” ਜੋ ਕਿ ਦੂਜੇ ਨੇ ਪ੍ਰਕਾਸ਼ਤ ਕਰ.....

ਇਹ ਗੱਲ ਯਕੀਨੀ ਤੌਰ ’ਤੇ ਸੱਚੀ ਹੈ ਕਿ ਲੋਕ ਨਾ ਮੈਨੂੰ ਤੇ ਨਾ ਹੀ ਮੂਲਬਰਗਰ ਨੂੰ ਪੁੱਛਣਗੇ ਕਿ ਕੀ ਅਸਲੀ ਜ਼ਬਤੀ ਵਿੱਚ ਉਹ “ਫ਼ੌਰੀ ਜ਼ਬਤੀ ਨਾਲ਼ੋਂ ਪਹਿਲਾਂ ਮੁੱਲ ਚੁਕਾਈ ਦੀ ਪੂਜਾ’ ਕਰਨਗੇ। ਸੰਭਵਤਾ ਉਹ ਉੱਕਾ ਹੀ “ਪੂਜਾ” ਨਾ ਕਰਨ ਨੂੰ ਚੰਗਾ ਸਮਝਣਗੇ। ਪਰ ਕਿਰਤੀ ਲੋਕਾਂ ਵੱਲੋਂ ਕਿਰਤ ਦੇ ਸਾਰੇ ਸਾਧਨਾਂ ਦੀ ਅਸਲ ਵਿੱਚ ਜ਼ਬਤੀ ਦਾ ਸਵਾਲ ਕਦੀ ਵੀ ਨਹੀਂ ਸੀ ਸਗੋਂ ਕੇਵਲ ਮੂਲਬਰਗਰ ਦੇ ਇਸ ਦਾਅਵੇ ਦਾ (ਪੰਨਾ-17) ਹੈ ਕਿ “ਘਰਾਂ ਦੇ ਸਵਾਲ ਦੇ ਹੱਲ ਦਾ ਸਮੁੱਚਾ ਵਿਸ਼ਾ-ਵਸਤੂ ਸ਼ਬਦ ਮੁੱਲ-ਚੁਕਾਈ ਵਿੱਚ ਸ਼ਾਮਲ ਹੈ।” ਜੇਕਰ ਉਹ ਹੁਣ ਇਸ ਮੁੱਲ-ਚੁਕਾਈ ਦੇ ਬਹੁਤ ਹੀ ਸ਼ੱਕੀ ਹੋਣ ਬਾਰੇ ਐਲਾਨ ਕਰਦਾ ਹੈ ਤਾਂ ਸਾਨੂੰ ਦੋਵਾਂ ਨੂੰ ਤੇ ਸਾਡੇ ਪਾਠਕਾਂ ਨੂੰ ਇਹ ਸਾਰੀ ਤਕਲੀਫ਼ ਦੇਣ ਦੀ ਕੀ ਲੋੜ ਸੀ ?

ਇਸ ਤੋਂ ਉਪਰੰਤ, ਇਸ ਗੱਲ ਵੱਲ ਵੀ ਧਿਆਨ ਦੁਆਇਆ ਜਾਣਾ ਚਾਹੀਦਾ ਹੈ ਕਿ ਸਮੁੱਚੇ ਕਿਰਤੀ ਲੋਕਾਂ ਵੱਲੋਂ ਸਨਅਤ ਉੱਤੇ ਕਬਜ਼ਾ ਤੇ ਕਿਰਤ ਦੇ ਸਮੇਂ ਸਾਧਨਾਂ ਦੀ “ਅਸਲੀ ਜ਼ਬਤੀ” ਪਰੂਧੋਂਵਾਦੀ “ਮੁੱਲ-ਚੁਕਾਈ” ਤੋਂ ਬਿਲਕੁੱਲ ਹੀ ਉਲਟ ਗੱਲ ਹੈ। ਮੁੱਲ-

ਚੁਕਾਈ ਦੇ ਮਾਮਲੇ ਵਿੱਚ ਵਿਅਕਤੀਗਤ ਮਜ਼ਦੂਰ ਰਿਹਾਇਸ਼ੀ ਘਰ, ਕਿਸਾਨ-ਫਾਰਮ ਅਤੇ ਕਿਰਤ ਦੇ ਸਾਧਨਾਂ ਦਾ ਮਾਲਕ ਬਣ ਜਾਂਦਾ ਹੈ; ਪਹਿਲੀ ਹਾਲਤ ਵਿੱਚ "ਕਿਰਤੀ ਲੋਕ" ਘਰਾਂ, ਫੈਕਟਰੀਆਂ ਤੇ ਕਿਰਤ ਦੇ ਸਾਧਨਾਂ ਦੇ ਸਮੂਹਕ ਮਾਲਕ ਰਹਿੰਦੇ ਹਨ ਅਤੇ ਘੱਟੋ ਘੱਟ ਤਬਦੀਲੀ ਦੇ ਦੌਰ ਵਿੱਚ ਖਰਚੇ ਦਾ ਮੁਆਵਜ਼ਾ ਲਏ ਬਿਨਾਂ ਵਿਅਕਤੀਆਂ ਤੇ ਐਸੋਸੀਏਸ਼ਨਾਂ ਨੂੰ ਉਹਨਾਂ ਦੀ ਵਰਤੋਂ ਕਰਨ ਦੀ ਆਗਿਆ ਨਹੀਂ ਦੇਣਗੇ। ਇਸੇ ਤਰ੍ਹਾਂ ਜ਼ਮੀਨ ਵਿੱਚ ਜਾਇਦਾਦ ਦਾ ਖਾਤਮਾ ਜ਼ਮੀਨੀ ਲਗਾਨ ਦਾ ਖਾਤਮਾ ਨਹੀਂ ਬਣਦਾ, ਸਗੋਂ ਇਹਦਾ ਸਮਾਜ ਨੂੰ, ਭਾਵੇਂ ਬਦਲੇ ਰੂਪ ਵਿੱਚ ਹੀ ਹੋਵੇ, ਦਿੱਤੇ ਜਾਣਾ ਹੁੰਦਾ ਹੈ। ਇਸ ਲਈ ਕਿਰਤੀ ਲੋਕਾਂ ਵੱਲੋਂ ਕਿਰਤ ਦੇ ਸਾਰੇ ਸਾਧਨਾਂ ਦੀ ਅਸਲੀ ਜ਼ਬਤੀ ਲਗਾਨ ਦੇ ਸਬੰਧਾਂ ਦੇ ਕਾਇਮ ਰੱਖੇ ਜਾਣ ਨੂੰ ਖਤਮ ਨਹੀਂ ਕਰਦੀ।

ਆਮ ਤੌਰ 'ਤੇ, ਸਵਾਲ ਇਹ ਨਹੀਂ ਹੁੰਦਾ ਕਿ ਕੀ ਪ੍ਰੋਲੇਤਾਰੀ, ਜਦੋਂ ਉਹ ਸੱਤ੍ਹਾ ਵਿੱਚ ਆ ਜਾਂਦਾ ਹੈ, ਕੇਵਲ ਤਾਕਤ ਦੇ ਜ਼ੋਰ ਉੱਤੇ ਹੀ ਪੈਦਾਵਾਰ ਦੇ ਸਾਧਨਾਂ, ਕੱਚੇ ਮਾਲਾਂ ਦੇ ਜੀਊਣ ਦੇ ਸਾਧਨਾਂ ਨੂੰ ਜ਼ਬਤ ਕਰ ਲਵੇਗਾ, ਜਾਂ ਨਹੀਂ, ਕੀ ਉਹ ਉਹਨਾਂ ਨੂੰ ਤੁਰੰਤ ਹੀ ਇਹਨਾਂ ਦਾ ਮੁਆਵਜ਼ਾ ਦੇਵੇਗਾ ਜਾਂ ਕੀ ਉਹ ਉਸ ਵਿਚਲੀ ਜਾਇਦਾਦ ਦਾ ਮੁੱਲ ਛੋਟੀਆਂ ਛੋਟੀਆਂ ਕਿਸ਼ਤਾਂ ਦੀ ਅਦਾਇਗੀ ਕਰਕੇ ਚੁਕਾਵੇਗਾ। ਅਜਿਹੇ ਸਵਾਲ ਦਾ ਤੇ ਸਾਡੇ ਮਾਮਲਿਆਂ ਦਾ ਪਹਿਲੋਂ ਹੀ ਜਵਾਬ ਦੇਣ ਦਾ ਯਤਨ ਕਰਨਾ ਯੂਟੋਪੀਆ ਕਾਇਮ ਕਰਨਾ ਹੈ ਅਤੇ ਇਹ ਗੱਲ ਮੈਂ ਹੋਰਨਾ ਉੱਤੇ ਛੱਡਦਾ ਹਾਂ।

## IV

ਮੂਲਬਰਗਰ ਦੇ ਵੱਖਰੇ ਵੱਖਰੇ ਵਿੰਗ ਵਲ਼ੇਵਿਆਂ ਰਾਹੀਂ ਮਸਲੇ ਦੇ ਅਸਲੀ ਨੁਕਤੇ ਤੱਕ ਰਾਹ ਬਣਾਉਣ ਲਈ ਇੰਨੀ ਸਿਆਹੀ ਤੇ ਕਾਗਜ਼ ਦੀ ਖਪਤ ਕਰਨ ਦੀ ਕੀ ਲੋੜ ਸੀ, ਨੁਕਤਾ ਜੋ ਮੂਲਬਰਗਰ ਆਪਣੇ ਜਵਾਬ ਵਿੱਚ ਬੜੀ ਸਾਵਧਾਨੀ ਨਾਲ਼ ਛੋਂਹਦਾ ਹੀ ਨਹੀਂ।

ਉਹਦੇ ਲੇਖ ਵਿੱਚ ਮੂਲਬਰਗਰ ਦੇ ਹਾਂ ਪੱਖੀ ਬਿਆਨ ਕੀ ਸਨ।

ਪਹਿਲਾ : ਕਿ "ਘਰ ਦੀ, ਉਸਾਰੀ ਥਾਂ ਆਦਿ ਦੀ ਅਸਲੀ ਖਰਚੇ ਦੇ ਮੁੱਲ ਅਤੇ ਉਹਦੀ ਵਰਤਮਾਨ ਕਦਰ ਵਿਚਕਾਰ ਫ਼ਰਕ ਦਾ ਸਮਾਜ ਹੱਕਦਾਰ ਹੈ। ਅਰਥ-ਸ਼ਾਸਤਰ ਦੀ ਭਾਸ਼ਾ ਵਿੱਚ ਇਸ ਫ਼ਰਕ ਨੂੰ ਜ਼ਮੀਨੀ ਲਗਾਨ ਆਖਿਆ ਜਾਂਦਾ ਹੈ, ਪਰੂਧੋਂ ਇਹਨੂੰ ਵੀ ਸਮਾਜ ਲਈ ਜ਼ਬਤ ਕਰਨਾ ਚਾਹੁੰਦਾ ਹੈ, ਜਿਵੇਂ ਕਿ ਉਹਦੀ ਰਚਨਾ "ਇਨਕਲਾਬ ਦਾ ਆਮ ਵਿਚਾਰ" ਦੇ 1868 ਐਡੀਸ਼ਨ ਦੇ ਪੰਨਾ-219 ਉੱਤੇ ਪੜ੍ਹਿਆ ਜਾ ਸਕਦਾ ਹੈ।

ਦੂਜਾ : ਕਿ ਘਰਾਂ ਦੀ ਸਮੱਸਿਆ ਦਾ ਹੱਲ ਹਰ ਇੱਕ ਲਈ ਆਪਣੇ ਘਰ ਦਾ ਕਿਰਾਏਦਾਰ ਹੋਣ ਦੀ ਬਜਾਏ ਮਾਲਕ ਹੋਣ ਵਿੱਚ ਸ਼ਾਮਲ ਹੈ।

ਤੀਜਾ : ਕਿ ਇਹ ਗੱਲ ਅਜਿਹਾ ਕਾਨੂੰਨ ਪਾਸ ਕਰਕੇ ਲਾਗੂ ਕੀਤਾ ਜਾਵੇਗਾ ਜੋ ਕਿਰਾਏ ਦੀਆਂ ਅਦਾਇਗੀਆਂ ਨੂੰ ਘਰਾਂ ਦੀ ਕੀਮਤ ਖਰੀਦ ਉੱਤੇ ਕਿਸ਼ਤਾਂ ਦੀਆਂ ਅਦਾਇਗੀਆਂ ਵਿੱਚ ਬਦਲ ਦੇਵੇਗਾ। ਨੁਕਤਾ ਨੰਬਰ-2 ਤੇ 3 ਪਰੂਧੋਂ ਤੋਂ ਲਏ ਗਏ ਹਨ ਜਿਵੇਂ ਹਰ ਕੋਈ ਰਚਨਾ "ਇਨਕਲਾਬ ਦਾ ਆਮ ਵਿਚਾਰ" ਦੇ ਪੰਨਾ-199 ਉੱਤੇ ਪੜ੍ਹ

ਸਕਦਾ ਹੈ ਜਦੋਂ ਕਿ ਪੰਨਾ-203 ਉੱਤੇ ਸਬੰਧਤ ਸਵਾਲ ਦੇ ਪ੍ਰੋਜੈਕਟ ਦਾ ਪਹਿਲੋਂ ਹੀ ਖਰੜਾ ਤਿਆਰ ਕੀਤਾ ਗਿਆ ਮਿਲਦਾ ਹੈ।

ਚੌਥਾ : ਕਿ ਇੱਕ ਤਬਦੀਲੀ ਦਾ ਕਾਨੂੰਨ ਪੂੰਜੀ ਦੀ ਉਪਜਾਇਕਤਾ ਨੂੰ ਸਿੰਙਾਂ ਤੋਂ ਜਾ ਫੜਦਾ ਹੈ ਜਿਹੜਾ ਕਿ ਸੂਦ ਦੀ ਦਰ ਨੂੰ ਆਰਜ਼ੀ ਤੌਰ 'ਤੇ ਇੱਕ ਫੀਸਦੀ ਤੱਕ ਘਟਾ ਦਿੰਦਾ ਹੈ, ਜਿਸ ਵਿੱਚ ਮਗਰੋਂ ਜਾ ਕੇ ਕਟੌਤੀ ਹੋਵੇਗੀ। ਇਹ ਨੁਕਤਾ ਵੀ ਪਰੂਧੋਂ ਤੋਂ ਹੀ ਲਿਆ ਗਿਆ ਹੈ ਜਿਵੇਂ ਕਿ ਇਹ ਰਚਨਾ "ਆਮ-ਵਿਚਾਰ" ਦੇ ਪੰਨਾ-182 ਤੋਂ 186 ਤੱਕ ਵਿਸਥਾਰ ਵਿੱਚ ਪੜ੍ਹਿਆ ਜਾ ਸਕਦਾ ਹੈ।

ਇਹਨਾਂ ਵਿੱਚੋਂ ਹਰ ਇੱਕ ਨੁਕਤੇ ਸਬੰਧੀ ਮੈਂ ਪਰੂਧੋਂ ਦੇ ਹੂ-ਬ-ਹੂ ਪੈਰ੍ਹੇ ਪੇਸ਼ ਕੀਤੇ ਹਨ ਜਿੱਥੇ ਕਿ ਮੂਲਬਰਗਰ ਦੀ ਮੂਲ਼ ਨਕਲ ਲੱਭਦੀ ਹੈ ਅਤੇ ਮੈਂ ਹੁਣ ਇਹ ਪੁੱਛਦਾ ਹਾਂ ਕਿ ਕੀ ਮੈਂ ਅਜਿਹੇ ਲੇਖ ਦੇ ਲੇਖਕ ਨੂੰ ਜਿਸ ਵਿੱਚ ਪੂਰੀ ਤਰ੍ਹਾਂ ਪਰੂਧੋਂਵਾਦੀ ਵਿਚਾਰਾਂ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਮਿਲਦਾ, ਪਰੂਧੋਂਵਾਦੀ ਆਖਣ ਵਿੱਚ ਦਰੁੱਸਤ ਸਾਂ ਜਾਂ ਨਹੀਂ? ਫੇਰ ਵੀ ਮੂਲਬਰਗਰ ਇਸ ਗੱਲ ਨਾਲ਼ੋਂ ਵਧੇਰੇ ਗੁੱਸੇ ਨਾਲ਼ ਹੋਰ ਕਿਸੇ ਬਾਰੇ ਸ਼ਿਕਾਇਤ ਨਹੀਂ ਕਰਦਾ ਕਿ ਮੈਂ ਉਹਨੂੰ ਪਰੂਧੋਂਵਾਦੀ ਇਸ ਲਈ ਆਖ ਰਿਹਾ ਹਾਂ ਕਿ ਮੈਨੂੰ "ਕੁੱਝ ਅਜਿਹੇ ਵਿਚਾਰ ਲੱਭ ਪਏ ਹਨ ਜੋ ਖਾਸ ਪਰੂਧੋਂ ਦੇ ਹਨ।" ਗੱਲ ਇਹਦੇ ਉਲਟ ਹੈ। ਇਸ ਸਾਰੇ ਪ੍ਰਗਟ ਕੀਤੇ ਗਏ ਵਿਚਾਰ" ਤਾਂ ਮੂਲਬਰਗਰ ਦੇ ਹਨ, ਉਹਨਾਂ ਦਾ ਵਿਸ਼ਾ-ਵਸਤੂ ਪਰੂਧੋਂ ਦਾ ਹੈ ਅਤੇ ਜਦੋਂ ਮੈਂ ਇਸ ਪਰੂਧੋਂਵਾਦੀ ਬਿਆਨ ਵਿੱਚ ਪਰੂਧੋਂ ਸ਼ਾਮਲ ਕਰ ਦਿੰਦਾ ਹਾਂ ਤਾਂ ਮੂਲਬਰਗਰ ਇਹ ਸ਼ਿਕਾਇਤ ਕਰਦਾ ਹੈ ਕਿ ਮੈਂ ਪਰੂਧੋਂ ਦੇ "ਸ਼ੈਤਾਨੀ ਵਿਚਾਰ" ਉਸ ਦੇ ਨਾਂ ਨਾਲ਼ ਜੋੜ ਰਿਹਾ ਹਾਂ।

ਇਸ ਪਰੂਧੋਂਵਾਦੀ ਯੋਜਨਾ ਦਾ ਮੈਂ ਕੀ ਉੱਤਰ ਦਿੱਤਾ ਹੈ?

ਪਹਿਲਾ : ਕਿ ਰਾਜ ਨੂੰ ਜ਼ਮੀਨੀ ਲਗਾਨ ਦੀ ਸੌਂਪਣਾ ਕਰਨ ਦਾ ਅਰਥ ਜ਼ਮੀਨ ਵਿੱਚ ਵਿਅਕਤੀਗਤ ਜਾਇਦਾਦ ਦਾ ਖਾਤਮਾ ਕਰਨਾ ਹੈ।

ਦੂਜਾ : ਕਿ ਕਿਰਾਏ ਦੇ ਘਰਾਂ ਦੀ ਮੁੱਲ-ਚੁੱਕਾਈ ਅਤੇ ਰਿਹਾਇਸ਼ੀ ਥਾਂ ਵਿਚਲੀ ਜਾਇਦਾਦ ਦੀ ਅਜਿਹੀ ਧਿਰ ਨੂੰ ਕੀਤੀ ਬਦਲੀ, ਜੋ ਹੁਣ ਤੱਕ ਕਿਰਾਏਦਾਰ ਸੀ, ਪੈਦਾਵਾਰ ਦੇ ਪੂੰਜੀਵਾਦੀ ਢੰਗ ਉੱਤੇ ਉਕਾ ਹੀ ਕੋਈ ਅਸਰ ਨਹੀਂ ਪਾਉਂਦੀ।

ਤੀਜਾ : ਕਿ ਵੱਡੇ ਪੱਧਰ ਦੀ ਸਨਅਤ ਤੇ ਸ਼ਹਿਰਾਂ ਦੇ ਵਰਤਮਾਨ ਵਿਕਾਸ ਨਾਲ਼ ਇਹ ਸੁਝਾਅ ਓਨਾ ਹੀ ਬੇਤੁਕਾ ਹੋ ਗਿਆ ਹੈ ਜਿੰਨਾ ਇਹ ਪਿੱਛੇ ਖਿਚੂ ਹੈ ਅਤੇ ਹਰ ਵਿਅਕਤੀ ਵੱਲੋਂ ਆਪਣੇ ਰਿਹਾਇਸ਼ੀ ਘਰ ਦੀ ਵਿਅਕਤੀਗਤ ਮਾਲਕੀ ਦਾ ਮੁੜ ਚਾਲੂ ਕੀਤਾ ਜਾਣਾ ਪਿੱਛੇ ਵੱਲ ਨੂੰ ਇੱਕ ਕਦਮ ਹੋਵੇਗਾ।

ਚੌਥਾ : ਕਿ ਪੂੰਜੀ ਉੱਤੇ ਸੂਦ ਦੀ ਦਰ ਦੀ ਲਾਜ਼ਮੀ ਕਟੌਤੀ ਕਿਸੇ ਤਰ੍ਹਾਂ ਵੀ ਪੈਦਾਵਾਰ ਦੇ ਪੂੰਜੀਵਾਦੀ ਢੰਗ ਉੱਤੇ ਹਮਲਾ ਨਹੀਂ ਕਰਦੀ ਅਤੇ ਕਿ ਇਹਦੇ ਉਲਟ ਜਿਵੇਂ ਕਿ ਸੂਦ ਖੋਰੀ ਦੇ ਕਾਨੂੰਨ ਸਿੱਧ ਕਰਦੇ ਹਨ, ਇਹ ਓਨਾ ਹੀ ਪੁਰਾਣਾ ਹੈ ਜਿੰਨਾ ਇਹ ਅਸੰਭਵ ਹੈ।

ਪੰਜਵਾ : ਕਿ ਪੂੰਜੀ ਉੱਤੇ ਸੂਦ ਦਾ ਖਾਤਮਾ ਕਿਸੇ ਤਰ੍ਹਾਂ ਵੀ ਘਰਾਂ ਲਈ ਕਿਰਾਏ ਦੀ

ਅਦਾਇਗੀ ਨੂੰ ਖਤਮ ਨਹੀਂ ਕਰਦਾ।

ਮੂਲਬਰਗਰ ਨੇ ਹੁਣੇ ਨੁਕਤੇ 2 ਤੇ 4 ਮੰਨ ਲਏ ਹਨ। ਦੂਜੇ ਨੁਕਤਿਆਂ ਦਾ ਉਹ ਉੱਕਾ ਹੀ ਕੋਈ ਜਵਾਬ ਨਹੀਂ ਦਿੰਦਾ ਅਤੇ ਇਹੀ ਉਹ ਨੁਕਤੇ ਹਨ ਜਿਨ੍ਹਾਂ ਦੁਆਲ਼ੇ ਸਮੁੱਚੀ ਬਹਿਸ ਕੇਂਦਰਿਤ ਹੈ। ਪਰ ਮੂਲਬਰਗਰ ਦਾ ਜਵਾਬ ਕੋਈ ਖੰਡਨ ਨਹੀਂ : ਇਹ ਬੜੀ ਸਾਵਧਾਨੀ ਨਾਲ਼ ਸਾਰੇ ਆਰਥਕ ਨੁਕਤਿਆਂ ਬਾਰੇ ਗੱਲ ਕਰਨ ਤੋਂ ਕੰਨੀ ਕਤਰਾਂਦਾ ਹੈ ਜੋ ਆਖਰ ਨਿਰਣਈ ਨੁਕਤੇ ਹਨ। ਇਹ ਇੱਕ ਜਾਤੀ ਸ਼ਿਕਾਇਤ ਹੈ ਤੇ ਇਸ ਤੋਂ ਵੱਧ ਕੁੱਝ ਵੀ ਨਹੀਂ। ਮਿਸਾਲ ਵਜੋਂ ਉਹ ਉਦੋਂ ਸ਼ਿਕਾਇਤ ਕਰਦਾ ਹੈ ਜਦੋਂ ਮੈਂ ਦੂਜੇ ਸਵਾਲਾਂ ਦੇ ਮਿਸਾਲ ਵਜੋਂ ਰਾਜਕੀ ਕਰਜ਼ੇ, ਨਿੱਜੀ ਕਰਜ਼ੇ ਬਾਰੇ ਉਹਦੇ ਐਲਾਨੇ ਹੱਲ ਦਾ ਪੂਰਵ-ਅਨੁਮਾਨ ਲਾਉਂਦਾ ਹਾਂ ਅਤੇ ਆਖਦਾ ਹਾਂ ਕਿ ਉਹਦਾ ਹੱਲ ਹਰ ਥਾਂ ਇੱਕੋ ਹੈ ਭਾਵ ਘਰਾਂ ਦੇ ਸਵਾਲ ਵਿੱਚ, ਸੂਦ ਦੇ ਖਾਤਮੇ ਵਿੱਚ ਸੂਦ ਦੀਆਂ ਅਦਾਇਗੀਆਂ ਨੂੰ ਅਸਲ ਰਕਮ ਉੱਤੇ ਕਿਸ਼ਤ ਵਿੱਚ ਅਦਾਇਗੀਆਂ ਵਿੱਚ ਪਲਟਨ ਵਿੱਚ ਅਤੇ ਮੁਫ਼ਤ ਕਰਜ਼ੇ ਦੇਣ ਵਿੱਚ ਹੈ। ਫੇਰ ਵੀ ਮੈਂ ਅਜੇ ਇਹ ਸ਼ਰਤ ਲਾਉਣ ਲਈ ਤਿਆਰ ਹਾਂ ਕਿ ਜੇਕਰ ਮੂਲਬਰਗਰ ਦੇ ਇਹ ਲੇਖ ਸਾਹਮਣੇ ਆਏ ਤਾਂ ਉਹਨਾਂ ਦਾ ਜ਼ਰੂਰੀ ਵਿਸ਼ਾ ਵਸਤੂ ਪਰੂਧੋਂ ਦੇ "ਆਮ ਵਿਚਾਰ" ਨਾਲ਼ ਮੇਲ ਖਾਵੇਗਾ, ਕਰਜ਼ਾ, ਪੰਨਾ-128, ਰਾਜਕੀ ਕਰਜ਼ੇ, ਪੰਨਾ-186, ਨਿੱਜੀ ਕਰਜ਼ੇ, ਪੰਨਾ-196, ਇਹ ਗੱਲ ਐਨ ਉਸੇ ਤਰ੍ਹਾਂ ਹੋਵੇਗਾ ਜਿਵੇਂ ਕਿ ਘਰਾਂ ਦੇ ਸਵਾਲ ਬਾਰੇ ਉਹਦੇ ਲੇਖ ਕਿਤਾਬ ਦੇ ਇੰਨ-ਬਿੰਨ ਬਿਆਨ ਕੀਤੇ ਪੈਰ੍ਹਾ-1 ਨਾਲ਼ ਮੇਲ ਖਾਂਦੇ ਹਨ :

ਮੂਲਬਰਗਰ ਇਸ ਮੌਕੇ ਉੱਤੇ ਮੈਨੂੰ ਸੂਚਿਤ ਕਰਦਾ ਹੈ ਕਿ ਟੈਕਸੇਸ਼ਨ, ਰਾਜਕੀ ਕਰਜ਼ੇ, ਨਿੱਜੀ ਕਰਜ਼ੇ ਤੇ ਕਰਜ਼ੇ ਵਰਗੇ ਸਵਾਲ ਜਿਨ੍ਹਾਂ ਵਿੱਚ ਹੁਣ ਮਿਊਂਸਪਲ ਖੁਦ-ਮੁਖਤਿਆਰੀ ਦਾ ਸਵਾਲ ਹੋਰ ਸ਼ਾਮਲ ਕਰ ਲਿਆ ਹੈ, ਕਿਸਾਨ ਲਈ ਅਤੇ ਪਿੰਡਾਂ ਵਿੱਚ ਪ੍ਰਚਾਰ ਲਈ ਸਭ ਤੋਂ ਵੱਧ ਅਹਿਮੀਅਤ ਵਾਲ਼ੇ ਹਨ। ਵੱਡੀ ਹੱਦ ਤੱਕ ਮੈਂ ਇਸ ਨਾਲ਼ ਸਹਿਮਤ ਹਾਂ, ਪਰ (1) ਅਜੇ ਤੱਕ ਕਿਸਾਨ ਬਾਰੇ ਤਾਂ ਕੋਈ ਬਹਿਸ ਹੀ ਨਹੀਂ ਕੀਤੀ ਗਈ, ਅਤੇ (2) ਇਹਨਾਂ ਸਾਰੀਆਂ ਸਮੱਸਿਆਵਾਂ ਦੇ ਪਰੂਧੋਂਵਾਦੀ "ਹੱਲ" ਆਰਥਕ ਤੌਰ 'ਤੇ ਉਨੇ ਹੀ ਬੇਤੁਕੇ ਤੇ ਉਨੇ ਹੀ ਜ਼ਰੂਰੀ ਤੌਰ 'ਤੇ ਬੁਰਜੂਆ ਹਨ ਜਿਨ੍ਹਾਂ ਘਰਾਂ ਦੀ ਸਮੱਸਿਆ ਦਾ ਉਹਦਾ ਹੱਲ ਹੈ। ਮੈਨੂੰ ਮੂਲਬਰਗਰ ਦੇ ਇਸ ਸੁਝਾਅ ਵਿਰੁੱਧ ਕਿ ਮੈਂ ਕਿਸਾਨਾਂ ਨੂੰ ਲਹਿਰ ਵਿੱਚ ਖਿੱਚਣ ਦੀ ਲੋੜ ਨੂੰ ਸਮਝਣੋਂ ਅਸਮਰੱਥ ਹਾਂ, ਆਪਣੀ ਰਾਖੀ ਕਰਨ ਦੀ ਕੋਈ ਲੋੜ ਨਹੀਂ। ਪਰ ਮੈਂ ਯਕੀਨੀ ਤੌਰ 'ਤੇ ਇਸ ਮੰਤਵ ਲਈ ਉਹਨਾਂ ਨੂੰ ਪਰੂਧੋਂਵਾਦੀ ਨੀਮ-ਹਕੀਮੀ ਦੀ ਸਿਫ਼ਾਰਸ਼ ਕਰਨੀ ਮੂਰਖਤਾ ਸਮਝਦਾ ਹਾਂ। ਅਜੇ ਵੀ ਜਰਮਨੀ ਵਿੱਚ ਵੱਡੀਆਂ ਜ਼ਮੀਨੀ ਜਾਇਦਾਦਾਂ ਮੌਜੂਦ ਹਨ। ਪਰੂਧੋਂ ਦੇ ਸਿਧਾਂਤ ਅਨੁਸਾਰ ਇਹ ਸਾਰੀਆਂ ਛੋਟੇ ਛੋਟੇ ਕਿਸਾਨੀ ਫ਼ਾਰਮਾਂ ਵਿੱਚ ਵੰਡ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਜੋ ਕਿ ਵਿਗਿਆਨਕ ਜ਼ਰਾਇਤ ਦੀ ਵਰਤਮਾਨ ਹਾਲਤ ਵਿੱਚ ਅਤੇ ਫ਼ਰਾਂਸ ਤੇ ਜਰਮਨੀ ਦੇ ਪੱਛਮ ਵਿੱਚ ਜ਼ਮੀਨ ਦੀਆਂ ਕੀਤੀਆਂ ਛੋਟੀਆਂ ਅਲਾਟਮੈਂਟਾਂ ਦੇ ਤਜਰਬੇ ਤੋਂ ਮਗਰੋਂ ਪੱਕੀ ਤਰ੍ਹਾਂ ਨਾਲ਼ ਪਿਛਾਖੜੀ ਗੱਲ ਹੋਵੇਗੀ। ਵੱਡੀਆਂ ਜ਼ਮੀਨੀ ਜਾਇਦਾਦ ਜੋ ਅੱਜ ਤੱਕ ਮੌਜੂਦ ਹਨ, ਸਹਿਕਾਰੀ ਕਾਮਿਆਂ ਵੱਲੋਂ ਵੱਡੇ ਪੱਧਰ ਉੱਤੇ — ਖੇਤੀ

ਦੀ ਇੱਕੋਂ ਇੱਕ ਪ੍ਰਣਾਲੀ ਜੋ ਸਾਰੀਆਂ ਆਧੁਨਿਕ ਸਹੂਲਤਾਂ, ਮਸ਼ੀਨਰੀ ਆਦਿ ਦੀ ਵਰਤੋਂ ਕਰ ਸਕਦੀ ਹੈ — ਜ਼ਰਾਇਤ ਨੂੰ ਚਲਾਉਣ ਲਈ ਇੱਕ ਸੁਖਾਵਾਂ ਅਧਾਰ ਮੁਹੱਈਆ ਕਰਨਗੀਆਂ ਅਤੇ ਇਸ ਤਰ੍ਹਾਂ ਛੋਟੇ ਕਿਸਾਨਾਂ ਨੂੰ ਐਸੋਸੀਏਸ਼ਨ ਦੇ ਸਾਧਨ ਰਾਹੀਂ ਵੱਡੇ ਪੱਧਰ ਦੇ ਅਮਲ ਦੇ ਲਾਭ ਦਰਸਾਉਣਗੀਆਂ। ਡੈਨਿਸ਼ ਸੋਸ਼ਲਿਸਟਾਂ ਨੇ ਜੋ ਇਸ ਪੱਖੋਂ ਦੂਜੇ ਸਭਨਾਂ ਨਾਲ਼ੋਂ ਅੱਗੇ ਹਨ, ਇਹਨੂੰ ਬੜਾ ਚਿਰ ਪਹਿਲਾਂ ਹੀ ਭਾਂਪ ਲਿਆ ਸੀ।

ਮੇਰੇ ਲਈ ਆਪਣੇ ਆਪ ਦੀ ਇਸ ਸੁਝਾਅ ਵਿਰੁੱਧ ਵੀ ਰਾਖੀ ਕਰਨੀ ਇੰਨੀ ਹੀ ਬੇਲੋੜੀ ਹੈ ਕਿ ਮੈਂ ਮਜ਼ਦੂਰਾਂ ਦੀਆਂ ਘਰਾਂ ਦੀਆਂ ਵਰਤਮਾਨ ਬਦਨਾਮ ਹਾਲਤਾਂ ਨੂੰ "ਨਿਗੂਣਾ ਵਿਸਥਾਰ" ਸਮਝਦਾ ਹਾਂ। ਜਿੱਥੋਂ ਤੱਕ ਮੈਂ ਜਾਣਦਾ ਹਾਂ, ਮੈਂ ਪਹਿਲਾ ਆਦਮੀ ਹਾਂ ਜੀਹਨੇ ਜਰਮਨ ਭਾਸ਼ਾ ਵਿੱਚ ਉਹਨਾਂ ਦੇ ਕਲਾਸਕੀ ਰੂਪ ਵਿੱਚ ਉਹਨਾਂ ਹਾਲਤਾਂ ਨੂੰ ਬਿਆਨ ਕੀਤਾ ਹੈ ਜੋ ਇੰਗਲੈਂਡ ਵਿੱਚ ਮੌਜੂਦ ਸਨ; ਇਹ ਇਸ ਕਰਕੇ ਨਹੀਂ ਕੀਤਾ ਗਿਆ ਜਿਵੇਂ ਕਿ ਮੂਲਬਰਗਰ ਦੀ ਰਾਇ ਹੈ ਕਿ ਕਿਉਂਕਿ ਉਹ "ਮੇਰੀ ਇਨਸਾਫ਼ ਦੀ ਭਾਵਨਾ ਦੀ ਉਲੰਘਣਾ ਕਰਦੀਆਂ ਸਨ"— ਕੋਈ ਵੀ ਆਦਮੀ ਜੋ ਉਹਨਾਂ ਸਾਰੇ ਤੱਥਾਂ ਬਾਰੇ ਜੋ ਉਹਦੀ ਇਨਸਾਫ਼ ਦੀ ਭਾਵਨਾ ਦੀ ਉਲੰਘਣਾ ਕਰਦੇ ਹਨ, ਕਿਤਾਬਾਂ ਲਿਖਣ ਦੀ ਜ਼ਿੱਦ ਕਰਦਾ ਹੈ, ਉਹਨੂੰ ਬੜਾ ਕੁੱਝ ਕਰਨਾ ਪਵੇਗਾ — ਸਗੋਂ, ਜਿਵੇਂ ਮੇਰੀ ਕਿਤਾਬ ਦੇ ਮੁੱਖ-ਬੰਧ ਵਿੱਚ ਪੜ੍ਹਿਆ ਜਾ ਸਕਦਾ ਹੈ, ਇਸ ਕਰਕੇ ਹੈ ਕਿ ਆਧੁਨਿਕ ਵੱਡੇ ਪੈਮਾਨੇ ਦੀ ਸਨਅਤ ਵੱਲੋਂ ਪੈਦਾ ਕੀਤੀਆਂ ਸਮਾਜਕ ਹਾਲਤਾਂ ਦਾ ਜਰਮਨ ਸਮਾਜਵਾਦ ਲਈ ਜੋ ਉਸ ਸਮੇਂ ਉੱਭਰ ਰਿਹਾ ਸੀ ਤੇ ਖਾਲੀ ਲੱਫ਼ਾਜ਼ੀ ਵਿੱਚ ਆਪਾ ਖਪਾ ਰਿਹਾ ਸੀ, ਵਰਨਣ ਕਰਨ ਵਾਸਤੇ ਸੀ। ਪਰ ਇਹ ਗੱਲ ਮੇਰੇ ਦਿਮਾਗ ਵਿੱਚ ਕਦੀ ਵੀ ਨਹੀਂ ਆਈ ਕਿ ਮੈਂ ਆਪਣਾ ਦਿਮਾਗ ਹੋਰ ਵੀ ਵਧੇਰੇ ਅਹਿਮ ਖੁਰਾਕ ਦੇ ਸਵਾਲ ਦੇ ਵਿਸਥਾਰਾਂ ਦੀ ਬਜਾਏ ਕਥਿਤ ਘਰਾਂ ਦੇ ਸਵਾਲ ਨੂੰ ਨਿਬੇੜਨ ਦਾ ਯਤਨ ਕਰਨ ਵੱਲ ਲਾਵਾਂ। ਮੈਨੂੰ ਇਸ ਗੱਲ ਉੱਤੇ ਤਸੱਲੀ ਹੋਵੇਗੀ ਜੇ ਕਰ ਮੈਂ ਇਹ ਸਿੱਧ ਕਰ ਸਕਾਂ ਕਿ ਸਾਡੇ ਆਧੁਨਿਕ ਸਮਾਜ ਦੀ ਪੈਦਾਵਾਰ ਉਹਦੇ ਸਾਰੇ ਮੈਂਬਰਾਂ ਨੂੰ ਖਾਣ ਵਾਲ਼ੀ ਕਾਫੀ ਖੁਰਾਕ ਦੇਣ ਲਈ ਕਾਫ਼ੀ ਹੈ ਅਤੇ ਕਿ ਅਜੇ ਵੀ ਇੰਨੇ ਕਾਫ਼ੀ ਘਰ ਮੌਜੂਦ ਹਨ ਜੋ ਅੱਜ ਦੀ ਘੜੀ ਕਿਰਤੀ ਜਨਸਮੂਹਾਂ ਨੂੰ ਕਾਫ਼ੀ ਖੁਲ੍ਹੀ ਤੇ ਸਿਹਤਮੰਦ ਰਿਹਾਇਸ਼ੀ ਥਾਂ ਮੁਹੱਈਆ ਕਰ ਸਕਦੇ ਹਨ। ਇਸ ਗੱਲ ਬਾਰੇ ਅਟਕਲ ਲਾਉਣਾ ਕਿ ਇੱਕ ਭਵਿੱਖੀ ਸਮਾਜ ਨੂੰ ਖੁਰਾਕ ਤੇ ਰਿਹਾਇਸ਼ੀ ਘਰਾਂ ਦੀ ਵੰਡ ਕਿਵੇਂ ਕਰਨੀ ਚਾਹੀਦੀ ਹੈ, ਸਿੱਧੇ ਤੌਰ 'ਤੇ ਯੂਟੋਪੀਆ ਹੈ। ਅਸੀਂ ਜੋ ਕੁੱਝ ਵੱਧ ਤੋਂ ਵੱਧ ਕਰ ਸਕਦੇ ਹਾਂ ਉਹ ਇਹ ਹੈ ਕਿ ਹੁਣ ਤੱਕ ਦੇ ਪੈਦਾਵਾਰ ਦੇ ਸਾਰੇ ਢੰਗਾਂ ਦੀਆਂ ਬੁਨਿਆਦੀ ਹਾਲਤਾਂ ਦੀ ਸਾਡੀ ਸੂਝਬੂਝ ਤੋਂ ਇਹ ਬਿਆਨ ਕਰੀਏ ਹੈ ਕਿ ਪੈਦਾਵਾਰ ਦੇ ਪੂੰਜੀਵਾਦੀ ਢੰਗ ਦੇ ਪਤਣ ਨਾਲ਼ ਲੁੱਟ ਦੇ ਕੁੱਝ ਰੂਪ ਜੋ ਸਮਾਜ ਵਿੱਚ ਹੁਣ ਤੱਕ ਮੌਜੂਦ ਸਨ, ਅਸੰਭਵ ਹੋ ਜਾਣਗੇ। ਇੱਥੋ ਤੱਕ ਕਿ ਆਰਜ਼ੀ ਕਦਮ ਵੀ ਹਰ ਥਾਂ ਉੱਤੇ ਕਿਸੇ ਸਬੰਧਤ ਸਮੇਂ ਦੇ ਮੌਜੂਦਾ ਸਬੰਧਾਂ ਅਨੁਸਾਰ ਹੀ ਹੋਣਗੇ। ਛੋਟੀਆਂ ਜ਼ਮੀਨੀ ਜਾਇਦਾਦਾਂ ਵਾਲ਼ੇ ਦੇਸ਼ਾਂ ਵਿੱਚ ਉਹ ਉਹਨਾਂ ਦੇਸ਼ਾਂ ਨਾਲ਼ੋਂ ਜਿਨ੍ਹਾਂ ਵਿੱਚ ਵੱਡੀਆਂ ਜ਼ਮੀਨੀ ਜਾਇਦਾਦਾਂ ਮੌਜੂਦ ਹਨ, ਨਿਗਰ ਰੂਪ ਵਿੱਚ ਵੱਖਰੇ ਹੋਣਗੇ ਆਦਿ। ਖੁਦ ਮੂਲਬਰਗਰ ਵੀ ਕਿਸੇ ਹੋਰ ਨਾਲ਼ੋਂ ਵਧੇਰੇ ਚੰਗੀ ਤਰ੍ਹਾਂ ਸਾਨੂੰ ਇਹ ਦਰਸਾਉਂਦਾ ਹੈ

ਕਿ ਕੋਈ ਆਦਮੀ ਕਿੱਥੇ ਪੁੱਜ ਜਾਂਦਾ ਹੈ, ਜੇਕਰ ਉਹ ਘਰਾਂ ਦੇ ਸਵਾਲ ਵਰਗੀਆਂ ਕਥਿਤ ਅਮਲੀ ਸਮੱਸਿਆਵਾਂ ਲਈ ਵੱਖਰੇ ਹੱਲ ਲੱਭਣ ਦਾ ਯਤਨ ਕਰਦਾ ਹੈ। ਪਹਿਲਾਂ ਉਹਨੇ ਇਹ ਸਪੱਸ਼ਟ ਕਰਨ ਲਈ ਕਿ "ਘਰਾਂ ਦੇ ਸਵਾਲ ਦੇ ਹੱਲ ਦਾ ਸਮੁੱਚਾ ਵਿਸ਼ਾ-ਵਸਤੂ ਸ਼ਬਦ "ਮੁੱਲ ਚੁਕਤਾ ਕਰਨ" ਵਿੱਚ ਸ਼ਾਮਲ ਹੈ ਅਤੇ ਫੇਰ ਜਦੋਂ ਉਹਦੇ ਉੱਤੇ ਦਬਾਅ ਦਿੱਤਾ ਗਿਆ ਤਾਂ ਉਹ ਪਸ਼ੇਮਾਨੀ ਵਿੱਚ ਥਥਲਾਉਣਾ ਸ਼ੁਰੂ ਕਰ ਦਿੰਦਾ ਹੈ ਕਿ ਇਹ ਅਸਲੋਂ ਹੀ ਬਹੁਤ ਸ਼ੱਕੀ ਗੱਲ ਹੈ ਕਿ ਕੀ ਘਰਾਂ ਦਾ ਅਸਲੀ ਕਬਜ਼ਾ ਲੈਣ ਉੱਤੇ ਕਿਰਤੀ ਲੋਕ" ਜ਼ਬਤੀ ਦੇ ਕੁੱਝ ਦੂਜੇ ਰੂਪਾਂ ਨਾਲ਼ੋਂ ਪਹਿਲਾਂ "ਮੁੱਲ ਚੁਕਤਾ ਕਰਨ ਦਾ ਪੂਜਾ ਕਰਨਗੇ।"

ਮੂਲਬਰਗਰ ਮੰਗ ਕਰਦਾ ਹੈ ਕਿ ਸਾਨੂੰ ਅਮਲੀ ਵਿਅਕਤੀ ਬਣ ਜਾਣਾ ਚਾਹੀਦਾ ਹੈ, ਕਿ ਸਾਨੂੰ "ਕੇਵਲ ਮਰੇ ਹੋਏ ਤੇ ਅਮੂਰਤ ਗੁਰ ਲੈ ਕੇ ਹੀ ਸਾਹਮਣੇ ਨਹੀਂ ਆਉਣਾ ਚਾਹੀਦਾ", ਜਦੋਂ ਸਾਡਾ "ਅਸਲੋਂ ਹੀ ਅਮਲੀ ਸਬੰਧਾਂ ਨਾਲ਼ ਸਾਹਮਣਾ ਹੋਵੇ", ਕਿ ਸਾਨੂੰ "ਅਮੂਰਤ ਸਮਾਜਵਾਦ ਤੋਂ ਪਰੇ ਜਾਣਾ" ਚਾਹੀਦਾ ਹੈ "ਅਤੇ ਸਮਾਜ ਦੇ ਨਿਸ਼ਚਿਤ ਨਿਗਰ ਸਬੰਧਾਂ ਦੇ ਨੇੜੇ ਆਉਣਾ" ਚਾਹੀਦਾ ਹੈ। ਜੇਕਰ ਮੂਲਬਰਗਰ ਨੇ ਇਹ ਗੱਲ ਕੀਤੀ ਹੁੰਦੀ ਤਾਂ ਉਹਨੇ ਲਹਿਰ ਦੀ ਸ਼ਾਇਦ ਬੜੀ ਭਾਰੀ ਸੇਵਾ ਕੀਤੀ ਹੁੰਦੀ। ਸਮਾਜ ਦੇ ਨਿਸ਼ਚਿਤ ਨਿੱਗਰ ਸਬੰਧਾਂ ਦੇ ਨੇੜੇ ਆਉਣ ਵਿੱਚ ਪਹਿਲਾ ਕਦਮ ਯਕੀਨੀ ਤੌਰ 'ਤੇ ਇਹ ਹੈ ਕਿ ਇਸ ਬਾਰੇ ਜਾਣਕਾਰੀ ਹਾਸਲ ਕੀਤੀ ਜਾਵੇ ਕਿ ਉਹ ਸਬੰਧ ਕੀ ਹਨ, ਕਿ ਉਹਨਾਂ ਦੀ ਘੋਖ ਉਹਨਾਂ ਦੇ ਵਰਤਮਾਨ ਆਰਥਕ ਅੰਤਰ-ਸਬੰਧਾਂ ਅਨੁਸਾਰ ਕੀਤੀ ਜਾਣੀ ਚਾਹੀਦੀ ਹੈ। ਪਰ ਮੂਲਬਰਗਰ ਦੇ ਲੇਖਾਂ ਵਿੱਚ ਸਾਨੂੰ ਕੀ ਲੱਭਦਾ ਹੈ? ਪੂਰੇ ਦੋ ਵਾਕ, ਭਾਵ :

1. "ਇੱਕ ਕਿਰਾਏਦਾਰ ਘਰ ਦੇ ਮਾਲਕ ਦੇ ਸਬੰਧ ਵਿੱਚ ਉਸੇ ਪੋਜੀਸ਼ਨ ਵਿੱਚ ਹੁੰਦਾ ਹੈ ਜਿਵੇਂ ਸਰਮਾਏਦਾਰ ਦੇ ਸਬੰਧ ਵਿੱਚ ਉਜਰਤੀ ਮਜ਼ਦੂਰ ਹੁੰਦਾ ਹੈ।"

ਮੈਂ ਮੁੜ-ਛਾਪ ਦੇ ਪੰਨਾ-6 ਉੱਤੇ ਇਹ ਸਿੱਧ ਕਰ ਚੁੱਕਿਆ ਹਾਂ ਕਿ ਇਹ ਗੱਲ ਬਿਲਕੁੱਲ ਹੀ ਗਲਤ ਹੈ ਅਤੇ ਮੂਲਬਰਗਰ ਨੇ ਜਵਾਬ ਵਿੱਚ ਇੱਕ ਵੀ ਸ਼ਬਦ ਨਹੀਂ ਉਚਾਰਿਆ।

2. "ਪਰ ਉਹ ਝੋਟਾ ਜੋ (ਸਮਾਜਕ ਸੁਧਾਰ ਵਿੱਚ) "ਪੂੰਜੀ ਦੀ ਉਪਜਾਇਕਤਾ" ਦੇ ਰੂਪ ਵਿੱਚ ਹੈ, ਸਿੰਙਾਂ ਤੋਂ ਫੜਨਾ ਚਾਹੀਦਾ ਹੈ ਜਿਵੇਂ ਕਿ ਰਾਜਨੀਤਕ ਆਰਥਕਤਾ ਦਾ ਲਿਬਰਲ ਸਕੂਲ ਇਹ ਨੂੰ ਇਸ ਨਾਂ ਨਾਲ਼ ਬੁਲਾਉਂਦਾ ਹੈ, ਅਜਿਹੀ ਚੀਜ਼ ਜਿਸ ਦੀ ਅਸਲ ਵਿੱਚ ਕੋਈ ਹੋਂਦ ਨਹੀਂ, ਪਰ ਜੋ ਆਪਣੀ ਉੱਪਰੋਂ ਦਿੱਸਦੀ ਹੋਂਦ ਵਿੱਚ ਉਸ ਸਮੁੱਚੀ ਨਾਬਰਾਬਰੀ ਲਈ ਇੱਕ ਬੁਰਕੇ ਦਾ ਕੰਮ ਕਰਦੀ ਹੈ, ਜੋ ਅਜੋਕੇ ਸਮਾਜ ਉੱਤੇ ਬੋਝ ਬਣੀ ਹੋਈ ਹੈ।"

ਇਸ ਤਰ੍ਹਾਂ ਉਹ ਝੋਟਾ ਜਿਸ ਨੂੰ ਸਿੰਙਾਂ ਤੋਂ ਫੜਿਆ ਜਾਣਾ ਸੀ, "ਅਸਲ ਵਿੱਚ ਵਜੂਦ ਹੀ ਨਹੀਂ ਰੱਖਦਾ" ਅਤੇ ਇਸੇ ਲਈ ਉਹਦੇ ਕੋਈ "ਸਿੰਙ" ਨਹੀਂ ਹਨ। ਖੁਦ ਝੋਟਾ ਨਹੀਂ ਸਗੋਂ ਉਹਦੀ ਉੱਪਰੋਂ ਜਾਪ ਰਹੀ ਹੋਂਦ ਮਾੜੀ ਗੱਲ ਹੈ। ਇਸ ਦੇ ਬਾਵਜੂਦ "ਕਥਿਤ ਉਪਜਾਇਕਤਾ (ਪੂੰਜੀ ਦੀ) ਘਰਾਂ ਤੇ ਸ਼ਹਿਰਾਂ ਨੂੰ ਹੋਂਦ ਵਿੱਚ ਲਿਆਉਣ ਦੇ ਸਮਰੱਥ ਹੈ", ਜਿਸ ਦੀ ਹੋਂਦ ਕੇਵਲ "ਉੱਪਰੋਂ ਜਾਪਦੀ" ਹੈ (ਪੰਨਾ-12) ਅਤੇ ਅਜਿਹਾ ਆਦਮੀ ਜੋ ਭਾਵੇਂ ਮਾਰਕਸ ਦਾ "ਸਰਮਾਇਆ" "ਵੀ ਉਸ ਤੋਂ ਜਾਣੂੰ ਹੈ", ਪੂੰਜੀ ਤੇ ਕਿਰਤ ਦੇ ਸਬੰਧਾਂ ਬਾਰੇ

ਇਸ ਬਹੁਤ ਹੀ ਰੋਲ਼-ਘਚੋਲ਼ੇ ਵਾਲ਼ੇ ਢੰਗ ਨਾਲ਼ ਥਾਂ ਥਾਂ ਕਰਦਾ ਹੈ, ਜਰਮਨ ਮਜ਼ਦੂਰਾਂ ਨੂੰ ਇੱਕ ਨਵਾਂ ਤੇ ਚੰਗੇਰਾ ਮਾਰਗ ਦਰਸਾਉਣ ਦਾ ਕੰਮ ਜ਼ਿਮੇ ਲੈਂਦਾ ਹੈ ਅਤੇ ਆਪਣੇ ਆਪ ਨੂੰ ਅਜਿਹੇ "ਉਸਤਾਦ ਉਸਰੱਈਏ" ਵਜੋਂ ਪੇਸ਼ ਕਰਦਾ ਹੈ ਜੋ ਭਵਿੱਖੀ ਸਮਾਜ ਦੇ ਉਸਾਰੀ ਕਲਾ ਦੇ ਢਾਂਚੇ ਬਾਰੇ, ਘੱਟੋ ਘੱਟ ਉਹਦੇ ਮੁੱਖ ਖਾਕੇ ਬਾਰੇ, ਸਪੱਸ਼ਟ ਹੈ।"

"ਸਰਮਾਇਆ" ਵਿੱਚ ਮਾਰਕਸ ਨਾਲ਼ੋਂ ਕੋਈ ਵੀ ਹੋਰ ਵਿਅਕਤੀ "ਸਮਾਜ ਦੇ ਨਿਸ਼ਚਿਤ ਤੇ ਨਿਗਰ ਸਬੰਧਾਂ" ਦੇ ਹੋਰ ਨੇੜੇ "ਨਹੀਂ ਆਇਆ"। ਉਹਨੇ ਸਾਰੇ ਪੱਖਾਂ ਤੋਂ ਇਹਦੀ ਪੜਤਾਲ਼ ਕਰਦਿਆਂ ਪੰਚੀ ਸਾਲ ਬਿਤਾਏ ਅਤੇ ਉਹਦੀ ਨੁਕਤਾਚੀਨੀ ਦੇ ਨਤੀਜਿਆਂ ਵਿੱਚ ਕਥਿਤ ਹੱਲਾਂ ਦੇ ਜਿਰਮ ਮਿਲਦੇ ਹਨ ਜਿੱਥੋਂ ਤੱਕ ਅੱਜ ਇਹ ਹੱਲ ਸੰਭਵ ਹੋ ਸਕਦੇ ਹਨ। ਪਰ ਸਾਡੇ ਮਿੱਤਰ ਮੂਲਬਰਗਰ ਲਈ ਇਹ ਕਾਫ਼ੀ ਨਹੀਂ ਹੈ। ਉਹ ਸਾਰਾ ਅਮੂਰਤ ਤੇ ਨਿਰਜਿੰਦ ਸਮਾਜਵਾਦ ਹੈ ਅਤੇ ਅਮੂਰਤ ਫ਼ਾਰਮੂਲੇ ਹਨ। "ਸਮਾਜ ਦੇ ਨਿਸ਼ਚਿਤ ਨਿਗਰ ਸਬੰਧਾਂ" ਦਾ ਅਧਿਐਨ ਕਰਨ ਦੀ ਬਜਾਏ, ਸਾਡਾ ਮਿੱਤਰ ਮੂਲਬਰਗਰ ਪਰੂਧੋਂ ਦੀਆਂ ਕੁੱਝ ਜਿਲਦਾਂ ਪੜ੍ਹਨ ਉੱਤੇ ਹੀ ਸੰਤੁਸ਼ਟ ਹੋ ਜਾਂਦਾ ਹੈ ਜੋ ਭਾਵੇਂ ਉਹਨੂੰ ਸਮਾਜ ਦੇ ਨਿਸ਼ਚਿਤ ਨਿਗਰ ਸਬੰਧਾਂ ਬਾਰੇ ਤਾਂ ਉੱਕਾ ਹੀ ਕੁੱਝ ਨਹੀਂ ਦੱਸਦੀਆਂ ਸਗੋਂ ਇਹਦੇ ਉਲਟ ਉਹਨੂੰ ਸਾਰੀਆਂ ਸਮਾਜਕ ਬੁਰਾਈਆਂ ਦੇ ਬਹੁਤ ਹੀ ਨਿਸ਼ਚਿਤ ਨਿਗਰ ਚਮਤਕਾਰੀ ਹੱਲ ਪੇਸ਼ ਕਰਦੀਆਂ ਹਨ। ਫੇਰ ਉਹ ਸਮਾਜਕ ਮੁਕਤੀ ਲਈ ਇਹ ਤਿਆਰ-ਬਰ-ਤਿਆਰ ਯੋਜਨਾ, ਇਹ ਪਰੂਧੋਂਵਾਦੀ ਪ੍ਰਣਾਲੀ ਇਸ ਬਹਾਨੇ ਥੱਲੇ ਜਰਮਨ ਮਜ਼ਦੂਰਾਂ ਨੂੰ ਪੇਸ਼ ਕਰਦਾ ਹੈ ਕਿ ਉਹ "ਪ੍ਰਣਾਲੀਆਂ ਨੂੰ ਅਲਵਿਦਾਅ ਆਖਣਾ ਚਾਹੁੰਦਾ ਹੈ", ਜਦੋਂ ਕਿ ਮੈਂ ਇਸ ਤੋਂ "ਉਲਟਾ ਮਾਰਗ ਚੁਣਦਾ ਹਾਂ।" ਇਸ ਨੂੰ ਸਮਝਣ ਲਈ ਮੈਨੂੰ ਇਹ ਫ਼ਰਜ਼ ਕਰ ਲੈਣਾ ਚਾਹੀਦਾ ਹੈ ਕਿ ਮੈਂ ਅੰਨ੍ਹਾ ਹਾਂ ਤੇ ਮੂਲਬਰਗਰ ਬੋਲ਼ਾ ਹੈ ਤਾਂ ਜੋ ਸਾਡੇ ਵਿਚਕਾਰ ਕੋਈ ਵੀ ਸੂਝਬੂਝ ਐਨ ਅਸੰਭਵ ਹੋ ਜਾਵੇ।

ਪਰ ਇੰਨਾ ਹੀ ਕਾਫ਼ੀ ਹੈ। ਜੇਕਰ ਇਸ ਵਾਦ-ਵਿਵਾਦ ਨੇ ਹੋਰ ਸੇਵਾ ਨਾ ਵੀ ਕੀਤੀ ਹੋਵੇ, ਇਹ ਹਰ ਹਾਲਤ ਵਿੱਚ ਇਸ ਕਿਸਮ ਦੇ ਸਬੂਤ ਦਿੱਤੇ ਜਾਣ ਦੇ ਕਿ ਇਹਨਾਂ ਆਪੇ ਥਾਪੇ "ਅਮਲੀ" ਸਮਾਜਵਾਦੀਆਂ ਦੇ ਅਮਲ ਅਸਲ ਵਿੱਚ ਕੀ ਹੈ, ਮੁੱਲ ਦਾ ਜ਼ਰੂਰ ਹੈ। ਸਾਰੀਆਂ ਸਮਾਜਕ ਬੁਰਾਈਆਂ ਦੇ ਖਾਤਮੇ ਲਈ ਇਹ ਅਮਲੀ ਸੁਝਾਅ, ਇਹ ਸਰਵਵਿਆਪੀ ਸਮਾਜਕ ਅਕਸੀਰ ਹਮੇਸ਼ਾ ਤੇ ਹਰ ਥਾਂ ਉਹਨਾਂ ਮਤਾਂ ਦੇ ਮੋਢੀਆਂ ਦਾ ਕੰਮ ਦੇ ਰਹੀਆਂ ਹਨ ਜੋ ਅਜਿਹੇ ਸਮੇਂ ਪ੍ਰਗਟ ਹੋਏ ਜਦੋਂ ਪ੍ਰੋਲੇਤਾਰੀ ਲਹਿਰ ਅਜੇ ਆਪਣੇ ਬਚਪਨ ਵਿੱਚ ਹੀ ਸੀ। ਪਰੂਧੋਂ ਵੀ ਉਹਨਾਂ ਵਿੱਚ ਸ਼ਾਮਲ ਹੈ। ਪ੍ਰੋਲੇਤਾਰੀ ਦਾ ਵਿਕਾਸ ਛੇਤੀ ਹੀ ਇਹਨਾਂ ਬੰਧਨਾਂ ਨੂੰ ਵਗਾਹ ਮਾਰਦਾ ਹੈ ਅਤੇ ਖੁਦ ਮਜ਼ਦੂਰ ਜਮਾਤ ਵਿੱਚ ਇਹ ਸੂਝਬੂਝ ਪੈਦਾ ਕਰਦਾ ਹੈ ਕਿ ਇਹਨਾਂ "ਅਮਲੀ ਹਲਾਂ" ਨਾਲ਼ੋਂ, ਜੋ ਪਹਿਲੋਂ ਹੀ ਤਿਆਰ ਕੀਤੇ ਗਏ ਹਨ ਤੇ ਸਰਵਵਿਆਪੀ ਰੂਪ ਵਿੱਚ ਲਾਗੂ ਹੁੰਦੇ ਹਨ, ਘੱਟ ਅਮਲੀ ਕੋਈ ਵੀ ਹੋਰ ਚੀਜ਼ ਨਹੀਂ ਅਤੇ ਕਿ ਅਮਲੀ ਸਮਾਜਵਾਦ ਵਿੱਚ ਉਹਦੇ ਵੱਖ-ਵੱਖ ਪੱਖਾਂ ਤੋਂ ਪੈਦਾਵਾਰ ਦੇ ਪੂੰਜੀਵਾਦੀ ਢੰਗ ਦਾ ਦਰੁੱਸਤ ਗਿਆਨ ਸ਼ਾਮਲ ਹੁੰਦਾ ਹੈ। ਅਜਿਹੀ ਮਜ਼ਦੂਰ ਜਮਾਤ ਨੂੰ ਜੋ ਇਹ ਜਾਣਦੀ ਹੈ ਕਿ ਇਸ ਸਬੰਧ ਵਿਚ ਕੌਣ ਕੀ ਹੈ ਕਦੀ ਵੀ ਸ਼ੱਕ ਨਹੀਂ ਹੋ ਸਕਦਾ ਕਿ ਉਹ ਕਿਹੜੇ ਸਮਾਜਕ ਅਦਾਰੇ ਹਨ ਜੋ ਉਹਦੇ

ਮੁੱਖ ਹਮਲਿਆਂ ਦਾ ਨਿਸ਼ਾਨਾ ਹੋਣੇ ਚਾਹੀਦੇ ਹਨ ਅਤੇ ਕਿਸ ਢੰਗ ਨਾਲ਼ ਇਹ ਹਮਲੇ ਕੀਤੇ ਜਾਣੇ ਚਾਹੀਦੇ ਹਨ।

ਫ. ਏਂਗਲਜ਼ ਵੱਲੋਂ ਮਈ 1872–ਜਨਵਰੀ 1873 ਵਿੱਚ ਲਿਖਿਆ ਗਿਆ ਅਖ਼ਬਾਰ **ਦੇਰ ਵੋਲਕਸਤਾਤ** ਦੇ ਨੰਬਰਾਂ 51, 52, 53, 103 ਤੇ 104 ਵਿੱਚ 26 ਜੂਨ, 29 ਜੂਨ, 3 ਜੂਲਾਈ, 25 ਤੇ 28 ਦਸੰਬਰ, 1872 ਨੂੰ ਪ੍ਰਕਾਸਤ ਕੀਤਾ ਗਿਆ, 4 ਤੇ 8 ਜਨਵਰੀ ਅਤੇ 8 ਫਰਵਰੀ, 12, 19 ਤੇ 22 ਫਰਵਰੀ, 1973 ਦੇ ਨੰਬਰ 2, 3, 12, 13, 15 ਤੇ 16 ਵਿੱਚ ਅਤੇ 1872–73 ਵਿੱਚ ਲੀਪਜ਼ਿਗ ਵਿੱਚ ਤਿੰਨ ਵੱਖ ਵੱਖ ਭਾਗਾਂ ਵਿੱਚ

—1887 ਦੇ ਦੂਜੇ ਐਡੀਸ਼ਨ ਅਨੁਸਾਰ ਛਾਪਿਆ ਗਿਆ। ਅਖ਼ਬਾਰ ਦੇ ਪਾਠ ਨਾਲ਼ ਚੈੱਕ ਕੀਤਾ ਗਿਆ। ਜਰਮਨ ਤੋਂ ਅਨੁਵਾਦਿਤ।

**— ਸਹੀ : ਫ਼ਰੈਡਰਿਕ ਏਂਗਲਜ਼।**

* * *

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

ਕੀਮਤ - 35.00 ਰੁ.